ੴ

ਚੇਤਰ ੨੦੩੭ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥ March 1981

# ਨਿਰੀਖਿਅਕ NARIKHIAK

## ੯੧ ਵੇਂ ਆਗਮਨ ਦਿਵਸ ਤੇ ਅਟੱਲ ਪ੍ਰਤਾਪੀ ਅੰਕ

## Atal Pratapi Issue on His 91st Anniversary



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਸੰਪਾਦਕ . ਦਲੀਪ ਸਿੰਘ ਨਾਮਧਾਰੀ

ਨਾਮਧਾਰੀ ਵਿਦਿਅਕ ਜਥਾ, ਲੁਧਿਆਣਾ

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

# Your Always 1st Choice EXPORT QUALITY & Highly Dependable




TEG BRAND

**PRODUCTS**

- Universal Joint Crosses
- Universal Joint Cross Balls
- Clutch Lever Kits
- Clutch Plates



Manufactured under strict quality control in Modern Plant

*TRADE INQUARIES WELCO.*

**Manufacturers :**

Sri Satguru Jagjit Singh Ji Elibrary NamdhariElibrary@gmail.com

*Remember Always :*

A House of Engineering Works

# JAGJIT INDUSTRIES

*Manufacturers of :*

## HYDRAULIC MACHINES

Hydraulic Presses for Mechanical

TRADE MARK

PARTAP

*Such as :*

- Deep Drawing Double Action Presses
- For Harrow Discs & Pipe Poles Fabrication
- For Pressure Cookers and Drawing Hydraulic Presses for use of Rubber Industries, for Rubber Sheets, Moulding, Nylon Chappals and other Rubber Goods Moulding.

# Jagjit Industries

**Rajinder Nagar, Industrial Area, P. O. Mohan Nagar, GHAZIABAD**

Sri Satguru Jagjit Singh Ji Elibrary NamdhariElibrary@gmail.com

DEPARTMENT OF AGRICULTURE
QUALITY MARK
PUNJAB GOVT

*Approved by Department of*
**AGRICULTURE, PUNJAB GOVERNMENT**
High Class Manufacturers of :

- QUALITY WHEAT THRASHERS
- MARE SHELLERS
- FERTI SEED DRILLS AND OTHER AGRICULTURAL IMPLEMENTS.



**Trade "*JASPAL*" Mark**



ਖੇਤੀ ਬਾੜੀ ਦਾ ਵਧੀਆ ਸਾਜ਼ ਸਮਾਨ
ਅਤੇ ਮਸ਼ੀਨਾਂ ਬਨਾਉਣ ਵਾਲੇ



Grams : 'HABI INDUSTRIES'

Phone : 2737

# Habi Industries (Regd.)

***10, Industrial Area, PHAGWARA-1.***

With best compliments from :

Grams : 'OSAHAN' Phone : 24310

# T. R. Engineering Works (Regd.)

Trad T R Mark

*Manufacturers of :*

GILL BOX, AUTO LEVELLER & HIGH CLASS WOOLLEN MILLS WORSTED AND TEXTILE MACHINERY SPARE PARTS



*Specialists in :*

**GILL BOXES & GILL BOX WORKS**

ਟੀ. ਆਰ ਇੰਜੀਨੀਰਿੰਗ ਵਰਕਸ (ਰਜਿ:)

8-ਏ, ਟੈਕਸਟਾਈਲ ਕਲੋਨੀ, ਇੰਡਸਟ੍ਰੀਅਲ ਏਰੀਆ ਏ, ਲੁਧਿਆਣਾ-3

**Plot No. 8-A, Textile Coloney,**

**Industrial Area A, LUDHIANA-141003.**

Sri Satguru Jagjit Singh Ji Elibrary NamdhariElibrary@gmail.com

੧ਓ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

# RAJPAL

## THE LEADING NAME IN CONSTRUCTION MACHINERIES



*Manfactutrers of :*

- Concrete Mixers of All Sizes
- Lime Mortar Mills
- Vibrators of All Types
- Tower Hoists
- Steel Scrap Bailing Hydraulic Presses
- Spare Parts of All Makes Concrete Mixers.



## *BALWANT SINGH & SONS*

*Factory :*
A-23, Maya Puri Phase-2
Opp. C-70, NEW DELHI-110064

*Office :*
4E/11, Jhandewalan Ext.
NEW DELHI-110055

Phones : Fact. 501973, Offi., 529033 Resi. 505454

ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

# ਨਿਰੀਖਿਅਕ

ਮਾਰਚ, 1981 ਅੰਕ : ਸਤਵਾਂ ਜਿਲਦ : ਪਹਿਲੀ

ਸੰਪਾਦਕ :
**ਦਲੀਪ ਸਿੰਘ ਨਾਮਧਾਰੀ**

ਅਜੀਤ ਸਿੰਘ
ਸੁਖਵਿੰਦਰ ਸਿੰਘ

ਪ੍ਰਕਾਸ਼ਨ :
ਨਾਮਧਾਰੀ ਵਿਦਿਅਕ ਜਥਾ,
ਲੁਧਿਆਣਾ

ਪਤਾ :
ਈ-25, ਫੋਕਲ ਪੌਆਇੰਟ,
ਲੁਧਿਆਣਾ-141010

ਕੀਮਤ ਫ਼ੀ ਕਾਪੀ :
**ਪੰਜ ਰੁਪਏ**

## ਕੀ ਕਿੱਥੇ

| | | | |
|---|---|---|---|
| 1. | ਸੰਪਾਦਕੀ | ਦਲੀਪ ਸਿੰਘ ਨਾਮਧਾਰੀ | ੳ |
| 2. | ਲੈਗਜਿੰਗਟਨ ਅਮਰੀਕਾ | | ਸ |
| 3. | ਗਊ-ਗਰੀਬ ਦੇ ਪਾਲਕ | ਸ੍ਰੀ ਮਹਾਰਾਜ ਬੀਰ ਸਿੰਘ ਜੀ | 1 |
| 4. | ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਜੀ ਦੀਆਂ ਕਾਮਧੇਨੀ-ਸੱਧਰਾਂ | ਆਤਮਾ ਸਿੰਘ ਜੀ ਸਨਖ਼ਤ੍ਰਵੀ | 9 |
| 5. | ਅਪੂਰਬ-ਅਨੰਦ | ਸੰਤੋਖ ਸਿੰਘ ਜੀ | 15 |
| 6. | ਮਹਿੰਦੀ ਸ਼ਗਨਾਂ ਦੀ | ਮਾ: ਨਿਹਾਲ ਸਿੰਘ ਜੀ | 20 |
| 7. | ਸਿਖ ਇਤਿਹਾਸ ਬਾਰੇ | ਸ੍ਰੀ ਮਹਾਰਾਜ ਬੀਰ ਸਿੰਘ ਜੀ | 23 |
| 8. | ਦਹੀਂ ਇਕ ਦਵਾ | ਪੰਮੀ ਗੁਪਤਾ | 35 |
| 9. | ਯਾਦ ਰਹੇਗਾ ਸਦਾ ਪਿਆਰ ਤੇਰਾ (ਕਵਿਤਾ) | ਮਾ: ਕਰਤਾਰ ਸਿੰਘ ਪੰਛੀ | 37 |
| 10. | ਵੱਡਾ ਪ੍ਰਤਾਪ ਡਿੱਠਾ ਵੱਡੇ ਪ੍ਰਤਾਪੀ ਦਾ (ਕਵਿਤਾ) | ਬੀਬੀ ਸਤਨਾਮ ਕੌਰ | 38 |
| 11. | ਕੁਦਰਤੀ ਇਲਾਜ ਪ੍ਰਣਾਲੀ | ਚੰਦਰ ਦੀਪ ਵਰਮਾ | 40 |
| 12. | ਬੁਲ੍ਹੇਸ਼ਾਹ ਅਤੇ ਉਹਦੇ ਅਲੰਕਾਰ | ਪ੍ਰੋ: ਇੰਦਰਜੀਤ ਕੌਰ | 42 |
| 13. | ਭੇਟਾ | ਰਮੇਸ਼ ਮਨਹੋਰਾ | 44 |
| 14. | The Awakeing of (English) | Sukhdarshm Singh | 45 |
| 15. | Teaching of Satguru Partap Singh Ji | Master Nihal Singh Ji | 47 |
| 16. | ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਿੱਖ ਦੀ ਕਰਾਮਾਤ | ਡਾ: ਦਰਸ਼ਨ ਸਿੰਘ | 50 |
| 17. | ਮਹਾਰਾਜਾ ਰਣਜੀਤ ਸਿੰਘ | ਸ੍ਰੀ ਮਹਾਰਾਜ ਬੀਰ ਸਿੰਘ ਜੀ | 52 |
| 18. | ਨਾਮ-ਧਨ | ਹਰਦੇਵ ਸਿੰਘ ਨਾਮਧਾਰੀ | 58 |
| 19. | ਦਾਜ-ਦਹੇਜ ਇਕ ਅਭਿਸ਼ਾਪ | ਬੀਬੀ ਰਜਵੰਤ ਕੌਰ | 61 |
| 20. | ਔਰਤ ਤੂੰ ਮਹਾਨ (ਕਵਿਤਾ) | ਤੇਗ ਬਹਾਦਰ ਸਿੰਘ 'ਤੇਗ' | 63 |
| 21. | ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਮਨ ਸਮੇਂ ਦੇ ਕੁਝ ਜ਼ਰੂਰੀ ਅੰਕੜੇ (ਸੰਖੇਪ ਵਿਚ) | ਸ੍ਰੀ ਮਹਾਰਾਜ ਬੀਰ ਸਿੰਘ ਜੀ | 64 |
| 22. | ਨਿਰੀਖਿਅਕ : ਇਕ ਪੰਥਕ ਸੇਵਾ | ਦਲੀਪ ਸਿੰਘ ਨਾਮਧਾਰੀ | 68 |

**ਨੋਟ**—ਲੇਖਕਾਂ ਦੇ ਹਰ ਵੀਚਾਰ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ।

Sri Satguru Jagjit Singh Ji Elibrary NamdhariElibrary@gmail.com

Statement about the ownership and other particulars about the newspaper/magazine Nirikhiak to be published in the first issue every year

## FORM IV

(See Rule 8)

| | | |
|---|---|---|
| 1. | Place of Publication | — Ludhiana. |
| 2. | Periodicity of Publication | — Half Yearly |
| 3. | Printer's Name | — Dalip Singh |
| | Whether citizen of India | — Yes |
| | If foreigner, state the country of origin | — N. A. |
| | Address | — E-25, Focal Point, Ludhiana. |
| 4. | Publisher's Name | — Dalip Singh |
| | Whether citizen of India | — Yes |
| | If foreigner, state the country of origin | — N. A. |
| | Address | — E-25, Focal Point, Ludhiana. |
| 5. | Editor's Name | — Dalip Singh |
| | Whether citizen of India | — Yes |
| | If foreigner, state the country of origin | — N. A. |
| | Address | — E-25, Focal Point, Ludhiana. |
| 6. | Name and Address of individuals who own the newspaper and partner or shareholders holding more than one percent of the total capital | — Namdhari Vidiak Jatha, Ludhiana |

I, Dalip Singh, here by declare that the particulars given above are true to the best of my knowledge and belief.

Signature of Publisher
Sd./- Dalip Singh

ਸੰਪਾਦਕੀ :

# ਨਿਰੀਖਿਅਕ ਦਾ

# ਵਡ ਪ੍ਰਤਾਪੀ ਅੰਕ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਤੋਂ ਬਾਅਦ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਗੁਰੂ ਨਾਨਕ ਦੀ ਸਿੱਖੀ ਰੂਪ ਫੁਲਵਾੜੀ ਜਿਸਨੂੰ ਮੁੜ ਖੰਡੇ ਦਾ ਅੰਮ੍ਰਿਤ ਛਕਾ ਕੇ ਸੁਰਜੀਤ ਕੀਤਾ ਗਿਆ ਸੀ ਨੂੰ ਬੜੀ ਸੀਤਲਤਾਈ ਨਾਲ ਹਰਾ ਭਰਾ ਰਥ ਰਖੇ ਸਨ। ਅੰਗਰੇਜ਼ ਨੇ ਨਾਮਧਾਰੀਆਂ ਦੇ ਕੇਂਦਰ ਸ੍ਰੀ ਭੈਣੀ ਸਾਹਿਬ ਵਿਖੇ ਖਾਸ ਤੌਰ ਤੇ ਅਤੇ ਬਾਕੀ ਨਾਮਧਾਰੀ ਸੰਸਥਾਨਾ ਤੇ ਆਮ ਤੌਰ ਤੇ ਬਹੁਤ ਸਖਤ ਪਾਬੰਦੀ ਲਾਈ ਹੋਈ ਸੀ। ਸ੍ਰੀ ਭੈਣੀ ਸਾਹਿਬ ਵਿਖੇ ਤਾਂ ਪੁਲੀਸ ਦੀ ਚੌਕੀ ਹੀ ਬਿਠਾ ਛੜੀ ਸੀ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਦੌਰਿਅ ਤੇਂ ਪਾਬੰਦੀ ਨਾਮਧਾਰੀਆਂ ਦੇ ਦੀਵਾਨਾਂ ਤੇ ਪਾਬੰਦੀ, ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਤੇ ਪਾਬੰਦੀ, ਆਖੰਡ ਪਾਠ ਕਰਨ ਤੇ ਪਾਬੰਦੀ ਭਾਵ ਹਰ ਪਾਸੇ ਪਾਬੰਦੀ ਹੀ ਪਾਬੰਦੀ ਸੀ। ਇਕ ਪਾਸੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਦਾ ਦੁਖ, ਦੂਜੇ ਪਾਸੇ ਅੰਗਰੇਜ਼ ਸਰਕਾਰ ਦੀ ਸਖ਼ਤੀ। ਇਨ੍ਹਾਂ ਸਖਤੀਆਂ ਤੇ ਪਾਬੰਦੀਆਂ ਦਾ ਖ਼ਾਤਮਾ ਉਦੋਂ ਹੋਇਆ ਜਦੋਂ ਸ੍ਰੀ ਮਾਤਾ ਜੀਵਨ ਕੌਰ ਜੀ ਦੀ ਕੁਖੋਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਗ੍ਰਿਹਿ ਵਿਖੇ ਛੋਟੇ ਜਿਹੇ ਬਾਲਕ ਨੇ ਚੇਤ ਵਦੀ ੩ ਬਿਕ੍ਰਮੀ ੧੯੪੬ ਨੂੰ ਪ੍ਰਗਟ ਹੋਕੇ ਸ੍ਰੀ ਭੈਣੀ ਸਾਹਿਬ ਨੂੰ ਭਾਗ ਲਾਇਆ।

ਇਸ ਸਮੇਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਕਹੇ ਹੋਏ ਇਨ੍ਹਾਂ ਸ਼ਬਦਾਂ ਅਨੁਸਾਰ ਕਿ ਇਹ ਵਡ-ਪ੍ਰਤਾਪੀ ਬਣਕੇ ਸੰਸਾਰ ਦੇ ਜੀਆਂ ਨੂੰ ਨਵਾਂ ਚਾਨਣ ਵਿਖਾਵੇਗਾ ਅਤੇ ਇਨ੍ਹਾਂ ਦਾ ਨਾਮ ਪ੍ਰਤਾਪ ਸਿੰਘ ਰਖਿਆ ਹੈ।

ਸਤਾਰਾਂ ਸਾਲ ਦੀ ਅਵਸਥਾ ਵਿਚ ਹੀ ਆਪ ਜੀ ਨੂੰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਜੇਠ ਵਦੀ ਦਸਵੀਂ ੧੯੬੩ ਨੂੰ ਸਚ ਖੰਡ ਪਧਾਰ ਜਾਣ ਤੇ ਗੁਰਿਆਈ ਦਾ ਤਿਲਕ ਲਗ ਗਿਆ ਅਤੇ ਦੀਪਕ ਤੋਂ ਦੀਪਕ ਪ੍ਰਗਾਸ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਹੋ ਗਏ।

ਸ਼ੁਰੂ ਤੋਂ ਲੈਕੇ ਅੰਤ ਤੀਕ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹੋ ਜਿਹਾ ਜੀਵਨ ਬਤੀਤ ਕੀਤਾ ਕਿ ਇਸ ਬਾਰੇ ਪੜ੍ਹ, ਸੁਣ ਤੇ ਵੇਖਕੇ "ਆਪ ਨਾਰਾਇਣ ਕਲਾ ਧਾਰ ਜਗ ਮਹਿ ਪਰਵਰਿਓ" ਦੇ ਗੁਰਵਾਕ ਅਨੁਸਾਰ ਹੀ ਪ੍ਰਤੀਤ ਹੁੰਦੇ ਰਹੇ।

ਜਿਥੇ ਬਾਣੀ ਪੜ੍ਹਨ ਦਾ ਹਰ ਸਿੱਖ ਮਾਈ-ਭਾਈ ਨੂੰ ਤਾਕੀਦੀ ਹੁਕਮ ਸੀ ਉਥੇ ਆਪ ਨਾਮ ਸਿਮਰਨ ਕਰਨ



Sri Satguru Jagjit Singh Ji Elibrary NamdhariElibrary@gmail.com

ਤੇ ਪੂਰਾ ਬਲ ਦਿਆ ਕਰਦੇ ਸਨ । ਆਦਿ ਗ੍ਰੰਥ ਸਾਹਿਬ ਦੇ ਲੱਖਾਂ ਤੇ ਦਸਮ ਗ੍ਰੰਥ ਦੇ ਹਜ਼ਾਰਾਂ ਪਾਠ ਸਿਖਾਂ ਪਾਸੋਂ ਕਰਵਾਏ । ਮਹਾਨ ਯਗ ਚੰਡੀ ਦੀ ਵਾਰ ਦੇ ਪਾਠ ਕਰਵਾਏ ।

ਨਾਮ-ਬਾਣੀ ਦੇ ਪ੍ਰਵਾਹ ਨੇ ਅਨੇਕਾਂ ਹੀ ਸੰਤ ਪੈਦਾ ਕੀਤੇ ਜਿਨ੍ਹਾਂ ਨੇ ਆਪ ਗੁਰਬਾਣੀ ਨੂੰ ਅੰਦਰ ਵਸਾਇਆ ਅਤੇ ਅਮਲੀ ਜੀਵਨ ਜੀਵਿਆ । ਸੰਤ ਲਾਲ ਸਿੰਘ ਜੀ ਭੂਰੇ ਗਿਲ, ਸੰਤ ਭਗਤ ਸਿੰਘ ਜੀ ਦਾਤੇਵਾਲ, ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤਾ, ਸੰਤ ਸੁੰਦਰ ਸਿੰਘ ਜੀ ਪੂੰਗਾਂ ਵਾਲੇ, ਸੰਗੀਤਕਾਰ ਸੰਤ ਹਰਨਾਮ ਸਿੰਘ ਜੀ । ਜਦੋਂ ਦੀਵਾਨ ਜਾਂ ਕੀਰਤਨ ਹੋਇਆ ਕਰਨਾ ਤਾਂ ਇਨ੍ਹਾਂ ਦੇਵਤਿਆਂ ਦੀ ਸਭਾ ਨੂੰ ਨਿਮਸ਼ਕਾਰ ਕਰਨ ਲਈ ਹਰ ਕੋਈ ਤਤਪਰ ਰਹਿੰਦਾ ਸੀ । ਸਾਡੇ ਹੋ ਚੁਕੇ ਮਹਾਨ ਤਪਸਵੀ ਸੰਤ ਕੇਸਰ ਸਿੰਘ ਜੀ ਮੁਹਾਵੇ ਵਾਲੇ, ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲੇ ਸੰਤ ਕੇਸਰ ਸਿੰਘ ਜੀ ਚੁੱਪ ਜਿਨ੍ਹਾਂ ਨੇ ਨਾਮਧਾਰੀ ਪੰਥ ਨੂੰ ਚੜ੍ਹਦੀ ਕਲਾ ਤੇ ਇਸਦੀ ਮਹਿਕ ਨੂੰ ਦੂਰ ਦੂਰ ਤਕ ਪਹੁੰਚਾਇਆ । ਸੰਤ ਨੱਥਾ ਸਿੰਘ ਜੀ ਪਤੰਗ, ਸੰਤ ਹਜ਼ੂਰਾ ਸਿੰਘ ਜੀ ਭੂਰੀ ਵਾਲੇ, ਸੰਤ ਅਤਰ ਸਿੰਘ ਜੀ, ਸੰਤ ਸੁੰਦਰ ਸਿੰਘ ਜੀ ਭੂਰੀ ਵਾਲੇ, ਭਾਈ ਵਜੀਰ ਸਿੰਘ ਜੀ ਤੇ ਭਾਈ ਰਤਨ ਸਿੰਘ ਜੀ ਹਜ਼ੂਰੀ ਸੇਵਕ ਅਤੇ ਹੋਰ ਕਿੰਨਿਆਂ ਹੀ ਉੱਚ ਮਹਾਤਮਾਵਾਂ ਨੇ ਇਸ ਸਿੱਖੀ ਰੂਪ ਫੁਲਵਾੜੀ ਨੂੰ ਆਪਣੇ ਪਿਆਰ ਤੇ ਪ੍ਰਚਾਰ ਰਾਹੀਂ ਹੋਰ ਵੀ ਸੁੰਦਰ ਬਣਾਇਆ ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਰੋਸਾਏ ਹੋਏ ਸੰਤ ਪ੍ਰੀਤਮ ਸਿੰਘ ਜੀ ਪੱਦੀ ਵਾਲੇ ਜੋ ਕਿ ਵਾਰੇ ਵਾਲੇ ਕਰਕੇ ਮਸ਼ਹੂਰ ਹਨ ਅਜ ਕਲ ਫਗਵਾੜੇ ਨਿਵਾਸ ਰਖਦੇ ਹਨ, ਪੰਡਿਤ ਗੋਪਾਲ ਸਿੰਘ ਜੀ ਜਿਨ੍ਹਾਂ ਦੀ ਵਿਦਵਤਾ ਨੂੰ ਸਾਰਾ ਨਾਮਧਾਰੀ ਪੰਥ ਜਾਣਦਾ ਹੈ, ਸੰਤ ਨਿਧਾਨ ਸਿੰਘ ਜੀ 'ਆਲਿਮ' ਜੋ ਗੁਣਾਂ ਦੇ ਭੰਡਾਰੇ ਸਨ, ਸੰਤ ਇੰਦਰ ਸਿੰਘ ਜੀ ਚਕਰਵਰਤੀ, ਸ੍ਰੀ ਪ੍ਰੀਤਮ ਸਿੰਘ ਜੀ ਕਵੀ, ਸੰਤ ਮੰਗਲ ਸਿੰਘ ਜੋ ਲਾਇਲਪੁਰੀ ਇਨ੍ਹਾਂ ਨੇ ਨਾਮਧਾਰੀ ਇਤਿਹਾਸ ਨੂੰ ਉਜਾਗਰ ਕਰਨ ਹਿਤ ਜਿਥੇ ਲਾਹੌਰ ਤੋਂ ਸਤਿਜੁਗ ਅਖਬਾਰ ਕਢਿਆ ਗਿਆ ਉਥੇ ਖੋਜ ਭਰਪੂਰ ਪੁਸਤਕਾਂ ਵੀ ਸਾਨੂੰ ਦਿਤੀਆਂ । ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇਸ ਜਤਨ ਵਿਚ ਮਹਾਰਾਜ ਗੁਰਦਿਆਲ ਸਿੰਘ ਜੀ ਨੇ ਵੀ ਕਾਫੀ ਹਿੱਸਾ ਪਾਇਆ ਅਤੇ ਇਹੀ ਵਜ੍ਹਾ ਸੀ ਜੁ ਉਦੋਂ ਦੇ ਨੇਤਾਵਾਂ ਨੂੰ ਜਦੋਂ ਇਹ ਪਤਾ ਲਗਾ ਕਿ ਪੰਜਾਬ ਦੇ ਇਕ ਨਿਕੇ ਜਿਹੇ ਪਿੰਡ ਭੈਣੀ ਸਾਹਿਬ ਤੋਂ ਆਜ਼ਾਦੀ ਦੀ ਜੋ ਚਿਣਗ ਉੱਠੀ ਸੀ ਉਸੇ ਨਾ-ਮਿਲਵਰਤਣ ਲਹਿਰ ਨੂੰ ਹੀ ਅਪਣਾ ਕੇ ਅਸੀਂ ਦੇਸ਼ ਆਜ਼ਾਦ ਕਰਾ ਸਕਦੇ ਹਾਂ ਤਾਂ ਇਸ ਸਬੰਧ ਵਿਚ ਡਾ. ਰਜਿੰਦਰ ਪ੍ਰਸ਼ਾਦ ਜੀ, ਪੰਡਿਤ ਜਵਾਹਰ ਲਾਲ ਨਹਿਰੂ ਜੀ ਅਤੇ ਹੋਰ ਕਿੰਨੇ ਹੀ ਦੇਸ਼ ਸੇਵਕ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਅਗਵਾਈ ਲੈਂਦੇ ਰਹੇ । ਭਾਵੇਂ ਕਿੰਨੇ ਹੀ ਸਿੱਖ ਸਰਦਾਰ ਅੰਗਰੇਜ਼ ਦੀ ਵਫ਼ਾਦਾਰੀ ਪਾਲ ਰਹੇ ਸੀ ਪਰ ਸਤਿਗੁਰੂ ਜੀ ਦੇ ਨਾਮ-ਬਾਣੀ ਦੇ ਪ੍ਰਵਾਹ ਨੇ ਨਾਮਧਾਰੀ ਸਿੱਖਾਂ ਦੇ ਮਨ ਏਨੇ ਬਲਵਾਨ ਕਰ ਦਿਤੇ ਹੋਏ ਸਨ ਅਤੇ ਆਚਰਨ ਪਖੋਂ ਇੰਨੇ ਉੱਚੇ ਤੇ ਸੁਚੇ ਬਣ ਗਏ ਹੋਏ ਸੀ ਕਿ ਸਚਾਈ ਜ਼ਾਹਿਰ ਕਰਦਿਆਂ ਰੱਤਾ ਵੀ ਡੋਲਦੇ ਤਕ ਨਹੀਂ ਸਨ । ਕਿੰਨੇ ਹੀ ਨਾਮਧਾਰੀ ਦੇਸ਼ ਆਜ਼ਾਦ ਹੋਣ ਤੀਕ ਜੇਹਲਾਂ ਵਿਚ ਰਹੇ ਪਰ ਕਦੇ ਸੀ ਤਕ ਨਹੀਂ ਕੀਤੀ ।

ਸਤਿਗੁਰੂ ਪ੍ਰਤਾਪ ਸਿੰਘ ਜੀ ਨਾਮਧਾਰੀਆਂ ਨੂੰ ਸਿਹਤ ਪਖੋਂ ਤੰਦਰੁਸਤ ਵੇਖਣ ਦੇ ਇਛੁਕ ਸਨ । ਸਤਿਗੁਰੂ ਜੀ ਜ਼ਿਆਦਾ ਸਮਾਂ ਨਹਿਰ (ਸ੍ਰੀ ਭੈਣੀ ਸਾਹਿਬ) ਤੇ ਹੀ ਬਿਤਾਉਂਦੇ ਜਿਥੇ ਕਿ ਅਖਾੜਾ ਬਣਾਇਆ ਹੋਇਆ ਸੀ । ਸੂਬਾ ਗੁਰਬਖਸ਼ ਸਿੰਘ ਜੀ, ਭਾਈ ਵਜ਼ੀਰ ਸਿੰਘ ਜੀ ਇਸ ਅਖਾੜੇ ਵਿਚ ਸਤਿਗੁਰੂ ਜੀ ਨਾਲ ਘੁਲਿਆ ਕਰਦੇ ਸੀ । ਕਦੇ ਕਦੇ ਮਾਘਾ ਸਿੰਘ ਆਲੋਵੜੀਆਂ ਵੀ ਘੁਲਿਆ ਕਰਦਾ ਹੁੰਦਾ ਸੀ । ਸੰਤ ਹਰਨਾਮ ਸਿੰਘ ਜੀ ਨਥਾਣੀਏ ਵਾਲੇ ਸਤਿਗੁਰੂ ਜੀ ਨਾਲ ਗਤਕਾ ਖੇਡਿਆ ਕਰਦੇ ਸੀ । ਸਤਿਗੁਰੂ ਜੀ ਦੇ ਨਾਲ ਰਹਿਣ ਵਾਲੇ ਸਾਰੇ ਸਿੱਖ ਦਰਸ਼ਨੀ ਸਿੱਖ



Sri Satguru Jagjit Singh Ji Elibrary NamdhariElibrary@gmail.com

ਸਨ। ਸਰੀਰ ਤਕੜਾ ਹੋਣ ਨਾਲ ਸਭੇ ਧਰਮ ਕਰਮ ਪੂਰੇ ਹੋ ਸਕਦੇ ਹਨ ਇਹੀ ਨੇਮ ਸਿੱਖਾਂ ਨੂੰ ਦ੍ਰਿੜ ਕਰਾਇਆ।

ਗੁਰੂ ਨਾਨਕ ਦੇ ਨਾਮ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੀ ਸਿੱਖਾਂ ਤੋਂ ਕਰਵਾਣ ਦਾ ਬੀੜਾ ਚੁਕਿਆ। ਬਿਕਰਮੀ ੧੯੮੧ ਤੋਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾ ਨਮਿਤ ਘਿਓ ਦੀ ਜੋਤ ਜਗਾ ਕੇ ਭਜਨ ਦੀ ਵਰਨੀ ਆਰੰਭੀ ਜੋ ਸੁੱਚ, ਸੋਧ, ਮਰਯਾਦਾ ਨਾਲ ਅਜ ਤਕ ਇਕ ਰਸ ਜਾਰੀ ਹੈ। ਸੰਗਤ ਨੂੰ ਹੁਕਮ ਕੀਤਾ ਕਿ "ਚੌਵੀ ਘੰਟਿਆਂ ਵਿਚੋਂ ਇਕ ਘੰਟਾ ਜੋ ਨਾਮ ਸਿਮਰਨ ਕਰਦਾ ਰਹੇਗਾ ਉਸਦਾ ਜ਼ਿਮੇਵਾਰ ਦਰਗਾਹ ਵਿਚ ਮੈਂ ਹੋਵਾਂਗਾ।"

ਆਦਿ ਗਰੰਥ ਦੀ ਬਾਣੀ ਦੇ ਨਾਲ ਦਸਮ ਬਾਣੀ ਨੂੰ ਪੂਰਾ ਮਹਤ੍ਵ ਦੇਣ ਵਾਲੇ ਸਤਿਗੁਰੂ ਪ੍ਰਤਾਪ ਸਿੰਘ ਜੀ ਹੀ ਸਨ। ਨਾਮਧਾਰੀ ਨਿਤਨੇਮ ਗੁਟਕੇ ਛਪਵਾਕੇ ਸਿੱਖਾਂ ਨੂੰ ਦਿਤੇ ਅਤੇ ਚੰਡੀ ਦੀ ਵਾਰ ਦਾ ਪਾਠ ਹਰ ਰੋਜ਼ ਸੂਰਜ ਦੀ ਟਿੱਕੀ ਨਿਕਲਦੇ ਭੋਗ ਪਾਉਣ ਲਈ ਹੁਕਮ ਕੀਤਾ। ਦਸਮ ਗਰੰਥ ਦੇ ਆਖੰਡ ਪਾਠ ਵੀ ਮਰਯਾਦਾ ਨਾਲ ਹੁੰਦੇ ਰਹੇ। ਬਾਣੀ ਸ਼ੁਧ ਤੇ ਸਪਸ਼ਟ ਸੁਨਣ ਵਾਸਤੇ ਮੁਕਾਬਲੇ ਕਰਾਇਆ ਕਰਦੇ ਸੀ ਅਤੇ ਇਨਾਮ ਦੇ ਕੇ ਹੌਂਸਲੇ ਵਧਾਇਆ ਕਰਦੇ ਸੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਨੇਕਾਂ ਗੁਣ ਜੋ ਕਥਨ ਤੋਂ ਬਾਹਰੇ ਹਨ। ਅਜ ਇਹੀ ਗੁਣ ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਿਚ ਵਿਦਮਾਨ ਹਨ। ਉਵੇਂ ਹੀ ਹਰ ਪਾਸਿਓਂ ਸਿੱਖੀ ਨੂੰ ਤਕੜਾ ਮਰਨ ਲਈ ਹਰ ਸਮੇਂ ਤਤਪਰ ਰਹਿੰਦੇ ਹਨ। ਸੰਗੀਤ ਕਲਾ ਵਿਚ ਜੋ ਪ੍ਰਵੀਣਤਾ ਸਤਿਗੁਰੂ ਜਗਜੀਤ ਸਿੰਘ ਜੀ ਨੇ ਪਾਈ ਹੈ ਸ਼ਾਇਦ ਹੀ ਅਜ ਤਕ ਕੋਈ ਹੋਰ ਪਾ ਸਕਿਆ ਹੋਵੇ। ਵੱਡੇ ਵੱਡੇ ਉਸਤਾਦ ਵੀ ਆਪ ਜੀ ਦੀ ਵਿਦਵਤਾ ਅਗੇ ਸਿਰ ਨਿਵਾਉਂਦੇ ਹਨ। ਨੌਜਵਾਨਾਂ ਨੂੰ ਖੇਡਾਂ ਵਿਚ ਪਰਪੱਕ ਕਰਨ ਦੇ ਕਿੰਨੇ ਚਾਹਵਾਨ ਹਨ ਇਹ ਅਜ ਅਸੀਂ ਹਾਕੀ ਦੀ ਟੀਮ ਵਾਲੇ ਬਚਿਆਂ ਤੋਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਕਿਵੇਂ ਅਜ ਇਨ੍ਹਾਂ ਬਚਿਆਂ ਨੇ ਨਹਿਰੂ ਮੈਮੋਰੀਅਲ ਹਾਕੀ ਚੈਂਪਿਅਨਸ਼ਿਪ ਜਿਤ ਕੇ ਭਾਰਤ ਵਾਸੀਆਂ ਨੂੰ ਚਕ੍ਰਿਤ ਕਰ ਦਿਤਾ ਹੈ। ਜਿਥੇ ਧਾਰਮਿਕ ਤੌਰ ਤੇ ਸਿੱਖਾਂ ਨੂੰ ਹਰ ਘਰ ਪ੍ਰਤੀ ਇਕ ਮਹੀਨੇ ਦਾ ਇਕ ਪਾਠ ਕਰਕੇ ਦੇਣ ਦਾ ਹੁਕਮ ਕਰਕੇ ਪਕਿਆਂ ਕਰ ਰਹੇ ਹਨ ਉਥੇ ਰਾਜਨੀਤਕ ਤੌਰ ਤੇ ਸ੍ਰ: ਹਰਵਿੰਦਰ ਸਿੰਘ ਹੰਸਪਾਲ ਜੀ ਨੂੰ ਮੈਂਬਰ ਪਾਰਲੀਮੈਂਟ ਬਣਾਕੇ ਦੱਸ ਦਿਤਾ ਹੈ ਕਿ ਨਾਮਧਾਰੀ ਕਿਸੇ ਪਖੋਂ ਵੀ ਊਣੇ ਨਹੀਂ।

ਇਹ ਸਭ ਕੁਝ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹੀ ਦੇਣ ਹੈ "ਜੋਤਿ ਉਹਾ ਜੁਗਤ ਉਹੀ ਸਹਿ ਕਾਇਆ ਫੇਰ ਪਲਟੀਐ" ਵਾਲੀ ਹੀ ਗਲ ਹੈ। ਨਿਰੀਖਿਅਕ ਦਾ ਇਹ ਅੰਕ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਿਮਰਤੀ ਨੂੰ ਸਮਰਪਤ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੀ ਮਿਹਰੰਮਤ ਇਸ ਤੇ ਰਹੇ ਅਤੇ ਇਹ ਹੋਰ ਵੀ ਨਿੱਖਰ ਕੇ ਬਣ-ਸੰਵਰ ਕੇ ਆਪ ਜੀ ਦੀ ਸੇਵਾ ਵਿਚ ਹਾਜ਼ਰ ਹੁੰਦਾ ਰਹੇ।

—ਦਲੀਪ ਸਿੰਘ ਨਾਮਧਾਰੀ



Sri Satguru Jagjit Singh Ji Elibrary NamdhariElibrary@gmail.com

# ਲੈਗਜਿੰਗਟਨ (ਅਮਰੀਕਾ)

ਲੈਗਜਿੰਗਟਨ (ਅਮਰੀਕਾ) ਵਿਖੇ ਸੇਠ ਤਰਲੋਕ ਸਿੰਘ ਜੀ ਦਾ ਘੋੜਿਆਂ ਦਾ ਫਾਰਮ 166 ਏਕੜ ਦਾ ਹੈ ਜਿਥੇ ਸੇਠ ਜੀ ਦੇ ਸਪੁਤਰ ਸੇਠ ਬਲਦੇਵ ਸਿੰਘ ਜੀ ਬੜੇ ਸੁਯੋਗ ਤਰੀਕੇ ਨਾਲ ਪ੍ਰਬੰਧ ਕਰ ਰਹੇ ਹਨ। ਬੀਤੇ ਸਤੰਬਰ 1980 ਨੂੰ ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਮਰੀਕਾ ਦੇ ਦੌਰੇ ਤੇ ਗਏ ਤਾਂ ਆਪ ਜੀ ਸੇਠ ਜੀ ਦੇ ਫਾਰਮ ਲੈਗਜਿੰਗਟਨ ਵਿਖੇ ਪਧਾਰੇ। ਸੇਠ ਜੀ ਦੇ ਫਾਰਮ ਦੇ ਨਾਲ ਹੀ ਸ੍ਰੀ ਮੈਡਨਜ਼ (Mr. Maddens) ਦਾ ਸ਼ਹਿਰੀ ਏਰੀਏ 'ਚ 2000 ਏਕੜ ਦਾ ਬਹੁਤ ਹੀ ਵੱਡਾ ਘੋੜਿਆਂ ਦਾ ਫਾਰਮ ਹੈ। ਸੇਠ ਬਲਦੇਵ ਸਿੰਘ ਜੀ ਦੇ ਮਿ. ਮੈਡੇਨਜ਼ ਨਾਲ ਕਾਫ਼ੀ ਮਿਤਰਤਾ ਵਾਲੇ ਸਬੰਧ ਹੋਣ ਕਰਕੇ ਉਹ ਵੀ ਦਰਸ਼ਨ ਕਰਨ ਲਈ ਆਏ।

ਸੇਠ ਜੀ ਨੇ ਦਸਿਆ ਕਿ ਇਨ੍ਹਾਂ ਦੇ ਫਾਰਮ ਦੀ ਇਸ ਵੇਲੇ ਭਾਵੇਂ ਕਾਫ਼ੀ ਕੀਮਤ ਹੈ ਅਤੇ ਇਹ ਸੁਝਾਓ ਕਿ ਇਸ ਫਾਰਮ ਦੇ ਪਲਾਟ ਬਣਾ ਕੇ ਵੇਚੇ ਜਾਣ ਕਾਫ਼ੀ ਲੋਕਾਂ ਵਲੋਂ ਉਸ ਨੂੰ ਆਏ ਹਨ। ਪਰ ਮਿ: ਮੈਡੇਨਜ਼ ਦਾ ਇਹੀ ਜਵਾਬ ਉਨ੍ਹਾਂ ਨੂੰ ਮਿਲਦਾ ਰਿਹਾ ਹੈ ਕਿ ਇਹ ਮੇਰੇ ਵਡੇ ਵਡੇਰਿਆਂ ਨੇ ਜਿਸ ਮੰਤਵ ਲਈ ਖਰੀਦਿਆਂ ਸੀ ਇਸ ਨੂੰ ਉਸੇ ਮੰਤਵ ਲਈ ਹੀ ਵਰਤਾਂਗਾ।

ਜਦੋਂ ਸ੍ਰੀ ਸਤਿਗੁਰੂ ਜੀ ਨੂੰ ਬੇਨਤੀ ਕਰਕੇ ਆਪਣੇ ਫਾਰਮ ਵਿਖੇ ਲੈ ਗਿਆ ਤਾਂ ਕੁਝ ਛਕਣ ਲਈ ਬੇਨਤੀ ਕੀਤੀ। ਸ੍ਰੀ ਸਤਿਗੁਰੂ ਜੀ ਹੁਕਮ ਕੀਤਾ ਕਿ ਮੈਂ ਉਸਦੇ ਹੱਥ ਦਾ ਜਾਂ ਘਰ ਦਾ ਬਿਲਕੁਲ ਹੀ ਨਹੀਂ ਛਕਦਾ ਜਿਸਨੇ ਮਾਸ, ਸ਼ਰਾਬ, ਤੰਬਾਕੂ ਆਦਿ ਛੱਡ ਕੇ ਭਜਨ ਨ ਪੜ੍ਹਿਆ ਹੋਵੇ।

ਸੋ ਸਤਿਗੁਰੂ ਜੀ ਦਾ ਇਹ ਬਚਨ ਸੁਣਕੇ ਉਹ ਉਸ ਵੇਲੇ ਚੁੱਪ ਕਰ ਗਿਆ। ਕਿਸੇ ਨੂੰ ਕੁਝ ਨਹੀਂ ਕਿਹਾ। ਪਰ ਫਿਰ ਦਸੰਬਰ 1980 ਦੇ ਮਹੀਨੇ ਵਿਚ ਸੇਠ ਬਲਦੇਵ ਸਿੰਘ ਜੀ ਨੂੰ ਉਚੇਚਾ ਮਿਲਕੇ ਆਖਿਆ ਕਿ ਮੈਂ ਸਿਗਰੇਟ ਪੀਣੀ ਤਾਂ ਛੱਡ ਦਿਤੀ ਹੋਈ ਹੈ ਜਿਸ ਦਿਨ ਤੋਂ ਸ੍ਰੀ ਸਤਿਗੁਰੂ ਜੀ ਦਾ ਬਚਨ ਸੁਣਿਆ ਹੈ। ਮੇਰੇ ਬਾਰੇ ਸ੍ਰੀ ਸਤਿਗੁਰੂ ਜੀ ਤਾਈਂ ਅਰਜ਼ ਕਰ ਭੇਜਣੀ।

ਧੰਨ ਹਨ ਸ੍ਰੀ ਸਤਿਗੁਰੂ ਜੀ ਤੇ ਧੰਨ ਹਨ ਉਹ ਸਿੱਖ ਜੋ ਸ੍ਰੀ ਸਤਿਗੁਰੂ ਜੀ ਦੇ ਹੁਕਮਾਂ ਨੂੰ ਸਿਰੇ ਮੱਥੇ ਤੇ ਖੁਸ਼ੀ ਖੁਸ਼ੀ ਮੰਨਦੇ ਹਨ।

ਇਹ ਤਸਵੀਰਾਂ ਲੈਗਜਿੰਗਟਨ (ਅਮਰੀਕਾ) ਵਿਖੇ ਮਿ. ਮੈਡੇਨਜ਼ ਦੇ ਫਾਰਮ ਵਿਖੇ ਸ੍ਰੀ ਸਤਿਗੁਰੂ ਜੀ ਦੇ ਚਰਣ ਪਾਉਣ ਵੇਲੇ ਦੀਆਂ ਹਨ।

## ਸਾਹਮਣੀ ਤਸਵੀਰ ਦੀ ਜਾਣ-ਪਛਾਣ

**ਉਪਰਲੀ ਤਸਵੀਰ ਵਿਚ :** ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਸ੍ਰੀ ਮੈਡੇਨਜ਼ ਅਤੇ ਸੇਠ ਤਰਲੋਕ ਸਿੰਘ ਜੀ।

**ਹੇਠਲੀ ਤਸਵੀਰ ਵਿਚ :** ਸ੍ਰੀ ਮੈਡੇਨਜ਼, ਸੇਠ ਬਲਦੇਵ ਸਿੰਘ ਜੀ, ਸੰਤ ਮਹਿੰਦਰ ਸਿੰਘ ਪੂਰਬੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਸ੍ਰੀ ਸੁਰਿੰਦਰ ਸਿੰਘ ਮਨਚੰਦਾ ਅਤੇ ਸੇਠ ਤਰਲੋਕ ਸਿੰਘ ਜੀ।

Sri Satguru Jagjit Singh Ji Elibrary NamdhariElibrary@gmail.com





Sri Satguru Jagjit Singh Ji Elibrary NamdhariElibrary@gmail.com

# ਸੁਭਾਗ ਜੋੜੀ



ਸ੍ਰੀ ਠਾਕੁਰ ਦਲੀਪ ਸਿੰਘ ਜੀ ਅਤੇ ਬੀਬੀ ਗੁਰਮੀਤ ਕੋਰ ਜੀ

(ਵਿਸਥਾਰ ਲਈ ਪੜ੍ਹੋ "ਮਹਿੰਦੀ ਸ਼ਗਨਾਂ ਦੀ" ਪੰਨਾ ੨੦)

Sri Satguru Jagjit Singh Ji Elibrary NamdhariElibrary@gmail.com

# ਗਊ-ਗਰੀਬ ਦੇ ਪਾਲਕ

ਸ੍ਰੀ ਮਹਾਰਾਜ ਬੀਰ ਸਿੰਘ ਜੀ
ਸ੍ਰੀ ਭੈਣੀ ਸਾਹਿਬ

ਸਿੱਖ ਗੁਰੂਆਂ ਦੇ ਜੀਵਨ ਅਤੇ ਸਿੱਖ ਧਰਮ ਦੀ ਪ੍ਰੰਪਰਾ ਵਿਚ ਗਊ ਗਰੀਬ ਦੀ ਰਖਿਆ ਦਾ ਵਿਸ਼ੇਸ਼ ਵਰਣਨ ਹੈ। ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਤੋਂ ਜਰਾ ਪਹਿਲਾਂ ਭਾਰਤ ਵਿਚ ਕਈ ਪ੍ਰਕਾਰ ਦੇ ਉਪਦ੍ਰਵ ਹੋ ਰਹੇ ਸਨ। ਉਸ ਸਮੇਂ ਦੇ ਉਪਦ੍ਰਵ ਲਿਖਦੇ ਹੋਏ ਭਾਈ ਗੁਰਦਾਸ ਜੀ ਨੇ ਗਊ ਗਰੀਬ ਦਾ ਵਿਸ਼ੇਸ਼ ਵਰਣਨ ਕੀਤਾ ਹੈ –

"ਮਾਰਨ ਗਊ ਗਰੀਬ ਨੂੰ
ਧਰਤੀ ਉਪਰ ਪਾਪ ਬਿਥਾਰਾ"

ਇਸੇ ਦੀ ਪੁਸ਼ਟੀ ਗਿਆਨੀ ਗਿਆਨ ਸਿੰਘ ਜੀ ਦੀਆਂ ਨਿਮਨ ਲਿਖਤ ਤੁਕਾਂ ਤੋਂ ਹੁੰਦੀ ਹੈ ਜੋ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਦੇ ਉਪਦ੍ਰਵਾਂ ਦਾ ਵਰਣਨ ਕਰਦਿਆਂ ਲਿਖੀਆਂ ਹਨ—

ਗੋ ਗਰੀਬ ਕੋ ਬਧ ਕਰ ਸੁਟੈਂ।
ਧਨੀ ਦੇਖ ਤਾਂ ਕਾ ਧਨ ਲੁਟੈਂ।

ਕਿਤਨੇ ਹੀ ਪਸ਼ੂ ਸੁਭਾਉ ਵਾਲੇ ਮਨੁੱਖਾਂ ਨੂੰ ਦੇਵਤਾ ਸੁਭਾਉ ਵਿਚ ਪ੍ਰਵਿਰਤ ਕਰਕੇ ਗੁਰੂ ਜੀ ਨੇ ਉਸ ਸਮੇਂ ਦਾ ਵਾਤਾਵਰਣ ਸ਼ੁਧ ਕੀਤਾ। ਗੁਰੂ ਹਰਗੋਬਿੰਦ ਜੀ ਨੇ ਸਮੇਂ ਦੀ ਲੋੜ ਅਨੁਸਾਰ ਸਿੱਖਾਂ ਨੂੰ ਸ਼ਸਤ੍ਰ ਧਾਰੀ ਬਣਾਇਆ ਅਤੇ ਉਸ ਵੇਲੇ ਦੀ ਮੁਗਲ ਸਰਕਾਰ ਵਿਰੁਧ ਚਾਰ ਜੰਗ ਜਿਤੇ। ਇਤਿਹਾਸ ਅਨੁਸਾਰ ਆਪਦੇ ਸਮੇਂ ਇਕ ਵਾਰੀ ਇਕ ਗਊ ਮਾਰੀ ਜਾਣ ਦੀ ਖਬਰ ਆਪ ਨੂੰ ਉਸ ਵੇਲੇ ਮਿਲੀ ਜਦ ਆਪ ਪ੍ਰਸ਼ਾਦ ਛਕਣ ਲਗੇ ਸਨ। ਆਪ ਜੀ ਨੇ ਪ੍ਰਸ਼ਾਦਾ ਨਹੀਂ ਛਕਿਆ ਉਸੇ ਵੇਲੇ ਜਾਕੇ ਗਊ ਦੇ ਕਾਤਲਾਂ ਨੂੰ ਕਰੜਾ ਡੰਨ ਦਿਤਾ ਅਤੇ ਫਿਰ ਵਾਪਸ ਆਏ। ਆਪਦੇ ਸਮੇਂ ਤੋਂ ਘੋੜਿਆਂ ਨਾਲ ਪਿਆਰ, ਘੋੜਿਆਂ ਦੀ ਪਰਖ ਅਤੇ ਕਦਰ ਵੀ ਗੁਰੂ ਘਰ ਦਾ ਇਕ ਕਰਤਵਯ ਬਣੀ ਚਲੀ ਆ ਰਹੀ ਹੈ।

ਦਸਮੇਸ਼ ਜੀ ਦੀ ਸਵਾਰੀ ਦੇ ਘੋੜਿਆਂ ਵਿਚ 'ਦਲ ਬਿਡਾਰ' ਘੋੜੇ ਦਾ ਨਾਮ ਵਿਸ਼ੇਸ਼ ਸਥਾਨ ਰੱਖਦਾ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸਵਾਰੀ ਵਾਲੀਆਂ ਦੋ ਖਾਸ ਘੋੜੀਆਂ 'ਚੀਨੀ' ਅਤੇ 'ਸੁਰਖੀ' ਸਨ। ਪਰ ਦੋਹਾਂ ਵਿਚੋਂ ਆਪ ਜੀ ਦੀ ਸਵਾਰੀ ਹੇਠ 'ਚੀਨੀ' ਬਹੁਤਾ ਸਮਾਂ ਰਹਿੰਦੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਪੰਜਾਬ ਵਿਚ ਰਾਜ ਪ੍ਰੀਵਰਤਨ ਹੋਇਆ। ਪੰਜਾਬ ਵਿਚ ਆਏ ਨਵੇਂ ਅੰਗਰੇਜ਼ੀ-ਸ਼ਾਸਕਾ ਨੇ ਧਨੀਆਂ ਨੂੰ ਰਾਜ ਭਗਤ ਬਣਾਕੇ ਆਪਣੇ ਨਾਲ ਜੋੜਿਆ ਅਤੇ ਗਰੀਬ ਕਿਰਤੀ ਅਤੇ ਕਿਸਾਨਾਂ ਨੂੰ ਦਬਾਉ ਹੇਠ ਰਖਣਾ ਚਾਹਿਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਉਸ ਸਮੇਂ ਮਰ ਚੁੱਕੀ ਹੋਈ ਸਿੱਖੀ ਨੂੰ ਜਾਗ੍ਰਤੀ ਦੇ ਕੇ—ਚਾਹੇ ਉਹ ਕੋਈ ਵਿਹਾਰ ਕਰਨ ਵਾਲੇ ਸਨ ਗਰੀਬ ਸ਼੍ਰੇਣੀ ਨੂੰ ਉਪਰ ਚੁਕਿਆ। ਧਨੀਆਂ ਨੂੰ ਵੀ ਇਹ ਅਨੁਭਵ ਕਰਾ ਦਿਤਾ ਕਿ ਧਨ ਬਹੁਤਾ ਹੋਣਾ ਕੋਈ ਵਿਸ਼ੇਸ਼ਤਾ ਨਹੀਂ। ਧਰਮ ਦੀ ਪ੍ਰਪਕਤਾ ਅਤੇ ਆਚਰਣ ਉੱਚਾ ਹੋਣਾ ਮਨੁੱਖ ਦੇ ਵਿਸ਼ੇਸ਼ ਗੁਣ ਹਨ। ਆਪ ਜੀ ਦੇ ਸਮੇਂ ਅੰਗਰੇਜ਼ੀ ਰਾਜ ਸਤਾਧਾਰੀਆਂ ਅਤੇ ਉਨ੍ਹਾਂ ਦੇ ਸਹਯੋਗੀਆਂ ਨੇ ਸਿੱਖ



Sri Satguru Jagjit Singh Ji Elibrary NamdhariElibrary@gmail.com

ਧਰਮ ਦੇ ਪ੍ਰਮੁਖ ਸ਼ਹਿਰ ਅੰਮ੍ਰਿਤਸਰ ਵਿਚ ਗਊਆਂ ਦੀ ਕਤਲਗਾਹ, ਸਿੱਖਾਂ ਦੇ ਪ੍ਰਮੁਖ ਧਰਮ ਸਥਾਨ ਦਰਬਾਰ ਸਾਹਿਬ ਪਾਸ ਬਣਾਕੇ ਪ੍ਰੀਖਿਆ ਕਰਨੀ ਚਾਹੀ ਕਿ ਸਿੱਖਾਂ ਵਿਚ ਅਪਣੇ ਧਰਮ ਦੀ ਰਖਿਆ ਵਾਸਤੇ ਕੋਈ ਅਣਖ ਹੈ ? ਇਸ ਪ੍ਰੀਖਿਆ ਵਿਚ ਉਸ ਸਮੇਂ ਕੇਵਲ ਨਾਮਧਾਰੀ ਸਿੰਘ ਹੀ ਪੂਰੇ ਉਤਰੇ ।

ਸਿੱਖ-ਸਤਿਗੁਰੂ ਅਪਣੇ ਅਪਣੇ ਸਮੇਂ, ਸਮੇਂ ਦੀ ਲੋੜ ਦੇਖਦਿਆਂ ਯੋਗ ਵਿਧੀ ਅਨੁਸਾਰ ਗਊਆਂ ਅਤੇ ਗਰੀਬਾਂ ਦੀ ਰਖਿਆ ਅਤੇ ਪਾਲਣ ਕਰਦੇ ਚਲੇ ਆ ਰਹੇ ਹਨ ਅਤੇ ਉਨ੍ਹਾਂ ਦੇ ਉਪਦੇਸ਼ ਵਿਚ ਵੀ ਇਹ ਸਿਧਾਂਤ ਸਦਾ ਹੀ ਪ੍ਰਮੁੱਖ ਰਹਿੰਦਾ ਰਿਹਾ ਹੈ ਅਤੇ ਹੁਣ ਵੀ ਇਸੇ ਤੇ ਬਲ ਦਿਤਾ ਜਾਂਦਾ ਹੈ ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਭਯੰਕਰ ਕਾਲ ਗ੍ਰਸਤ ਲੋਕਾਂ ਨੇ ਸਤਿਗੁਰੂ ਜੀ ਦੇ ਲੰਗਰ ਦਾ ਆਸਰਾ ਲਿਆ । ਆਪ ਜੀ ਨੇ ਉਨ੍ਹਾਂ ਨੂੰ ਐਸਾ ਨਿਵਾਜਿਆ ਕਿ ਅੰਗਰੇਜ਼ ਅਫ਼ਸਰ ਨੇ ਪ੍ਰਭਾਵਿਤ ਹੋ ਕੈ ਆਪ ਜੀ ਨੂੰ ਜ਼ਮੀਨ ਦੇਣੀ ਚਾਹੀ ਜੋ ਆਪ ਜੀ ਨੇ ਠੁਕਰਾ ਦਿਤੀ ਅਤੇ ਉਸਦੇ ਏਹ ਪੁੱਛਣ ਤੇ ਕਿ ਜੇ ਤੁਹਾਡਾ ਇਹ ਅੰਨ ਮੁਕ ਗਿਆ ਤਦ ਕੀ ਕਰੋਗੇ, ਆਪ ਜੀ ਨੇ ਉੱਤਰ ਦਿਤਾ ਕਿ ਅਸੀਂ ਵੀ ਏਨ੍ਹਾਂ ਦੇ ਨਾਲ ਹੀ ਚਲੇ ਜਾਵਾਂਗੇ ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਵਤਾਰ ਬਿਕ੍ਰਮੀ ੧੯੪੬ ਚੇਤਰ ਵਦੀ ਤੀਜ ਨੂੰ ਹੋਇਆ । ਉਦੋਂ ਸ੍ਰੀ ਭੈਣੀ ਸਾਹਿਬ ਗੁਰਦੁਆਰਾ ਅਰਧ-ਬੰਦੀ ਖਾਨੇ ਦੇ ਰੂਪ ਵਿਚ ਸੀ । ਯੁਵਾ ਅਵਸਥਾ ਵਿਚ ਹੀ ਆਪ ਜੀ ਨੂੰ ਘੋੜੇ ਦੀ ਸਵਾਰੀ ਦਾ ਸ਼ੌਕ ਸੀ । ਇਕ ਵਾਰੀ ਆਪ ਜੀ ਦਾ ਘੋੜਾ ਕੋਈ ਹੋਰ ਸਿੰਘ ਲੈ ਗਿਆ, ਜਦੋਂ ਇਸ ਦੀ ਸ਼ਕਾਇਤ ਆਪ ਜੀ ਨੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਪਾਸ ਕੀਤੀ । ਤਦ ਹੁਕਮ ਹੋਇਆ ਕਿ "ਤੂੰ ਹੁਣ ਮੇਰੇ ਵਾਲੇ ਘੋੜੇ ਤੇ ਚੜ੍ਹ ਜਾਇਆ ਕਰ" ਸਜੇ ਹੱਥ ਨਾਲ ਖੱਬਾ ਅਤੇ ਖੱਬੇ ਨਾਲ ਸੱਜਾ ਕੰਨ ਫੜਕੇ ਖੜੇ ਖੜੋਤੇ ਜ਼ਮੀਨ ਤੋਂ ਛਾਲ ਮਾਰ ਕੇ ਆਪ ਘੋੜੇ ਤੇ ਚੜ੍ਹ ਜਾਂਦੇ । ਇਕ ਵਾਰ ਘਰੋਂ ਭਜ ਗਏ ਹੋਏ ਇਕ ਊਠ ਨੂੰ ਘੋੜੇ ਤੇ ਚੜ੍ਹ ਕੇ, ਆਪ ਜੀ ਨੇ, ਘੋੜਾ ਹੇਠੋਂ ਛਡਕੇ ਅਤੇ ਊਠ ਤੇ ਚੜ੍ਹਕੇ, ਮੋੜ ਕੇ ਲਿਆਂਦਾ ਸੀ ।

ਬਿਕ੍ਰਮੀ ੧੯੯੬ ਵਿਚ ਲਹੌਰ ਵਿਚ ਬਹੁਤ ਵੱਡਾ ਬੁਚੜਖਾਨਾ ਲਾਉਣ ਦੀ ਤਜਵੀਜ਼ ਅੰਗਰੇਜ਼ ਸਰਕਾਰ ਨੇ ਪ੍ਰਸਤੁਤ ਕੀਤੀ । ਇਸ ਤੋਂ ਧਰਮ ਭਾਵਨਾਂ ਵਾਲੇ ਬਹੁਤ ਸਾਰੇ ਪੰਜਾਬੀ ਘਾਬਰ ਗਏ । ਕਈਆਂ ਨੇ ਸ੍ਰੀ ਸਤਿਗੁਰੂ ਜੀ ਪਾਸ ਆਕੇ ਅਰਜ਼ਾਂ ਕੀਤੀਆਂ ਕਿ ਆਪ ਕਿਰਪਾ ਕਰਕੇ ਕੋਈ ਉਪਾਉ ਕਰੋ । ਆਪ ਜੀ ਨੇ ਸ਼ੁਧ ਘਿਓ ਨਾਲ ਹਵਨ ਯੱਗ ਕੀਤਾ ਚੰਡੀ ਦੀ ਵਾਰ ਦੇ ਸਵਾ ਲੱਖ ਪਾਠ ਕਰਾਏ । ਸਰਕਾਰ ਨੇ ਉਹ ਤਜਵੀਜ਼ ਬੰਦ ਕਰ ਦਿਤੀ ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਪਿੰਡ ਬਾਮ੍ਹਣ ਮਾਜਰਾ (ਸਰਹੰਦ ਦੇ ਰੇਲ ਫਾਟਕ ਦੇ ਨੇੜੇ) ਦੇ ਇਕ ਸ਼ਰਧਾਲੂ ਸਿਖ ਨੇ ਇਕ ਗਊ ਮੱਥਾ ਟੇਕੀ ਸੀ । ਇਹ ਚੰਗਾ ਦੁਧ ਦੇਣ ਵਾਲੀ ਹੋਣ ਕਰਕੇ ਅਗੋਂ ਇਸ ਦੇ ਵਛੇ ਵੱਛੀਆਂ ਦੀ ਚੰਗੀ ਸੰਭਾਲ ਹੁੰਦੀ ਰਹੀ । ਇਸ ਰਵੇ ਦੀਆਂ ਗਊਆਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਉੱਨਤ ਹੁੰਦੀਆਂ ਰਹੀਆਂ । ਸ੍ਰੀ ਸਤਿਗੁਰੂ ਜੀ ਨੂੰ ਪਸ਼ੂਆਂ ਦੀ ਐਸੀ ਪਰਖ ਸੀ ਕਿ ਦੇਖਦਿਆਂ ਹੀ ਆਪ ਉਨ੍ਹਾਂ ਦੇ ਗੁਣ ਔਗੁਣ ਦਸ ਦਿੰਦੇ । ਗਊਆਂ ਅਤੇ ਘੋੜਿਆਂ ਨਾਲ ਆਪ ਜੀ ਦਾ ਵਿਸ਼ੇਸ਼ ਸਨੇਹ ਸੀ । ਆਪ ਜੀ ਦੀ ਸਵਾਰੀ ਦਾ ਘੋੜਾ ਹੋਵੇ ਜਾਂ ਘੋੜੀ ਉਸ ਤੇ ਆਮ ਸਵਾਰ ਨਹੀਂ ਬੈਠ ਸਕਦਾ ਸੀ । ਸੁਸਤ ਘੋੜੇ ਦੀ ਸਵਾਰੀ ਆਪ ਜੀ ਕਦੇ ਪਸੰਦ ਨਹੀਂ ਸਨ ਕਰਦੇ ।

੧੯੯੬ ਵਿਚ ਸਟੇਟ ਪੀਪਲਜ਼ ਕਾਨਫਰੰਸ ਵਿਚ ਲੁਧਿਆਣੇ ਜਲੂਸ ਵਿਚ ਪੰਡਿਤ ਜਵਾਹਰ ਲਾਲ ਜੀ ਨੂੰ ਆਪ ਨੇ ਅਪਣੀ ਸਵਾਰੀ ਵਾਲੀ ਬਹੁਤ ਸੁੰਦਰ



Sri Satguru Jagjit Singh Ji Elibrary NamdhariElibrary@gmail.com

ਘੋੜੀ ਦਿਤੀ।[1] ਜਦ ਜਲੂਸ ਵਿਚ ਗੋਲੇ ਚਲੇ ਤਾਂ ਘੋੜੀ ਤਲਖ ਹੋਈ। ਪੰਡਤ ਜੀ ਪਾਸੋਂ ਘੋੜੀ ਨਾ ਸੰਭਲੀ ਗਈ। ਉਸੇ ਵਕਤ ਆਪ ਜੀ ਨੇ ਸੁਸਤ ਤਬੀਅਤ ਵਾਲੀ ਇਕ ਘੋੜੀ ਪੰਡਿਤ ਜੀ ਨੂੰ ਦਿਤੀ ਅਤੇ ਆਪ ਉਸ ਤੇ ਸਵਾਰ ਹੋਏ। ਆਪ ਜੀ ਦੀ ਸਵਾਰੀ ਹੇਠ ਉਹ ਘੋੜੀ ਸਾਰੇ ਜਲੂਸ ਵਿਚ ਪੂਰੀ ਤਰ੍ਹਾਂ ਕਾਬੂ ਵਿਚ ਰਹੀ।

ਉਸ ਸਮੇਂ ਦੇਸੀ ਨਸਲ ਦੀਆਂ ਕਈ ਗਊਆਂ ੨੦-੨੦ ਸੇਰ ਦੁਧ ਦੇਣ ਵਾਲੀਆਂ ਵੀ ਦੇਖਣ ਵਿਚ ਆਉਂਦੀਆਂ ਸਨ। ਐਸੀਆਂ ਗਊਆਂ ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਗੁਰਦੁਆਰੇ ਰਹਿੰਦੀਆਂ ਰਹੀਆਂ। ਸ੍ਰੀ ਸਤਿਗੁਰੂ ਜੀ ਕਈ ਵਾਰੀ ਸ਼ੌਕ ਨਾਲ ਆਪ ਗਊਆਂ ਦਾ ਦੁਧ ਚੋਂਦੇ। ਸੰਭਾਲ ਦਾ ਆਪ ਨੂੰ ਬਹੁਤ ਸ਼ੌਕ ਸੀ।

ਆਪਣੇ ਘਰ ਵਿਚ ਕਦੀ ਕੋਈ ਪਸ਼ੂ ਜੇ ਲਿੱਸਾ ਹੋ ਜਾਵੇ ਤਦ ਸੰਭਾਲਨ ਵਾਲੇ ਨੂੰ ਸਖਤ ਤਾੜਨਾ ਕਰਦੇ ਸਨ। ਪਸ਼ੂ ਚਕਿਤਸਾ ਦੇ ਨੁਸਖੇ ਆਪ ਜੀ ਨੇ ਲਿਖ ਕੇ ਆਪਣੇ ਪਾਸ ਰਖੇ ਹੋਏ ਸਨ। ਆਮ ਕਰਕੇ ਉਹ ਪਏ ਹੀ ਰਹਿੰਦੇ ਆਪ ਜੀ ਅਪਣੀ ਯਾਦਾਸ਼ਤ ਤੋਂ ਹੀ ਦਵਾਈਆਂ ਦਸਦੇ ਅਤੇ ਕਰਵਾਉਂਦੇ।

ਦੇਸ਼-ਵੰਡਾਰੇ ਤੋਂ ਕਰੀਬ ੧੦ ਸਾਲ ਪਹਿਲਾਂ ਮਿੰਟ ਗੁਮਰੀ ਅਤੇ ਮੁਲਤਾਨ ਦੇ ਆਸ ਪਾਸ ਦੇ ਮੁਸਲਮਾਨਾਂ ਨੇ 'ਸਾਹੀਵਾਲ' ਨਸਲ ਦੀਆਂ ਗਊਆਂ ਬਹੁਤ ਉਨਤ ਕੀਤੀਆਂ। ਆਪ ਜੀ ਉਚੇਚ ਕਰਕੇ ਓਥੇ ਜਾਂਦੇ। ਸਾਹੀਵਾਲ ਨਸਲ ਦੀਆਂ ਗਊਆਂ ਉਨਤ ਕਰਨ ਵਾਲੇ ਅਲਾਦਾਦ ਖਾਂ ਅਤੇ ਜਹਾਗੀਰਾਂ ਬਾਦ ਫਾਰਮ ਵਰਨਣ ਯੋਗ ਹਨ। ਇਕ ਵਾਰੀ ਅਲਾਦਾਦ ਖਾਂ ਫਾਰਮ ਤੋਂ ਆਪ ਜੀ ਨੇ ਕੁਛ ਗਊਆਂ ਖਰੀਦੀਆਂ। ਉਸ ਫਾਰਮ ਦੇ ਮੁਸਲਮਾਨ ਮਾਲਿਕ ਨੇ ਆਪ ਜੀ ਨੂੰ ਆਖਿਆ ਕਿ ਇਕ ਵਹਿੜ ਮੈਂ ਅਪਣੀ ਪਸੰਦ ਦੀ ਦੇਣੀ ਚਾਹੁੰਦਾ,ਹਾਂ। ਆਪ ਜੀ ਨੇ ਮੰਨ ਲਿਆ। ਉਸ ਨੇ ਇਕ ਸਧਾਰਣ ਵਹਿੜ ਦਿੱਤੀ। ਫੇਰ ਆਪ ਜੀ ਨੇ ਉਸ ਨੂੰ ਆਖਿਆ ਕਿ ਪੈਸੇ ਜਿਨੇ ਮਰਜ਼ੀ ਹੈ ਲੈ ਲਵੀਂ, ਇਕ ਵਹਿੜ ਸਾਨੂੰ ਵੀ ਅਪਣੀ ਪਸੰਦ ਦੀ ਚੁਗ ਲੈਣ ਦੇਹ। ਉਸ ਦੇ ਮੰਨ ਜਾਣ ਤੇ ਜਦੋਂ ਇਕ ਵਹਿੜ ਤੇ ਆਪ ਜੀ ਨੇ ਹੱਥ ਰਖਿਆ ਤਦ ਇਉਂ ਹੋਇਆ ਜਿਵੇਂ ਉਸਦੇ ਦਿਲ ਨੂੰ ਹੱਥ ਪੈ ਗਿਆ ਹੁੰਦਾ ਹੈ। ਉਸ ਨੇ ਆਖਿਆ ਮੈਂ ਬਚਨ ਕਰ ਬੈਠਾ ਹਾਂ, ਇਸ ਕਰਕੇ ਤੁਸੀਂ ਲੈ ਜਾਓ ਨਹੀਂ ਤਾਂ ਮੈਂ ਇਸ ਦੇ ਨੇੜੇ ਨਹੀਂ ਕਿਸੇ ਨੂੰ ਆਉਣ ਦਿੰਦਾ। ਇਹ ਦੋਵੇਂ ਸ੍ਰੀ ਭੈਣੀ ਸਾਹਿਬ ਆਕੇ ਸੂਈਆਂ, ਜੋ ਉਸ ਨੇ ਦਿਤੀ ਸੀ ਉਸ ਦਾ ਦੁਧ ੮/੯ ਸੇਰ ਹੀ ਰਿਹਾ। ਸ੍ਰੀ ਸਤਿਗੁਰੂ ਜੀ ਦੀ ਚੁਣੀ ਹੋਈ ਗਊ ਨੇ ਪਹਿਲੇ ਸੂਏ ੧੨/੧੩ ਸੇਰ ਦੁਧ ਦਿਤਾ ਬਾਦ ਵਿਚ ੧੭/੧੮ ਸੇਰ ਤਕ ਪਹੁੰਚ ਗਈ ਸੀ।

ਸ੍ਰੀ ਜੀਵਨ ਨਗਰ ਦੀ ਸਥਾਪਨਾ ਤੋਂ ਬਾਦ ਆਪ ਜੀ ਨੇ ਸਾਹੀਵਾਲ ਅਤੇ ਹਰਿਆਣਾ ਨਸਲ ਦੀਆਂ ਗਊਆਂ ਅਲੱਗ ਉਨਤ ਕੀਤੀਆਂ, ਆਪ ਜੀ ਦਾ ਗਊ ਪਾਲਣ ਵਲ ਇਸ ਤਰ੍ਹਾਂ ਦਾ ਧਿਆਨ ਸੀ ਕਈ ਵਾਰ ਡੇਢ-ਦੋ-ਦੋ ਮਹੀਨੇ ਬਾਦ ਘਰ ਆਉਣਾ। ਦੌਰੇ ਵਿਚ ਰਹਿੰਦਿਆਂ ਵੀ ਯਾਦ ਰਖਣਾ ਕਿ ਫਲਾਣੀ ਦੇ ਸੂਣ ਵਿਚ ਇਤਨੇ ਦਿਨ ਬਾਕੀ ਹਨ—ਅਮਕੀ ਦੇ ਦੁਧ ਦੇ ਇਤਨੇ ਦਿਨ ਹੋ ਚੁਕੇ ਹਨ, ਉਹ ਇਤਨਾਂ ਦੁਧ ਕਰ ਚੁਕੀ ਹੋਵੇਗੀ। ਕਿਤਨੇ ਚਿਰ ਪਿਛੋਂ ਵੀ ਆਪ ਸ੍ਰੀ ਜੀਵਨ ਨਗਰ ਆਉਂਦੇ, ਪਿਛੋਂ ਦੇ ਜੰਮੇ ਹੋਏ ਵਛੇ ਵੱਛੀਆਂ ਦੀ ਸ਼ਕਲ ਦੇਖਕੇ ਕਹਿ ਦਿੰਦੇ ਕਿ ਏਹ ਫਲਾਣੇ ਸਾਨ੍ਹ ਅਤੇ ਜਾਂ ਫਲਾਣੀ ਗਊ ਦਾ ਹੈ। ਆਪ ਜੀ ਨੇ ਸਾਹੀਵਾਲ ਨਸਲ ਦੀਆਂ ਗਊਆਂ ਵਿਚੋਂ ਅਪਣੇ ਘਰ ਪੈਦਾ ਕੀਤੀ ਇਕ ਗਊ ਦਾ ਨਾਮ 'ਨੌਲੱਖੀ' ਰਖਿਆ। 'ਤਮੀਲੀ' ਨਾਮ ਦੀ ਗਊ ਭਾਰਤ

---

1 ਏਹ ਘੋੜੀ ਸ੍ਰ. ਸ਼ਾਮ ਸਿੰਘ ਜੀ ਮਾਨਾਂ ਵਾਲੇ ਵਾਲਿਆਂ ਨੇ ਆਪ ਜੀ ਨੂੰ ਮੱਥਾ ਟੇਕੀ ਸੀ।



Sri Satguru Jagjit Singh Ji Elibrary NamdhariElibrary@gmail.com

ਸਰਕਾਰ ਦੇ ਪੂਸਾ ਫਾਰਮ, ਦਿੱਲੀ ਵਿਚ ਬਹੁਤ ਪ੍ਰਸਿਧ ਹੋਈ ਹੈ, ਜਿਸਨੇ ਅਪਣੇ ਸਮੇਂ ਇਕ ਸੂਏ (੩੦੦ ਦਿਨਾਂ) ਵਿਚ ੧੩੦੦੪ ਪੌਂਡ ਦੁਧ ਦਿਤਾ ਸੀ। ਪਰ ਨੌਲਖੀ ਨੇ ੧੩੧੫੦ ਪਾਊਂਡ ਏਨੇ ਹੀ ਦਿਨਾਂ ਵਿਚ ਕਰਕੇ ਨਵਾਂ ਰਿਕਾਰਡ ਸਥਾਪਿਤ ਕੀਤਾ। ਨਾਲ ਹੀ ਇਕ ਦਿਨ ਦਾ ਵਧ ਤੋਂ ਵਧ ੭੫ ਪਾਊਂਡ, ੩ ਪਾਊਂਡ ਰੋਜ਼ਾਨਾ ਮੱਖਣ ਦੀ ਔਸਤ ਅਤੇ ਗਰਮ ਕੀਤਾ ਘਿਉ ੧ ਸੇਰ ਦਸ ਛਟਾਂਕ ਦਾ ਰਿਕਾਰਡ ਕਾਇਮ ਕੀਤਾ। "ਨੌਲਖੀ" ਦੀ ਸੇਵਾ ਕਰਨ ਵਾਲਾ ਗੁਰਮੁਖ ਸਿੰਘ ਸੀ ਜੋ ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਕਾਰ ਡਰਾਇਵਰ ਹੈ। ਆਪ ਜੀ ਦੇ ਘਰ ਪੈਦਾ ਹੋਈ ਸਾਹੀਵਾਲ ਨਸਲ ਦੀ ਵੱਛੀ ਬਾਦ ਵਿਚ "ਨੌ ਕਰਨ" ਨਾਮ ਨਾਲ ਦੁਧ ਦਿੰਦੀ ਰਹੀ ਅਤੇ ਹਿਸਾਬ ਵਿਖੇ ਹੋਈ ੨੦੧੯ (੧੯੧੨ ਈ:) ਦੀ ਸਰਵ ਹਿੰਦ ਪਸ਼ੂ ਪ੍ਰਦਰਸ਼ਨੀ ਵਿਚ ਸਰਵੋਤਮ ਸੁੰਦਰ ਪ੍ਰਵਾਣਿਤ ਹੋਈ।

ਹਰਿਆਣਾ, ਹਿਸਾਰ ਅਤੇ ਨਾਗੌਰ ਨਸਲ ਦੀਆਂ ਗਊਆਂ ਭਾਵੇਂ ਪਸ਼ੂ ਪ੍ਰਦਰਸ਼ਨੀ ਵਿਚ ਅਪਣੀ ਅਪਣੀ ਸ਼ਰੇਣੀ ਵਿਚ ਆਉਂਦੀਆਂ ਪਰ ਇਨ੍ਹਾਂ ਦੇ ਰੂਪ ਅਤੇ ਚਰਿਤਰ ਵਿਚ ਬਹੁਤ ਮਾਮੂਲੀ ਫ਼ਰਕ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਜੀਵਨ ਨਗਰ ਵਿਖੇ ਹਰਿਆਣਾ ਨਸਲ ਨੂੰ ਵਿਸ਼ੇਸ਼ ਕਰਕੇ ਉਨਤ ਕੀਤਾ, ਹਿਸਾਰ ਦੇ ਸਰਕਾਰੀ ਫਾਰਮ ਵਿਚ ਦੇਰ ਤੋਂ ਇਸ ਨਸਲ ਦੀਆਂ ਗਊਆਂ ਰਖੀਆਂ ਜਾ ਰਹੀਆਂ ਸਨ ' ਉਹ ਖੁਲੀਆਂ ਹੀ ਰਹਿੰਦੀਆਂ ੧੯੫੦/੫੧ ਈ: ਦੇ ਕਰੀਬ ਇਕ ਕਮੇਟੀ ਇਸ ਫਾਰਮ ਦੀ ਉਨਤੀ ਵਾਸਤੇ ਬਣੀ। ਸ੍ਰੀ ਸਤਿਗੁਰੂ ਜੀ ਮੈਂਬਰ ਦੇ ਰੂਪ ਵਿਚ ਕਮੇਟੀ ਦੀਆਂ ਇਕਤ੍ਰਾਂਵਾਂ ਵਿਚ ਭਾਗ ਲੈਂਦੇ ਰਹੇ। ਆਪ ਜੀ ਨੇ ਇਨ੍ਹਾਂ ਗਊਆਂ ਨੂੰ ਬੰਨ੍ਹ ਕੇ ਸੰਭਾਲਣ ਵਲ ਸਰਕਾਰ ਨੂੰ ਪ੍ਰੇਰਿਤ ਕੀਤਾ। ਉਸ ਤੋਂ ਬਾਦ ਇਹ ਗਊਆਂ ਬਹੁਤ ਉੱਨਤ ਹੋਈਆਂ ਹਨ।

ਆਪ ਜੀ ਦੇ ਫਾਰਮ ਵਿੱਚ ਹਰਿਆਣਾ ਨਸਲ ਦੀ 'ਭੋਡੀ' ਨਾਮ ਦੀ ਗਊ ਬਹੁਤ ਪ੍ਰਸਿਧ ਹੋਈ ਹੈ। ਆਪ ਇਸ ਨਾਲ ਬਹੁਤ ਪਿਆਰ ਕਰਦੇ, ਇਹ ਅਗੋਂ ਥੋੜਾ ਥੋੜਾ ਸਿਰ ਹਿਲਾਉਂਦੀ ਰਹਿੰਦੀ। ਇਕ ਵਾਰੀ ਇਹ ਬੀਮਾਰ ਹੋ ਗਈ। ਜਦ ਸ੍ਰੀ ਸਤਿਗੁਰੂ ਜੀ ਤਬੇਲੇ ਵਿਚ ਆਏ ਤਾਂ ਏਹ ਖੁਲ੍ਹੀ ਫਿਰਦੀ ਸੀ। ਇਸ ਨੇ ਆ ਕੇ ਸ੍ਰੀ ਸਤਿਗੁਰੂ ਜੀ ਦੇ ਹੱਥ ਉਤੇ ਆਪਣਾ ਮੂੰਹ ਰਖ ਦਿਤਾ। ਸ੍ਰੀ ਸਤਿਗੁਰੂ ਜੀ ਨੇ ਪਿਆਰ ਦਿਤਾ ਪਰ ਇਸ ਤੋਂ ਚਿੰਤਾਤੁਰ ਹੋਏ ਕਿ ਜੋ ਸਿਰ ਤੇ ਹੱਥ ਫਿਰੋਣ ਵੇਲੇ ਥੋੜਾ ਥੋੜਾ ਸੰਕੋਚ ਕਰਦੀ ਸੀ ਅਜ ਇਤਨੀ ਨਿਢਾਲ ਕਿਉਂ ਹੈ ਕਿ ਮੇਰੇ ਹੱਥ ਉਤੇ ਆਪਣਾ ਮੂੰਹ ਰੱਖ ਦਿਤਾ ਹੈ। ਉਸੇ ਵੇਲੇ ਅਖੰਡ ਪਾਠ ਦਾ ਹੁਕਮ ਦਿਤਾ। ਅਖੰਡ ਪਾਠ ਕੀਤਾ ਗਿਆ ਅਤੇ ਗਊ ਅਰੋਗ ਹੋ ਗਈ। ਇਸ ਗਊ ਵਿਚ ਅਦੁੱਤੀ ਸੁੰਦਰਤਾ ਸੀ। ਹਰਿਆਣਾ ਨਸਲ ਦੀ ਇਹ ਚਿਤ੍ਰ ਰੂਪ ਸੀ। ਇਸੇ ਦਾ ਪੁਤਰ ਸਾਨ੍ਹ ਹੋਇਆ ਹੈ ਜਿਸਦਾ ਨਾਮ ਆਪ ਜੀ ਨੇ "ਹੀਰਾ" ਰਖਿਆ ਸੀ। ਇਕ ਵਾਰੀ ਪਿੰਜਰਾ ਪੋਲ਼ ਗਊ ਸ਼ਾਲਾ, ਕਲਕਤਾ ਦੇ ਮੈਨੇਜਰ ਸ੍ਰੀ ਚੱਕਰਵਰਤੀ, ਗਊਆਂ ਖਰੀਦਣ ਆਏ ਉਨ੍ਹਾਂ ਸਾਨ੍ਹ ਵੀ ਲੈਣਾ ਸੀ। ਜਦੋਂ ਉਨ੍ਹਾਂ 'ਹੀਰੇ' ਬਾਬਤ ਪੁਛਿਆ ਤਾਂ ਸ੍ਰੀ ਸਤਿਗੁਰੂ ਜੀ ਨੇ ਉਤਰ ਦਿੱਤਾ ਕਿ ਤਕੜੀ ਵਿਚ ਇਕ ਪਾਸੇ 'ਹੀਰਾ' ਖਲਾਰ ਦਿਓ ਦੂਜੇ ਪਾਸੇ ਬਰਾਬਰ ਦੇ ਤੋਲ ਦੀਆਂ ਮੋਹਰਾਂ ਪਾ ਕੇ ਮੈਨੂੰ ਦੇਣੀਆਂ ਚਾਹੋ 'ਹੀਰਾ' ਤਦ ਵੀ ਨਹੀਂ ਦਿਆਂਗਾ। ਹੀਰੇ ਦੀਆਂ ਬੱਚੀਆਂ ਪਹਿਲੇ ਸੂਏ ੧੨/੧੪ ਸੇਰ ਦੁਧ ਸਾਧਾਰਣ ਸੇਵਾ ਕਰਨ ਨਾਲ ਹੀ ਦੇ ਦਿੰਦੀਆਂ ਸਨ।

ਆਪ ਜੀ ਨੇ ਸਰਕਾਰੀ ਫਾਰਮ ਕਰਨਾਲ ਤੋਂ 'ਥਾਰਪਾਰਕਰ' ਨਸਲ ਦੀਆਂ ਗਊਆਂ ਵੀ ਲਿਆ ਕੇ, ਉਸੇ ਨਸਲ ਦਾ ਸਾਨ੍ਹ ਲਿਆ ਕੇ ਉਨ੍ਹਾਂ ਨੂੰ ਵਖਰੀਆਂ ਉੱਨਤ ਕਰਨ ਦਾ ਯਤਨ ਵੀ ਕੀਤਾ ਸੀ।

ਕਈ ਸਾਲਾਂ ਤੋਂ ਪੰਜਾਬ ਦੇ ਸ਼ਹਿਰਾਂ, ਬਟਾਲਾ, ਲੁਧਿਆਣਾ ਅਤੇ ਰੋਹਤਕ ਆਦਿ ਤੋਂ ਚੰਗੀਆਂ ਗਊਆਂ ਕਲਕਤਾ ਬੰਬਈ ਆਦਿ ਸ਼ਹਿਰਾਂ ਨੂੰ ਵਪਾਰੀ ਲੈ ਜਾ



Sri Satguru Jagjit Singh Ji Elibrary NamdhariElibrary@gmail.com

ਰਹੇ ਹਨ ਜੋ ਕਿ ਆਮ ਕਰ ਕੇ ਦੁਧੋਂ ਸੁਕ ਜਾਣ ਤੇ ਮਾਰੀਆਂ ਜਾਂਦੀਆਂ ਹਨ। ਦੁਧੋਂ ਸੁਕੀਆਂ ਗਊਆਂ ਕਲਕਤੇ ਤੋਂ ਵਾਪਸ ਲਿਔਣ ਵਾਸਤੇ ਸੂਕਾਰ ਵਲੋਂ ਕਰਾਏ ਵਿਚ ੪੦ ਪ੍ਰਤਿਸ਼ਤ ਰਿਆਇਤ ਮਿਲਦੀ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਲਕਤੇ ਤੋਂ ਦੁਧੋਂ ਸੁਕੀਆਂ ਦੀ ਇਕ ਗੱਡੀ (੮ ਗਊਆਂ) ਲਿਆਂਦੀਆਂ ਜਿਨ੍ਹਾਂ ਵਿਚੋਂ ਕਿਤਨੀਆਂ ਨੇ ੮/੧੦ ਸੇਰ ਦੇ ਕਰੀਬ ਇਕ ਦਿਨ ਦਾ ਦੁਧ ਕੀਤਾ ਪਰ ਇਕ ਨੇ ੧੭ ਸੇਰ ਵੀ ਕੀਤਾ। ਇਹ ਆਪ ਜੀ ਦੀ ਪਰਖ ਦਾ ਹੀ ਫਲ ਸਰੂਪ ਸੀ ਜੋ ਗਊ ਆਪ ਪਸੰਦ ਕਰ ਲੈਂਦੇ ਤਾਂ ਉਹ ਲੈ ਹੀ ਲੈਂਦੇ।

ਭਾਰਤ ਗੋ ਸੇਵਕ ਸਮਾਜ ਦੇ ਪ੍ਰਮੁਖ ਸੇਵਕ, ਲਾਲਾ ਹਰਿਦੇਵ ਸਹਾਇ ਨਾਲ ਆਪ ਜੀ ਦਾ ਬਹੁਤ ਸਨੇਹ ਸੀ। ਗਊ ਰਖਿਆ ਦੇ ਕੰਮਾਂ ਵਾਸਤੇ ਕਿਤਨੀ ਵਾਰੀ ਮਹੀਨਾਂ ਮਹੀਨਾਂ ਆਪ ਜੀ ਨੇ ਆਪਣੀ ਜੀਪ ਸਮੇਤ ਟਰੈਵਲਰ ਲਾਲਾ ਜੀ ਨੂੰ ਦਿਤੀ ਰੱਖੀ। ਹੋਰ ਵੀ ਕੋਈ ਸੰਸਥਾ ਗਊ ਰਖਿਆ ਵਾਸਤੇ ਪ੍ਰਯਾਸ ਕਰਦੀ ਤਦ ਸ੍ਰੀ ਸਤਿਗੁਰੂ ਜੀ ਉਨ੍ਹਾਂ ਨਾਲ ਪੂਰਾ ਸਹਿਯੋਗ ਦਿੰਦੇ।

ਇਕ ਵਾਰੀ ਗਊ ਰੱਖਿਆ ਸੰਬੰਧੀ ਹੋ ਰਹੇ ਜਨ-ਸੰਘ ਦੇ ਸਮਾਗਮ ਵਿਚ, ਲੁਧਿਆਣੇ ਆਪ ਦਰਸ਼ਨ ਦੇ ਰਹੇ ਸਨ, ਕਿਸੇ ਨੇ ਕਿਹਾ ਕਿ ਆਪ ਜਨ-ਸੰਘ ਦੇ ਸਮਾਗਮ ਵਿਚ ਬੈਠੇ ਹੋ ਪੰਡਿਤ ਜਵਾਹਰ ਲਾਲ ਜੀ ਨਰਾਜ਼ ਨਾ ਹੋ ਜਾਣ। ਅਗੋਂ ਆਪ ਜੀ ਨੇ ਤੁਰੰਤ ਉਤਰ ਦਿਤਾ ਕਿ ਕੋਈ ਸੰਸਥਾ ਵੀ ਹੋਵੇ ਜੋ ਗਊ-ਰਖਿਆ ਸੰਬੰਧੀ ਪ੍ਰਯਾਸ ਕਰੇ, ਮੈਂ ਉਥੇ ਜ਼ਰੂਰ ਜਾਵਾਂਗਾ, ਚਾਹੇ ਕੁਛ ਵੀ ਹੋਵੇ।

ਜੋ ਲੋਕ ਪੰਜਾਬ ਤੋਂ, ਗਊਆਂ ਦੇ ਵੱਗ ਪੈਦਲ ਉਤਰ-ਪ੍ਰਦੇਸ਼, ਬਿਹਾਰ ਦੇ ਰਾਹੀਂ ਕਲਕੱਤੇ ਨੂੰ ਚੋਰੀ ਲੈ ਜਾਣ ਦਾ ਵਿਹਾਰ ਕਰਦੇ ਸਨ। ਉਨ੍ਹਾਂ ਪਾਸੋਂ ਕਈ ਵਾਰੀ ਸ: ਬੰਤਾ ਸਿੰਘ ਮੁਠੱਡੇ ਅਤੇ ਸਰਵਣ ਸਿੰਘ ਲੁਧਿਆਣਾ ਆਦਿ ਗਊ-ਪ੍ਰੇਮੀਆਂ ਨੇ ਗਊਆਂ ਛਡਾਈਆਂ ਅਤੇ ਆ ਕੇ ਸ੍ਰੀ ਸਤਿਗੁਰੂ ਜੀ ਪਾਸੋਂ ਹਰ ਪ੍ਰਕਾਰ ਦਾ ਸਹਿਯੋਗ ਅਤੇ ਸ਼ਰਨ ਲੈਂਦੇ ਰਹਿੰਦੇ ਸੀ।

ਸ੍ਰੀ ਜੀਵਨ ਨਗਰ ਦੀ ਧਰਤੀ ਦੀ ਚੋਣ ਤਾਂ ਆਪ ਜੀ ਨੇ ਕਰੀਬ ੧੯੯੭/੯੮ ਬਿ: ਵਿਚ ਹੀ ਕਰ ਲਈ ਸੀ। ਆਪ ਜੀ ਦਾ ਸ਼ੇਖੂ ਪੁਰ ਛੇਦਾਦ ਦੇ ਸੰਮਤ ੨੦੦੪ ਹੋਲੇ ਵਿਚ ਨਾਮਧਾਰੀ ਸਾਧ ਸੰਗਤ ਵਿਚ ਖੁਲ੍ਹਾ ਐਲਾਨ ਕਰਨਾ ਕਿ ਆਪਣੇ ਬਾਲ ਬੱਚੇ ਅਤੇ ਜ਼ਰੂਰੀ ਸਮਾਨ ਇਥੋਂ ਕਢ ਲਵੋ, ਤੁਸੀਂ ਏਥੇ ਰਹਿ ਨਹੀਂ ਸਕੋਗੇ, ਅੱਖਰ ਅੱਖਰ ਸਹੀ ਹੋਇਆ। ਸ੍ਰੀ ਜੀਵਨ ਨਗਰ ਦੀ ਜ਼ਮੀਨ ਦਾ ਸੋਦਾ ਦੇਸ਼ ਵੰਡਾਰੇ ਤੋਂ ਕਰੀਬ ਇਕ ਸਾਲ ਪਹਿਲਾਂ ਤੋਂ ਹੋਣਾ ਸ਼ੁਰੂ ਹੋ ਗਿਆ ਸੀ ਅਤੇ ਰਜਿਸਟਰੀ ਕਰੀਬ ੮ ਮਹੀਨੇ ਪਹਿਲਾਂ ਹੋਈ। ਪੱਛਮੀ ਪੰਜਾਬ ਤੋਂ ਉੱਜੜ ਕੇ ਆਏ ਸ਼ਰਨਾਰਥੀਆਂ ਨੂੰ ਆਪ ਜੀ ਨੇ ਇਸੇ ਜ਼ਮੀਨ ਵਿਚ ਹੀ ਆਬਾਦ ਕੀਤਾ। ਇਹ ਆਪ ਜੀ ਦੀ ਦੂਰ-ਦ੍ਰਿਸ਼ਟੀ ਦਾ ਸਦਕਾ ਹੀ ਸੀ। ਆਪ ਜੀ ਦੀ ਪ੍ਰੇਰਣਾ ਨਾਲ ਬਹੁਤ ਸਾਰੇ ਪਰਿਵਾਰਾਂ ਨੇ ਇਥੇ ਪਹਿਲਾਂ ਤੋਂ ਹੀ ਜ਼ਮੀਨਾਂ ਮੁੱਲ ਲੈ ਰੱਖੀਆਂ ਸਨ। ਏਹ ਸਾਰਾ ਰਕਬਾ ੧੯੮੯੯ ਵਿਘੇ ਸੀ। ਇਸ ਵਿਚੋਂ ਚੌਥਾ ਹਿੱਸਾ ਜ਼ਮੀਨ ਤਿਹਾਈ ਦੀ ਬਟਾਈ ਦੀ ਮੋਰੂਸ ਸੀ। ਮੁਸਲਮਾਨ ਮਜ਼ਾਰਿਆਂ ਦੇ ਛਡ ਕੇ ਚਲੇ ਜਾਣ ਨਾਲ ਇਹ ਰਕਬਾ ਵੀ ਮੁਸਲਿਮ ਮਲਕੀਅਤ ਮੰਨਿਆ ਗਿਆ। ਜੋ ਇਸੇ ਜ਼ਮੀਨ ਦੇ ਖਰੀਦਾਰ ਪੱਛਮੀ ਪੰਜਾਬ ਵਿੱਚ ਆਪਣੀ ਜ਼ਮੀਨ ਛੱਡ ਆਏ ਸਨ, ਉਸਦੀ ਬਦਲ ਵਿੱਚ ਸ੍ਰੀ ਸਤਿਗੁਰੂ ਜੀ ਨੇ ਸੂਕਾਰ ਪਾਸੋਂ ਏਹ ਰਕਬਾ ਉਨ੍ਹਾਂ ਨੂੰ ਅਲਾਟ ਕਰਵਾ ਦਿਤਾ।

ਇਸ ਅਲਾਟਮੈਂਟ ਦੇ ਖਸਰਾ ਨੰਬਰ ਪਾਉਣ ਦਾ ਅਧਿਕਾਰ ਸੂਕਾਰ ਵਲੋਂ ਸ੍ਰੀ ਸਤਿਗੁਰੂ ਜੀ ਨੂੰ ਦਿਤਾ ਗਿਆ ਸੀ ਆਸ ਪਾਸ ਦੇ ਪਿੰਡ ਅੰਮ੍ਰਿਤਸਰ, ਨਕੋੜਾ ਅਤੇ ਕਰੀਵਾਲਾ ਦੀ ਜ਼ਮੀਨ ਜੋ ਨਾਮਧਾਰੀ ਸਿੰਘਾਂ ਨੂੰ ਅਲਾਟ ਹੋਈ, ਇਸਦੇ ਖਸਰੇ ਨੰਬਰ ਦੇਣ ਦਾ ਅਧਿਕਾਰ ਵੀ ਸ੍ਰੀ ਸਤਿਗੁਰੂ ਜੀ ਦਾ ਹੀ ਸੀ।



Sri Satguru Jagjit Singh Ji Elibrary NamdhariElibrary@gmail.com

ਕਰੀਵਾਲੇ ਦੇ ਕੁਝ ਸਿੰਘਾਂ ਨੇ ਚੁਕਣਾ ਵਿਚ ਆ ਕੇ ਬੇ-ਸ਼ਰਧਕ ਬਣ ਕੇ ਜ਼ਮੀਨ ਦੀ ਅਲਾਟਮੈਂਟ ਸ੍ਰੀ ਸਤਿਗੁਰੂ ਜੀ ਤੋਂ ਕਰਵੌਣ ਦੀ ਬਜਾਏ ਸਰਕਾਰ ਪਾਸੋਂ ਕਰਵਾਈ। ਇਸ ਅਸ਼ੁਭ ਕੰਮ ਵਿੱਚ ਚੌ: ਦੇਵੀ ਲਾਲ ਨੇ ਨਾਮਧਾਰੀ ਪੰਥ ਦੀ ਵਿਰੋਧਤਾ ਵਧ ਚੜ੍ਹ ਕੇ ਕੀਤੀ। ਕਰੀਵਾਲਾ ਪਿੰਡ ਦੋ ਹਿਸਿਆਂ ਵਿੱਚ; ਇਕ ਚੜ੍ਹਦੇ, ਦੂਜਾ ਲਹਿੰਦੇ ਵਲ ਹੈ।

ਸਰਕਾਰੀ ਅਲਾਟਮੈਂਟ ਨਾਲ ਚੜ੍ਹਦੇ ਪਿੰਡ ਰਹਿਣ ਵਾਲਿਆਂ ਨੂੰ ਲਹਿੰਦੇ ਪਿੰਡ ਤੋਂ ਵੀ ਲਹਿੰਦੇ ਵਲ ਅਤੇ ਲਹਿੰਦੇ ਪਿੰਡ ਵਾਲਿਆਂ ਨੂੰ ਚੜ੍ਹਦੇ ਪਿੰਡ ਤੋਂ ਚੜ੍ਹਦੇ ਵਲ ਜ਼ਮੀਨਾਂ ਅਲਾਟ ਹੋ ਚੁਕੀਆਂ ਹਨ। ਫਲ ਸਰੂਪ ਲਹਿੰਦੇ ਵਲ ਰਹਿਣ ਵਾਲੇ ਆਪਣੇ ਪਸ਼ੂ ਚੜ੍ਹਦੇ ਵਲ ਪਿੰਡ ਕੋਲੋਂ ਦੀ ਅਤੇ ਚੜ੍ਹਦੇ ਪਾਸੇ ਪਿੰਡ ਵਾਲੇ ਲਹਿੰਦੇ ਦੇ ਵਿੱਚ ਦੀ ਜਦੋਂ ਲੈ ਕੇ ਲੰਘਦੇ ਹਨ ਤਾਂ ਭਾਰੀ ਪਸ਼ਚਾਤਾਪ ਕਰਦੇ ਹਨ ਕਿ ਉਦੋਂ ਸ੍ਰੀ ਸਤਿਗੁਰੂ ਜੀ ਦਾ ਵਚਨ ਕਿਉਂ ਨਾ ਮੰਨਿਆਂ।

**ਅਲਾਟਮੈਂਟ (ਜ਼ਮੀਨ ਦੀ ਵੰਡ) ਦਾ ਤਰੀਕਾ :—**

ਸਰਕਾਰੀ ਵੰਡ, ਅਖਰ-ਕਰਮ ਅਨੁਸਾਰ ਜ਼ਮੀਨ ਮਾਲਕਾਂ ਨੂੰ ਦਿੱਤੀ ਜਾਂਦੀ ਸੀ ਪਰ ਆਪ ਜੀ ਨੇ ਇਸ ਢੰਗ ਨੂੰ ਠੀਕ ਨਾ ਮੰਨਦਿਆਂ ਹੋਇਆਂ ਵਡੇ ਮਾਲਕਾਂ ਨੂੰ ਪਿੰਡ ਤੋਂ ਦੂਰ ਅਤੇ ਛੋਟਿਆਂ ਨੂੰ ਨੇੜੇ, ਉਨ੍ਹਾਂ ਵਿਚ ਇਕੱਠੇ ਰਹਿ ਸਕਣ ਵਾਲਿਆਂ ਦੇ ਛੋਟੇ ਛੋਟੇ ਜਥੇ ਬਣਾ ਕੇ ਜ਼ਮੀਨ ਵੰਡੀ। ਉਹਨਾਂ ਦਿਨਾਂ ਵਿੱਚ ਬਹੁਤ ਜ਼ਮੀਨ ਬੇਆਬਾਦ ਸੀ ਅਤੇ ਪਾਣੀ ਦੀ ਥੁੜ ਵੀ ਸੀ। ਆਪ ਜੀ ਨੇ ਪਿੰਡਾਂ ਦੇ ਨੇੜੇ ਖੂਹਾਂ ਪਾਸ ਦੀ ਜ਼ਮੀਨ ਗਰੀਬਾਂ ਅਤੇ ਬਿਲਕੁਲ ਛੋਟੇ ਮਾਲਕਾਂ ਨੂੰ ਦਿਤੀ। ਵਡਿਆਂ ਨੂੰ ਕੁਝ ਬੇ-ਆਬਾਦ ਅਤੇ ਕੁਝ ਆਬਾਦ ਪਰ ਪਿੰਡੋਂ ਦੂਰ ਦਿੱਤੀ।

ਕਈਆਂ ਨੂੰ ਸਵਾਰਥੀਆਂ ਨੇ ਵਰਗਲਾਇਆ। ਸ੍ਰੀ ਸਤਿਗੁਰੂ ਜੀ ਦੀ ਕੀਤੀ ਹੋਈ ਇਸ ਵੰਡ ਦੇ ਵਿਰੁਧ ਸਰਕਾਰ ਪਾਸ ਜਾ ਕੇ ਅਰਜ਼ੀ ਦੁਆ ਦਿਤੀ। ਇਸ ਤੇ, ਉਸ ਵਕਤ ਦੇ ਮੁੜ-ਵਸਾਊ ਮਹਿਕਮੇ ਦੇ ਡਾਇਰੈਕਟਰ ਠਾਕੁਰ ਵਿਕਰਮ ਸਿੰਘ ਨੇ ਸ੍ਰੀ ਜੀਵਨ ਨਗਰ ਜਿਥੇ ਸ੍ਰੀ ਸਤਿਗੁਰੂ ਜੀ ਵਲੋਂ ਲਗਾਏ ਹੋਏ ਪਟਵਾਰੀ ਅਤੇ ਹੋਰ ਸੇਵਕ ਕੰਮ ਕਰ ਰਹੇ ਸਨ, ਅਚਾਨਕ ਛਾਪਾ ਮਾਰਿਆ। ਬਾਂਗਾ ਰਾਮ ਪਟਵਾਰੀ ਅਤੇ ਸ: ਅਵਤਾਰ ਸਿੰਘ ਭੱਬਰ ਨੇ ਜਦੋਂ ਠਾਕਰ ਵਿਕਰਮ ਸਿੰਘ ਨੂੰ ਸ੍ਰੀ ਸਤਿਗੁਰੂ ਜੀ ਦੀ ਕੀਤੀ ਹੋਈ ਵੰਡ ਦਿਖਾਈ ਤਾਂ ਉਨ੍ਹਾਂ ਦੇ ਮੂੰਹੋਂ ਆਪੇ ਹੀ ਇਹ ਸ਼ਬਦ ਨਿਕਲੇ ਕਿ "ਇਸ ਤਰ੍ਹਾਂ ਦੀ ਸੋਹਣੀ ਵੰਡ ਤਾਂ ਸਰਕਾਰ ਵੀ ਨਹੀਂ ਕਰ ਸਕੀ।" ਸਰਕਾਰ ਦੀ ਵੰਡ ਤਾਂ ਅਖਰ-ਕਰਮ ਅਨੁਸਾਰ ਹੈ। ਜੇ ਕਿਸੇ ਗਰੀਬ ਨੂੰ ਮਾੜੀ ਜ਼ਮੀਨ ਆ ਗਈ ਹੈ ਤਾਂ ਉਸਨੂੰ ਕੁਝ ਚਾਰਾ ਕਰ ਸਕਣ ਦੀ ਗੁੰਜਾਇਸ਼ ਨਹੀਂ ਜੇ ਕੋਈ ਵਡਾ ਮਾਲਕ ਚੰਗੀ ਲੈ ਗਿਆ ਹੈ ਤਾਂ ਉਸਦੇ ਵਿਰੁਧ ਕੋਈ ਬੋਲ ਨਹੀਂ ਸਕਦਾ। ਉਹ ਠਾਕੁਰ ਬਿਕਰਮ ਸਿੰਘ ਜੋ ਜਲੰਧਰ ਤੋਂ ਵਿਰੋਧੀ ਵਿਚਾਰ ਲੈ ਕੇ ਆਏ ਸਨ, ਬਾਅਦ ਵਿਚ ਸ੍ਰੀ ਸਤਿਗੁਰੂ ਜੀ ਪ੍ਰਤੀ ਸਦਾ ਹੀ ਸਦ ਭਾਵਨਾ ਨਾਲ ਰਹਿੰਦੇ ਰਹੇ।

ਸ੍ਰੀ ਜੀਵਨ ਨਗਰ ਖਰੀਦਾਰਾਂ ਤੋਂ ਬਚੀ ਹੋਈ ੨੦ ਮੁਰੱਬੇ ਦੇ ਕਰੀਬ ਜ਼ਮੀਨ ਵਿਦਿਆਲੇ ਦੇ ਨਾਮ ਲਗਾ ਦਿਤੀ ਜਿਸ ਵਿੱਚ ਦਸਵੀਂ ਸ਼੍ਰੇਣੀ ਤਕ ਵਿਦਿਆ ਬਿਨਾਂ ਕੁਝ ਲੈਣ ਤੋਂ ਪੜ੍ਹਾਈ ਜਾਂਦੀ ਹੈ। ਬਲਕਿ ਜੇ ਕੋਈ ਵਿਦਿਆਰਥੀ ਗਰੀਬੀ ਕਾਰਨ ਰੋਟੀ ਕਪੜੇ ਦਾ ਭਾਰ ਚੁੱਕਣ ਤੋਂ ਅਸਮਰਥ ਹੋਵੇ ਤਦ ਵਿਦਿਆਲੇ ਵਲੋਂ ਉਸ ਦੀ ਸਹਾਇਤਾ ਕੀਤੀ ਜਾਂਦੀ ਹੈ।

ਇਸ ਤੋਂ ਬਿਨਾਂ ਕਿਤਨੇ ਹੀ ਬਿਨਾਂ ਜਾਤੀ ਵਿਤਕਰੇ ਦੇ ਬੇ-ਜ਼ਮੀਨ ਗਰੀਬਾਂ ਨੂੰ ਬਚਤ ਵਾਲੀ ਜ਼ਮੀਨ ਦੇ ਕੇ ਆਪ ਜੀ ਨੇ ਸਨਾਥ ਕੀਤਾ। ਸ੍ਰੀ ਜੀਵਨ ਨਗਰ ਅਤੇ ਇਸ ਇਲਾਕੇ ਦੀ ਸਥਾਪਨਾ ਇਕ ਅਦੁਤੀ ਹੈ ਅਤੇ ਇਹ ਆਪਣਾ ਉਦਾਹਰਣ ਆਪ ਹੀ ਹੈ। ਸ੍ਰੀ ਸਤਿਗੁਰੂ ਜੀ ਦਾ ਫੁਰਮਾਨ ਹੈ ਕਿ "ਮੈਂ ਚਾਹੁੰਦਾ ਹਾਂ ਸਿੰਘਾਂ ਦੇ ਪੱਕੇ ਮਕਾਨ ਹੋਣ ਅਤੇ ਪਖੇ ਚਲਦੇ ਹੋਣ, ਕਰੀਬ ੨੦/੨੫ ਸਾਲਾਂ ਪਿਛੋਂ ਸਾਕਾਰ ਹੋ ਰਹੇ ਹਨ।



Sri Satguru Jagjit Singh Ji Elibrary NamdhariElibrary@gmail.com

ਸ੍ਰੀ ਜੀਵਨ ਨਗਰ ਦੀ ਮੌਰੂਸ ਜਮੀਨ ਦੀ ਵੰਡ ਸਰਕਾਰੀ ਖਸਰਾ ਨੰਬਰ ਧਿਆਨ ਵਿਚ ਨਾ ਰਖਦਿਆਂ ਕੀਤੀ ਗਈ। ਤਾਂ ਕਿ ਖਰੀਦ ਵਾਲੀ ਅਤੇ ਮੌਰੂਸ ਜਮੀਨ ਇਕਠੀ ਵਾਹੀ ਹੇਠ ਲਿਆਂਦੀ ਜਾ ਸਕੇ। ਰਕਬੇ ਮੁਤੇ, ਚੰਗੇ ਕੀਮਤ ਪਾ ਕੇ ਸਭ ਮਾਲਕਾਂ ਨੂੰ ਨੂੰ ਉਨ੍ਹਾਂ ਦੀ ਮਲਕੀਅਤ ਅਨੁਸਾਰ ਦਿਤੇ ਗਏ। ਕੁਝ ਸਵਾਰਥੀਆਂ ਨੇ ਇਸ ਤੋਂ ਅਯੋਗ ਲਾਭ ਉਠਾਉਣ ਵਾਸਤੇ, ਚੌਧਰੀ ਦੇਵੀ ਲਾਲ ਦਾ ਆਸਰਾ ਲਿਆ ਅਤੇ ਸਰਕਾਰੀ ਨਿਯਮ ਦੀ ਉਲੰਘਣਾ ਦਾ ਦੋਸ਼ ਲਿਖ ਕੇ ਸ਼ਕਾਇਤਾਂ ਕੀਤੀਆਂ। ਫਿਰ ਵੀ ਆਪ ਨੇ ਧੀਰਜ ਰਖਦਿਆਂ ਸਰਕਾਰੀ ਕ੍ਰੋਪੀਆਂ ਦਾ ਸਾਹਮਣਾ ਕੀਤਾ। ਅਤੇ ਕਿਸੇ ਦੇ ਵਿਰੁੱਧ ਕਦੇ ਕੋਈ ਮੁਕੱਦਮਾ ਸਰਕਾਰ ਪਾਸ ਨਹੀਂ ਭੇਜਿਆ। ਉਸ ਵੇਲੇ ਪੰਜਾਬ ਦੀ ਸਰਕਾਰ ਨੇ ਐਸੇ ਸਵਾਰਥੀਆਂ ਨੂੰ ਭਰਪੂਰ ਸਹਿਯੋਗ ਦਿਤਾ। ਸ੍ਰੀ ਸਤਿਗੁਰੂ ਜੀ ਵਿਰੁੱਧ ਦੀਵਾਨੀ ਅਦਾਲਤਾਂ ਵਿਚ ੧੪ ਮੁਕਦਮੇ ਚਲਾਏ ਗਏ। ਫਿਰ ਵੀ ਆਪ ਜੀ ਨੇ ਧੀਰਜ ਹੀ ਰਖਿਆ ਅਤੇ ਸਭ ਨੂੰ ਧੀਰਜ ਰਖਣ ਦਾ ਉਪਦੇਸ਼ ਦਿੰਦੇ ਰਹੇ। ਮੁਕਦਮਿਆਂ ਵਿਚ ਦੋਸ਼ੀ ਬਣਾਕੇ ਸ੍ਰੀ ਸਤਿਗੁਰੂ ਜੀ ਨੂੰ ਗਵਾਹ ਦੇ ਰੂਪ ਵਿਚ ਅਦਾਲਤ ਸਾਹਮਣੇ ਪੇਸ਼ ਕਰਨ ਲਈ ਭਰਪੂਰ ਯਤਨ ਕੀਤੇ ਗਏ। ਉਸ ਵੇਲੇ ਦੇ ਹਾਕਮ ਸਵਾਰਥੀਆਂ ਨੂੰ ਚੋਧਰੀ ਦੇਵੀ ਲਾਲ ਦੇ ਕਹਿਣ ਤੇ ਭਰਪੂਰ ਸਹਿਯੋਗ ਦੇ ਰਹੇ ਸਨ। ਸ੍ਰੀ ਸਤਿਗੁਰੂ ਜੀ ਬੁਖਾਰ ਹੋ ਜਾਣ ਕਾਰਨ ਸ੍ਰੀ ਭੈਣੀ ਸਾਹਿਬ ਹੀ ਸਨ। ਆਪ ਜੀ ਨੇ ਏਹ ਪ੍ਰਣ ਕਰ ਰਖਿਆ ਸੀ ਕਿ ਅਦਾਲਤ ਸਾਹਮਣੇ ਪੇਸ਼ ਨਹੀਂ ਹੋਣਾ। ਵਿਰੋਧੀਆਂ ਵਲੋਂ ਪੇਸ਼ ਹੋਣ ਲਈ ਮਜ਼ਬੂਰ ਕੀਤਾ ਜਾ ਰਿਹਾ ਸੀ। ਅੰਤ ਪੇਸ਼ੀ ਦੀ ਤਾਰੀਖ ਤੋਂ ਦੋ ਦਿਨ ਪਹਿਲਾਂ ਆਪਣਾ ਪ੍ਰਣ ਨਿਭਾਉਂਦੇ ਹੋਏ ਆਪ ਜੀ ਜੋਤੀ ਜੋਤ ਸਮਾ ਗਏ।

ਬੀੜ ਭਰਮਾਰਸੀ ਰਿਆਸਤ ਨਾਭਾ ਵਿਚ ੫੯੦੮ ਵਿਘੇ (ਕੱਚੇ) ਜ਼ਮੀਨ ਮਹਾਰਾਜਾ ਰਿਪੁਦਮਨ ਸਿੰਘ ਨੇ ਆਪਣੇ ਘਰ ਪੁਤਰ ਹੋਣ ਦੀ ਖੁਸ਼ੀ ਵਿਚ ਸ੍ਰੀ ਸਤਿਗੁਰੂ ਜੀ ਨੂੰ ਮੱਥਾ ਟੇਕੀ ਸੀ। ਅੰਗਰੇਜ ਸਰਕਾਰ ਨੇ, ਮਹਾਰਾਜੇ ਨੂੰ ਗਦੀਓਂ ਉਤਾਰ ਦਿੱਤਾ ਅਤੇ ਕੋਡਾਈ ਕਨਾਲ ਲੈ ਜਾ ਕੇ ਨਜ਼ਰ ਬੰਦ ਕਰ ਦਿਤਾ। ਨਾਮਧਾਰੀ ਸਿੰਘਾਂ ਨੂੰ ਉਥੋਂ ਕਢ ਨਹੀਂ ਸਕੇ ਪਰ ਇਹ ਜਤਨ ਜਰੂਰ ਕਰਦੇ ਰਹੇ ਕਿ ਕਿਵੇਂ ਨਾ ਕਿਵੇਂ ਏਹ ਆਪੇ ਹੀ ਇਥੋਂ ਛੱਡ ਜਾਣ। ਬੀੜ ਦੇ ਕਾਗਜ਼ ਸਰਕਾਰ ਦੀ ਬਦਨੀਯਤ ਕਾਰਣ ਅਧੂਰੇ ਰਹੇ, ਦੇਸ਼ ਸੁਤੰਤਰ ਹੋਣ ਤੇ ਪੈਪਸੂ ਦੀ ਸਰਕਾਰ ਪਾਸ ਸਾਰੀ ਸਥਿਤੀ ਦੱਸੀ ਗਈ। ਸਹਿਯੋਗ ਦੇਣਦੀ ਬਜਾਏ ਸਰਕਾਰ ਨੇ ਨਾਮਧਾਰੀ ਸਿੰਘਾਂ ਨੂੰ ਜ਼ਮੀਨ ਵਿਚੋਂ ਕੱਢਣ ਦੇ ਵਿਚਾਰ ਬਣਾ ਲਏ ਅਤੇ ਉਨ੍ਹਾਂ ਤੇ ਥੋੜਾ ਥੋੜਾ ਅਮਲ ਸ਼ੁਰੂ ਕਰ ਦਿੱਤਾ। ਇਸ ਤੇ ਸਰਕਾਰ ਵਿਰੁਧ ਦੀਵਾਨੀ ਅਦਾਲਤ ਵਿਚ ਮੁਕਦਮਾ ਦਾਇਰ ਕੀਤਾ ਗਿਆ। ਅਦਾਲਤ ਵਲੋਂ ਫੈਸਲਾ ਸਰਕਾਰ ਦੇ ਵਿਰੁਧ ਹੋਇਆ। ਫੇਰ ਸਰਕਾਰ ਵਲੋਂ ਹਾਈ ਕੋਰਟ ਵਿਚ ਅਪੀਲ ਹੋਈ ਜੋ ਸਮੇਤ ਖਰਚੇ ਖਾਰਜ ਹੋ ਗਈ। ਏਥੇ ਵੀ ਬਹੁਤ ਸਾਰੀ ਜ਼ਮੀਨ ਸ੍ਰੀ ਸਤਿਗੁਰੂ ਜੀ ਨੇ ਕਿਸੇ ਪ੍ਰਕਾਰ ਦੀ ਜਾਤ ਮਜ਼ਬ ਨਾ ਵਿਚਾਰਦਿਆਂ ਹੋਇਆਂ ਬੇ-ਜ਼ਮੀਨੇ ਸਿੰਘਾਂ ਨੂੰ ਜ਼ਮੀਨ ਦੇ ਕੇ ਉਥੇ ਵਸਾਇਆ।

ਸ੍ਰੀ ਜੀਵਨ ਨਗਰ ਖਰੀਦੀ ਹੋਈ ਜ਼ਮੀਨ ਦੀ ਪਹਿਲੀ ਵੰਡ ਜਦੋਂ ਕੀਤੀ ਤਾਂ ਆਪ ਜੀ ਨੇ ਨਕਸ਼ਾ ਪਾਸ ਰੱਖ ਕੇ ਸਭ ਨੂੰ (ਕਮਰੇ) ਅੰਦਰੋਂ ਬਾਹਰ ਕੱਢ ਦਿੱਤਾ ਅਤੇ ਆਪ ਅਰਦਾਸਾ ਕਰ ਕੇ ਬੈਠ ਗਏ। ਥੋੜੇ ਚਿਰ ਪਿਛੋਂ ਬਾਹਰ ਬੈਠੇ ਹੋਇਆਂ ਨੂੰ ਬੁਲਾ ਕੇ ਦੱਸਿਆ ਕਿ ਸਭ ਤੋਂ ਚੜ੍ਹਦੇ ਪਾਸੇ ਕਮੋ ਸਿੰਘ (ਜਿਸ ਪਿੰਡ ਦਾ ਨਾਮ ਹੁਣ ਸੰਤਾਂ ਵਾਲੀ ਹੈ) ਫੇਰ ਸ੍ਰੀ ਜੀਵਨ ਨਗਰ ਵਿਚ ਮਿਲੇ ਜੁਲੇ ਜ਼ਿਲਿਆਂ ਦੇ, ਪਰ ਬਹੁਤੇ ਮਲਵਈ। ਉਸ ਤੋਂ ਅਗੇ ਸੰਤ ਨਗਰ ਜ਼ਿਲਾ ਸ਼ੇਖੂਪੁਰ, ਸਿਆਲ ਕੋਟ ਅਤੇ ਲਾਇਲਪੁਰ ਦੇ ਵਸਨੀਕ। ਫੇਰ ਦਮਦਮਾਂ ਮਲਵਈ ਅਤੇ ਦੁਆਬੀਏ ਸਿੰਘ ਅਤੇ ਇਸੇ ਪਿੰਡ ਦੇ ਦੱਖਣ ਪੱਛਮ ਵਲ ਸੈਣੀ ਸਿੰਘ।



Sri Satguru Jagjit Singh Ji Elibrary NamdhariElibrary@gmail.com

ਕਮੇ ਅਤੇ ਸੈਣੀ ਸਿੰਘ ਪਿਛੋਂ ਜਿਥੋਂ (ਪੱਛਮੀ ਪੰਜਾਬ 'ਚੋਂ) ਆਏ ਹਨ, ਕਈ ਸਾਲਾਂ ਤੋਂ ਉਹ ਉਥੇ ਥੋੜੀ ਥੋੜੀ ਜ਼ਮੀਨ ਮਜਾਰੇ ਦੇ ਰੂਪ ਵਿਚ ਕਾਸ਼ਤ ਕਰਦੇ ਸਨ। ਮਾਲਕ (ਸ੍ਰਦਾਰ ਜ਼ਮੀਨਾਂ ਦੇ ਮਾਲਕ) ਤਾਂ ਅੰਗਰੇਜ਼ ਪ੍ਰਸਤ ਸਨ ਪਰ ਵੋਟਾਂ ਇਨ੍ਹਾਂ ਵਲੋਂ ਸ੍ਰੀ ਸਤਿਗੁਰੂ ਜੀ ਦੀ ਇੱਛਾ ਅਨੁਸਾਰ ਸਦਾ ਕਾਂਗਰਸ ਨੂੰ ਦਿੱਤੀਆਂ ਜਾਂਦੀਆਂ ਸਨ। ਅਜਿਹਾ ਕਰਨ ਪਰ ਇਨ੍ਹਾਂ ਮਜਾਰਿਆਂ ਨੂੰ ਕਈ ਪ੍ਰਕਾਰ ਦੇ ਕਸ਼ਟ ਸਹਾਰਨੇ ਪੈਂਦੇ ਸਨ। ਪਰ ਉਨ੍ਹਾਂ ਨੇ ਉਥੇ ਕਦੀ ਸਿਦਕ ਨਹੀਂ ਛਡਿਆ। ਅੱਜ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਸਦਕਾ ਉਹ ਉਨ੍ਹਾਂ ਮਾਲਕਾਂ ਨਾਲੋਂ ਚੰਗੀ ਜਾਂ ਉਨ੍ਹਾਂ ਦੇ ਬਰਾਬਰ ਦੀ ਆਰਥਿਕ ਸਥਿਤੀ ਵਿਚ ਹਨ।

ਸ੍ਰੀ ਸਤਿਗੁਰੂ ਜੀ ਦੇ ਗਊ-ਗਰੀਬ ਦੀ ਪਾਲਣਾ ਕਰਨ ਦੇ ਇਤਿਹਾਸ ਦਾ ਇਹ ਸੰਖੇਪ ਜਿਹਾ ਵਰਨਣ ਹੈ। ਜੋ ਪਰਉਪਕਾਰ ਆਪ ਜੀ ਨੇ ਕੀਤੇ ਹਨ ਉਨ੍ਹਾਂ ਨੂੰ ਗਿਣਿਆ ਅਤੇ ਲਿਖਿਆ ਤਾਂ ਜਾ ਹੀ ਨਹੀਂ ਸਕਦਾ। ਜਿੰਨਾਂ ਕੁਛ ਯਾਦ ਹੈ ਜੇ ਸਾਰਾ ਲਿਖਿਆ ਜਾਵੇ ਤਦ ਵੀ ਇਕ ਪੁਸਤਕ ਬਣ ਸਕਦੀ ਹੈ। ਅਜੇ ਕਈ ਜ਼ਰੂਰੀ ਤਥ ਵਰਨਣ ਕਰਨ ਤੋਂ ਰਹਿ ਗਏ ਹਨ, ਤਾਂ ਵੀ ਜਿੰਨਾ ਸੋਚਿਆ ਸੀ ਉਸ ਤੋਂ ਇਹ ਲੇਖ ਲੰਬਾ ਹੋ ਗਿਆ ਹੈ।

ਜਿਨ੍ਹਾਂ ਨੇ ਉਸ ਸਮੇਂ ਨੂੰ ਆਪਣੇ ਸਾਹਮਣੇ ਦੇਖਿਆ ਹੈ ਏਹ ਉਹੋ ਹੀ ਜਾਣਦੇ ਹਨ ਕਿ ਹਰ ਪ੍ਰਕਾਰ ਦੇ ਪਸ਼ੂਆਂ ਦੇ ਗੁਣ-ਔਗਣਾਂ ਦੀ ਪਰਖ ਸ੍ਰੀ ਸਤਿਗੁਰੂ ਜੀ ਕਿਸ ਤਰ੍ਹਾਂ ਤਤਪਰ ਕਰ ਦਿੰਦੇ ਸਨ। ਆਪ ਪਸ਼ੂ ਪ੍ਰਦਰਸ਼ਨੀਆਂ ਵਿੱਚ ਜਜ ਦੇ ਰੂਪ ਵਿੱਚ ਵੀ ਜਾਂਦੇ ਰਹੇ ਅਤੇ ਪ੍ਰਜਨਨ ਤੋਂ ਨਕਾਰੀਆਂ ਹੋ ਚੁਕੀਆਂ ਗਊਆਂ ਨੂੰ ਵੇਖਦਿਆਂ ਹੀ ਅਲੱਗ ਕਰ ਦਿੰਦੇ।

ਆਪ ਜੀ ਤੋਂ ਗਊ ਪਾਲਣ ਦੀ ਪ੍ਰਾਪਤ ਕੀਤੀ ਸਿਖਿਆ ਦੀ ਉਦਾਹਰਣ ਔਸ ਵੇਲੇ ਗਊਆਂ ਦੀ ਸੇਵਾ ਕਰਨ ਵਾਲਾ ਦਰਿਆਮ ਸਿੰਘ ਸ੍ਰੀ ਭੈਣੀ ਸਾਹਿਬ ਦੇ ਤਬੇਲੇ ਵਿਚ ਹੈ। ਉਹਨਾਂ ਗਊਆਂ ਦੇ ਪਿੰਡੇ ਦੀ ਚਮਕ ਹੀ ਦੱਸਦੀ ਹੈ ਕਿ ਇਨ੍ਹਾਂ ਨੂੰ ਸੰਭਾਲਣ ਵਾਲੇ ਨੇ ਕਿਥੋਂ ਸਿਖਿਆ ਲਈ ਹੈ।

ਆਪ ਜੀ ਦੇ ਦੇਹ ਦਾ ਓਹਲਾ ਕਰ ਜਾਣ ਤੇ ਜਿਥੇ ਕਈ ਸਾਧੂ-ਸੰਤ ਅਤੇ ਰਾਜਨੀਤੀ ਨੇਤਾਵਾਂ ਨੇ ਸ਼ੋਕ ਕੀਤੇ ਉਥੇ ਸਰਬ ਹਿੰਦ ਪਸ਼ੂ ਪ੍ਰਦਰਸ਼ਨੀ ਕਮੇਟੀ ਦੇ ਪ੍ਰਮੁਖ ਕਾਰਜ ਕਰਤਾਵਾਂ ਨੇ ਕਮੇਟੀ ਵਲੋਂ ਆਪਣੇ ਦਿਲਦੇ-ਸ਼ੋਕ ਪ੍ਰਸਤਾਵ ਰਾਹੀਂ ਭੇਜੇ।

ਗਊਆਂ ਦੀ ਨਸਲ ਦਾ ਸੁਧਾਰ, ਉਨਤੀ ਅਤੇ ਬੇਮਾਲਕਾਂ ਨੂੰ ਜ਼ਮੀਨ ਦੇ ਮਾਲਕ ਬਣਾ ਕੇ ਆਪ ਨੇ ਉਹ ਪਰਉਪਕਾਰ ਕੀਤਾ ਹੈ ਜੋ ਸਦਾ ਅਭੁਲ ਅਤੇ ਅਮਿਟ ਰਹਿਣ ਵਾਲਾ ਹੈ।

ਆਪ ਜੀ ਸ੍ਰੀ ਭੈਣੀ ਸਾਹਿਬ ਅਤੇ ਸ੍ਰੀ ਜੀਵਨ ਨਗਰ ਆਪਣੇ ਪਾਸੋਂ ਖਰਚ ਕਰ ਕੇ ਪਸ਼ੂ ਪਾਲਕਾਂ ਨੂੰ ਉਤਸ਼ਾਹ ਦੇਣ ਵਾਸਤੇ ਕਰੀਬ ਹਰ ਮੇਲੇ ਤੇ ਪਸ਼ੂ ਪ੍ਰਦਰਸ਼ਨੀਆਂ ਕਰਦੇ। ਜੇਤੂ ਪਸ਼ੂਆਂ ਦੇ ਮਾਲਕਾਂ ਨੂੰ ਕਦੀ ਮੁਖ ਮੰਤਰੀ ਕਦੀ ਕੋਈ ਹੋਰ ਮੰਤਰੀ ਆ ਆ ਕੇ ਇਨਾਮ ਵੰਡਦੇ। ਸ੍ਰੀ ਸਤਿਗੁਰੂ ਜੀ ਦੇ ਆਪਣੇ ਪਸ਼ੂ ਇਹਨਾਂ ਮੇਲਿਆਂ ਵਿਚ ਪਸ਼ੂ ਪਾਲਕਾਂ ਨੂੰ ਤਬੇਲੇ ਵਿਚ ਲੈ ਜਾ ਕੇ, ਉਹਨਾਂ ਦੀ ਆਪਣੀ ਆਪਣੀ ਨਸਲ ਦਾ ਚਰਿਤਰ ਸਮਝਣ ਲਈ ਦਿਖਾਏ ਜਾਂਦੇ; ਜਿਨ੍ਹਾਂ ਨੇ ਉਹ ਪਸ਼ੂ ਪ੍ਰਦਰਸ਼ਨੀਆਂ ਵੇਖੀਆਂ ਹਨ ਉਹਨਾਂ ਨੂੰ ਚੰਗੀ ਤਰ੍ਹਾਂ ਅਨੁਭਵ ਹੈ ਕਿ ਸ੍ਰੀ ਸਤਿਗੁਰੂ ਜੀ ਕਿਤਨੀ ਤਤਪਰਤਾ ਨਾਲ ਪਸ਼ੂਆਂ ਦੀ ਯੋਗਤਾ ਦਾ ਨਿਰਣਾ ਕਰ ਦਿੰਦੇ ਸਨ।

ਸੰਮਤ ੨੦੦੯ ਦੀ ਸਰਬ ਹਿੰਦ ਪਸ਼ੂ ਪ੍ਰਦਰਸ਼ਨੀ ਹਿਸਾਰ ਹੋਈ ਜਿਸਦੇ ਪੁਰਸਕਾਰ ਉਸ ਸਮੇਂ ਦੇ ਰਾਸ਼ਟਰ-ਪਤੀ ਡਾ: ਰਾਜਿੰਦਰ ਪ੍ਰਸਾਦ ਜੀ ਨੇ ਜੇਤੂ ਮਾਲਕਾਂ ਨੂੰ ਦਿਤੇ। ਸਭ ਤੋਂ ਵੱਧ ਇਨਾਮ ਜਿਤਣ ਵਾਲੀਆਂ ਗਊਆਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਹੀ ਸਨ। ਇਨਾਮ ਦੇਣ ਉਪ੍ਰੰਤ ਭਾਸ਼ਣ ਦਿੰਦੇ ਹੋਏ ਰਾਸ਼ਟਰਪਤੀ ਜੀ ਨੇ ਕਿਹਾ "ਜੋ ਲੋਗ ਗਊ ਮਾਰਤੇ ਹੈਂ, ਉਨ ਮੇਂ ਬਲ ਤੋ ਹੈ ਬੁਧੀ ਨਹੀਂ ਹੈ।" ਦੂਜੇ ਉਨ੍ਹਾਂ ਨੇ ਇਹ ਕਿਹਾ ਕਿ "ਜਿਸ ਨੇ ਗਊ-ਪਾਲਣ ਸੀਖਨਾ ਹੈ ਵਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕੇ ਪਾਸ ਜਾ ਕਰ ਸੀਖੇ।" ●



Sri Satguru Jagjit Singh Ji Elibrary NamdhariElibrary@gmail.com

# ਕਾਨੂੰਨ ਵਿਰੁਧ ਗਊ ਧਨ ਦਾ ਨਿਕਾਸ

# AGAINST LAW
# Taking Cows out of Punjab



*Namdhari and the other who helped to stop (cow's) illegal movement out of Panjab.*

ਉਪ੍ਰੋਕਤ ਤਸਵੀਰ ਵਿਚ ਗੱਡੀਆਂ ਵਿਚੋਂ ਲਾਹੇ ਗਏ ਫੜੇ ਹੋਏ ਬੈਲ ਗਊਆਂ ਵਿਚੋਂ ਕੁਝ ਮੰਡੀ ਦਬਵਾਲੀ ਵਿਚ ਦਿਖਾਏ ਗਏ ਹਨ । ਪ੍ਰਲੋਕਵਾਸੀ ਸੰਤ ਮੱਲ ਸਿੰਘ ਜੀ ਅਤੇ ਗਊ ਸ਼ਾਲਾ ਦੇ ਇਕ ਕਰਮਚਾਰੀ ਬੈਲਾਂ ਦੇ ਨਾਲ ਖੜੇ ਹਨ ।

Sri Satguru Jagjit Singh Ji Elibrary NamdhariElibrary@gmail.com

# ਕਾਨੂੰਨ ਵਿਰੁਧ ਗਊ ਧਨ ਦਾ ਨਿਕਾਸ

# AGAINST LAW
## Taking Cows out of Punjab



***The herd of cows checked while being taken out of the State.***

ਹਰਿਆਣਾ ਪ੍ਰਾਂਤ ਤੋਂ ਗਊਆਂ ਬੈਲ ਆਦਿ ਦੀ ਨਿਕਾਸੀ ਤੇ ਪਾਬੰਦੀ ਹੈ। ਕਾਨੂੰਨ ਵਿਰੁੱਧ ਮੰਡੀ ਦਬਵਾਲੀ ਤੋਂ ਬੰਬਈ ਨੂੰ ਭੇਜੇ ਜਾ ਰਹੇ ਗਊਆਂ ਬੈਲ ਫੜੇ ਗਏ। ਦੋਸ਼ੀਆਂ ਵਿਰੁੱਧ (ਜਿਨ੍ਹਾਂ ਵਿਚ ਮੰਡੀ ਦਬਵਾਲੀ ਦਾ ਸਟੇਸ਼ਨ ਮਾਸਟਰ ਵੀ ਹੈ) ਸੂਚਨਾ ਦਿਤੇ ਜਾਣ ਤੇ ਕੇਸ ਰਜਿਸਟਰ ਹੋਇਆ। ਦੋਸ਼ੀ ਫੜੇ ਗਏ ਅਤੇ ਬੈਲ, ਗਊਆਂ ਮੰਡੀ ਦਬਵਾਲੀ ਗਊ ਸ਼ਾਲਾ ਵਿਚ ਸਪੁਰਦਦਾਰੀ ਤੇ ਦੇ ਦਿਤੀਆਂ ਗਈਆਂ।

Sri Satguru Jagjit Singh Ji Elibrary NamdhariElibrary@gmail.com

# ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਜੀ ਦੀਆਂ ਕਾਮਧੇਨੀ-ਸੱਧਰਾਂ

**ਆਤਮਾ ਸਿੰਘ ਸਨਖਤ੍ਰਵੀ**
ਸ੍ਰੀ ਜੀਵਨ ਨਗਰ

ਕਿਸੇ ਮਹਾਨ ਵਿਅਕਤੀ ਦੀ ਮਹਾਤਨਾ ਦਾ ਅਨੁਮਾਨ ਉਸਦੀਆਂ ਅੰਤ੍ਰੀਵ ਸੱਧਰਾਂ ਤੇ ਉਨ੍ਹਾਂ ਦੀ ਪੂਰਤੀ ਤੋਂ ਮੁਤਾਬਿਕ ਹੀ ਲਾਇਆ ਜਾ ਸਕਦਾ ਹੈ। ਦੂਰ ਦੀ ਗਲ ਇਕ ਪਾਸੇ ਛਡਕੇ ਜੇ ਸਤਿਗੁਰੂ ਨਾਨਕ ਪਾਤਸ਼ਾਹ ਦਾ ਜੀਵਨ ਇਤਹਾਸ ਵਾਚਿਆ ਜਾਵੇ, ਤਾਂ ਪਤਾ ਲਗੇਗਾ ਕਿ ਉਨ੍ਹਾਂ ਦੀ ਸੱਧਰ ਵਿਚ ਸਰਬਤ ਦੇ ਭਲੇ ਦੀ ਚਾਹਨਾ ਸੀ, ਜਿਸਦੀ ਪੂਰਤੀ ਵਾਸਤੇ ਉਨ੍ਹਾਂ ਨੇ ਖੰਡ ਧਰਤੀ ਦੀ ਪੈਦਲ ਯਾਤਰਾ ਕੀਤੀ। ਜਿਸਦੇ ਫਲਸਰੂਪ ਅਜ ਸਵਾ ਪੰਜ ਸੌ ਸਾਲ ਦੇ ਕਰੀਬ ਸਮਾਂ ਬੀਤ ਜਾਣਦੇ ਵੀ ਉਨ੍ਹਾਂ ਦੀ ਸੱਧਰ ਸਾਰੇ ਸੰਸਾਰ ਉਤੇ ਵਿਆਪਕ ਹੋ ਰਹੀ ਹੈ।

ਏਸੇ ਤਰ੍ਹਾਂ ਉਨ੍ਹਾਂ ਦੀ ਸੱਧਰ ਜੋ ਵਿਅਕਤੀਗਤ ਗੁਰੂ ਪ੍ਰੰਪਰਾ ਦੇ ਰੂਪ ਵਿਚ ਸਮੇਂ ਸਮੇਂ ਵੱਖ ਵੱਖ ਥਾਵਾਂ ਤੇ ਸਰੂਪਾਂ ਵਿਚ ਦੁਨੀਆਂ ਦੇ ਸਾਹਮਣੇ ਆਉਂਦੀ ਰਹੀ, ਉਸਦੇ ਅਨੁਸਾਰ ਸਾਰੇ ਗੁਰੂ ਸਾਹਿਬਾਂ ਦੀਆਂ ਧਰਮ, ਸਮਾਜ ਤੇ ਮਾਨਵਤਾ ਦੀ ਭਲਾਈ, ਵਾਲੀਆਂ ਸੱਧਰਾਂ ਪੈਦਾ, ਤੇ ਪੂਰੀਆਂ ਹੁੰਦੀਆਂ ਰਹੀਆਂ ਅਤੇ ਹੁੰਦੀਆਂ ਰਹਿਣਗੀਆਂ।

ਉਪ੍ਰੋਕਤ ਸਿਧਾਂਤ ਅਨੁਸਾਰ ਅਜ ਮੇਰੇ ਸਾਹਮਣੇ ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਧਰਮ, ਸਮਾਜ, ਦੇਸ਼ ਕੌਮ, ਪੰਥ, ਤੇ ਸ਼ੁਧ ਗੁਰਬਾਣੀ, ਗੁਰੂਮਤ ਸੰਗੀਤ, ਪੰਥਕ ਸਾਹਿਤ, ਚੰਗੀ ਨਸਲ ਦੀਆਂ ਗਊਆਂ, ਘੋੜੇ, ਅਥਵਾ ਕਮਜ਼ੋਰ ਵਰਗ ਦੇ ਨਾਮਧਾਰੀਆਂ ਦੀ ਪ੍ਰਗਤੀ ਵਾਲੀਆਂ ਅਣ ਗਿਣਤ ਸੱਧਰਾਂ ਤੇ ਉਨ੍ਹਾਂ ਦੀ ਪੂਰਤੀ ਦੀਆਂ ਯੋਜਨਾਵਾਂ ਆ ਰਹੀਆਂ ਹਨ। ਪਰ ਉਨ੍ਹਾਂ ਸਾਰੀਆਂ ਦਾ ਮੁਲੰਕਣ ਕਰਨਾ ਤਾਂ ਸਾਗਰ ਵਿਚਲੇ ਅਨਮੋਲ ਤੇ ਅਨ ਗਿਣਤ ਪਦਾਰਥਾਂ ਦੇ ਮੁਲੰਕਣ ਵਾਂਗ ਅਸੰਭਵ ਹੀ ਹੈ। ਪਰ ਫਿਰ ਵੀ ਚੰਦ ਇਕ ਅਜਿਹੀਆਂ ਸੱਧਰਾਂ ਜਿਨ੍ਹਾਂ ਦੇ ਅੰਸ਼ਕ ਤੱਥ ਅਜ ਹੀ ਵੇਖੇ ਜਾ ਸਕਦੇ ਹਨ, ਤੇ ਸਗੋਂ ਰਹਿੰਦੀ ਦੁਨੀਆਂ ਤਕ ਵੇਖੇ ਜਾ ਸਕਣਗੇ, ਉਨ੍ਹਾਂ ਦਾ ਸੰਖੇਪ ਰੂਪ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕਰਨ ਦਾ ਇਕ ਨਿਗੂਣਾ ਜਤਨ ਕਰ ਰਿਹਾ ਹਾਂ।

ਨਾਮਧਾਰੀ ਇਤਹਾਸ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅੰਦਰ ਆਵਤੀਰਣ ਕਾਲ ਤੋਂ ਹੀ ਪਤਾ ਲਗਣਾ ਆਰੰਭ ਹੋ ਗਿਆ ਸੀ ਕਿ ਇਹ ਵੱਡੀ ਸੱਧਰਾਂ ਤੇ ਪ੍ਰਗਤੀਆਂ ਦੇ ਮਾਲਿਕ ਹੋਣਗੇ। ਇਸ ਗਲ ਦਾ ਸੰਕੇਤਕ ਬਚਨ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਉਸੇ ਵਕਤ ਹੀ ਕਰ ਦਿਤਾ, ਜਦੋਂ ਇਨ੍ਹਾਂ ਦੇ ਪ੍ਰਕਾਸ਼ ਹੋਣ ਤੇ ਇਕ ਦਮ ਪੁਲਿਸ ਦੀ ਨਿਗਰਾਨ ਚੌਕੀ ਦੀਆਂ ਪਾਬੰਦੀਆਂ ਵਿਚ ਨਰਮੀ ਆ ਗਈ। ਅਰ ਜਦ ਸਤਿਗੁਰੂ ਜੀ ਅਗੇ (ਬਾਲਿਕ ਹੋਣ ਬਾਬਤ) ਸਿੱਖਾਂ ਜਾ ਕੇ ਅਰਜ਼ ਕੀਤੀ, ਤਾਂ ਸੱਚੇ ਪਾਤਸ਼ਾਹ ਜੀ ਨੇ ਫੁਰਮਾਇਆ "ਭਈ



Sri Satguru Jagjit Singh Ji Elibrary NamdhariElibrary@gmail.com

ਇਹ ਬੜੇ ਪ੍ਰਤਾਪ ਵਾਲਾ ਹੋਵੇਗਾ, ਤੇ ਇਸਦਾ ਨਾਮ ਵੀ ਪ੍ਰਤਾਪ ਸਿੰਘ ਹੀ ਸਦਿਆ ਕਰੋ।"

ਏਹੋ ਵਜਾ ਸੀ ਕਿ ਆਮ ਸੰਗਤ ਇਨ੍ਹਾਂ ਨੂੰ 'ਬੰਦੀ ਛੋੜ" ਕਰਕੇ ਵੀ ਪੁਕਾਰਨ ਲਗ ਪਈ।

**ਵਿਦਿਆ ਦੀ ਸੱਧਰ—**

ਆਮ ਤੌਰ ਤੇ ਸ਼ਾਸ਼ਤ੍ਰਾਂ ਵਿਚ ਚੌਦਾਂ ਪ੍ਰਕਾਰ ਦੀ ਵਿਦਿਆ ਦਸੀ ਜਾਂਦੀ ਹੈ, ਸ੍ਰੀ ਅਟੱਲ ਪ੍ਰਤਾਪੀ ਇਨ੍ਹਾਂ ਸਾਰੀਆਂ ਨੂੰ ਸਮਝਣ ਤੇ ਪੜਨ ਦੀ ਸੱਧਰ ਰਖਦੇ ਸਨ, ਜਿਸਦੀ ਵਜਾ ਕਰਕੇ ਤਕਰੀਬਨ ੧੪-੧੫ ਸਾਲ ਦੀ ਅਵਸਥਾ ਤਕ ਇਹ ਮਾਮੂਲੀ ਅਭਿਆਸ ਤੇ ਅਧਿਐਨ ਦੇ ਹੀ ਕਰਨ ਨਾਲ ਸਭ ਵਿਦਿਆ ਦੇ ਗਿਆਤਾ ਹੋ ਗਏ। ਫਿਰ ਜਿੰਦਗੀ ਭਰ ਸਾਰੀਆਂ ਵਿਦਿਆ ਦਾ ਅਮਲੀ ਪ੍ਰਗਟਾਵਾ ਕਰਕੇ ਵੱਡੇ ਵੱਡੇ ਪੰਡਿਤਾਂ ਤੇ ਵਿਗਿਆਨੀਆਂ ਅਥਵਾ ਕਾਰੀਗਰਾਂ ਨੂੰ ਵੀ ਚਕ੍ਰਿਤ ਕਰ ਦਿੰਦੇ ਰਹੇ।

**ਸਰੀਰਕ ਕਸਰਤ—**

ਚੜ੍ਹਦੀ ਜਵਾਨੀ ਸਮੇਂ (ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਅਤੇ ਗੁਰ-ਗੱਦੀ ਦੇ ਬਿਰਾਜਨ ਉਪ੍ਰੰਤ) ਇਨ੍ਹਾਂ ਦੇ ਅੰਦਰ ਸਰੀਰਕ ਕਸਰਤ ਦੀ ਜੋ ਸੱਧਰ ਸੀ, ਉਸਦੀ ਪੂਰਤੀ ਵਜੋਂ ਦੌੜਨ, ਕੁਸ਼ਤੀ ਕਰਨ, ਡੰਡ ਬੈਠਕਾਂ ਕਢਣ, ਕਬੱਡੀ ਖੇਡਨ, ਛਾਲ ਮਾਰਨ, ਗੋਲਾ ਸੁਟਨ, ਗਤਕਾ ਬਾਜੀ ਆਦਿਕ ਕੰਮਾਂ ਵਿਚ ਇਨ੍ਹਾਂ ਨੇ ਸਭ ਨੌ ਜਵਾਨਾਂ, ਬਲਵਾਨਾਂ, ਤੇ ਖਿਡਾਰੀਆਂ, ਨੂੰ ਮਾਤ ਪਾ ਦਿਤਾ। ਸਗੋਂ ਕਸਰਤ ਦੇ ਬਹੁਤ ਸਾਰੇ ਪ੍ਰਯੋਗ ਸਤਿਗੁਰੂ ਜੀ ਅਖੀਰ ਤਕ ਕਰਦੇ ਤੇ ਸਿੱਖਾਂ ਨੂੰ ਸਰੀਰਕ ਕਸਰਤ ਕਰਨ ਦੀ ਜ਼ੋਰਦਾਰ ਪ੍ਰੇਰਨਾ ਦਿੰਦੇ ਰਹੇ।

**ਘੋੜੇ ਤੇ ਨੇਜਾ ਬਾਜ਼ੀ ਦੀ ਸੱਧਰ—**

ਸਰੀਰਕ ਕਸਰਤ ਦੀ ਸੱਧਰ ਦੇ ਨਾਲ ਨਾਲ ਹੀ ਸ੍ਰੀ ਅਟਲ ਪ੍ਰਤਾਪੀ ਜੀ ਨੂੰ ਵਧੀਆ ਕਿਸਮ ਦੇ ਘੋੜੇ ਘੋੜੀਆਂ ਪਾਲਨ ਤੇ ਅਸਵਾਰੀ ਕਰਨ ਦੀ ਸੱਧਰ ਵੇਖਣ ਵਿਚ ਆਈ। ਅਰ ਇਸ ਦੀ ਪੂਰਤੀ ਦੇ ਨਿਸ਼ਾਨੇ ਵਜੋਂ ਜਿਥੇ ਸੁੰਦਰ 2 ਘੋੜੇ 9 ਘੋੜੀਆਂ ਸ੍ਰੀ ਭੈਣੀ ਸਾਹਿਬ ਦੇ ਅਸਤਬਲਾਂ ਦਾ ਸ਼ਿੰਗਾਰ ਬਣੇ, ਉਥੇ ਅੰਗਰੇਜ਼ਾਂ ਦੀਆਂ ਵਡੀਆਂ ਵਡੀਆਂ ਰੇਸਾਂ (ਜਿਹਨਾਂ ਦੇ ਸ਼ਾਥੀ ਕਿਸੇ ਵਕਤ ਨਾਮਧਾਰੀਆਂ ਨੂੰ ਧਰਤੀ ਤੋਂ ਹੀ ਖਤਮ ਕਰਨ ਵਾਸਤੇ ਜਤਨ ਕਰਦੇ ਰਹੇ ਸਨ) ਵਿਚੋਂ ਜਿਤ ਪ੍ਰਾਪਤ ਕਰਕੇ ਨਾਮਧਾਰੀ ਪੰਥ ਤੇ ਭੈਣੀ ਸਾਹਿਬ ਦੇ ਨਾਮ ਨੂੰ ਵਲੈਤਾਂ ਤਕ ਰੋਸ਼ਨ ਕੀਤਾ ਤੇ ਅੰਗਰੇਜ਼ ਹੁਕਮਰਾਨਾਂ ਨੂੰ ਹੈਰਾਨ ਕਰ ਦਿਤਾ।

ਏਸੇ ਤਰ੍ਹਾਂ ਘੋੜ ਸਵਾਰੀ ਤੇ ਨੇਜ਼ੇਬਾਜ਼ੀ ਦੇ ਸਬੰਧ ਵਿਚ ਇਨ੍ਹਾਂ ਦੀ ਸੱਧਰ ਪੂਰਤੀ ਨੇ ਉਹ ਕਰਤੱਵਯ ਕਰਕੇ ਵਿਖਾਏ ਜਿਨ੍ਹਾਂ ਤੋਂ ਉਸ ਵਕਤ ਦੇ ਆਮ ਅਸਵਾਰ ਤੇ ਨੇਜਾ ਚੁੰਡਨ ਦੇ ਮਾਹਿਰ ਚਕ੍ਰਿਤ ਹੋ ਜਾਂਦੇ ਰਹੇ।

**ਗਊਆਂ ਪਾਲਣ ਦੀ ਸੱਧਰ—**

ਗਊ ਗਰੀਬ ਦੀ ਪਾਲਣਾ ਕਰਨ ਵਾਲੀ ਸੱਧਰ ਤਾਂ ਹਜੂਰ ਦੀ ਵਰਾਸਤੀ ਸਧਰ ਸੀ। ਜਿਸਦੀ ਪੂਰਤੀ ਵਾਸਤੇ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਜੀਵਨ ਨਗਰ ਸ੍ਰੀ ਗੁਰੂ ਹਰੀ ਸਿੰਘ ਨਾਮ ਦੀਆਂ ਗਊ ਸ਼ਾਲਾ ਕਾਇਮ ਕਰਕੇ ਉਸ ਵਿਚ ਹਰਿਆਣਾ ਤੇ ਸ਼ਾਹੀਵਾਲ ਅਥਵਾ ਹੋਰ ਚੰਗੀ ਨਸਲ ਦੀਆਂ ਗਊਆਂ ਰਖ ਅਪਨੇ ਢੰਗ ਨਾਲ ਸੇਵਾ ਸੰਭਾਲ ਕਰਕੇ, ਇਤਨੀ ਵਧ ਮਾਤ੍ਰਾ ਵਿਚ ਦੁਧ ਘਿਉ ਪ੍ਰਾਪਤ ਕੀਤਾ ਜਿਸਦੀ ਮਿਸਾਲ ਅਜ ਤਕ ਭਾਰਤ ਵਿਚੋਂ ਨਹੀਂ ਮਿਲ ਸਕਦੀ।

ਸ੍ਰੀ ਜੀਵਨ ਨਗਰ ਦੀ ਗਊਸ਼ਾਲਾ ਵਿਚ ਅਜ ਵੀ ੬੫ ਪੌਂਡ ਦੁਧ ਰੋਜ਼ਾਨਾ ਇਕ ਇਕ ਗਊ ਦਿੰਦੀ ਹੈ ਤੇ ਸਗੋਂ ਨੇ ਲਖੀ ਨਾਮੀ ਗਊ ਨੇ ਭਾਰਤ ਦੇ ਰਾਸ਼ਟਰਪਤੀ ਸ੍ਰੀ ਦੁਆਰਾ ਇਕ ਵਾਰੀ ਭਾਰਤ ਰਤਨ ਦਾ ਸਭ ਤੋਂ ਵੱਡਾ ਭਾਰਤੀ ਪੁਰਸਕਾਰ ਵੀ ਪ੍ਰਾਪਤ ਕੀਤਾ। ਇਹ ਸਾਰਾ ਕੁਝ ਸ੍ਰੀ ਅਟੱਲ ਪ੍ਰਤਾਪੀ ਸਤਿਗੁਰੂ ਜੀ ਦੀ ਗਊ ਪਾਲਕ ਸੱਧਰ ਦਾ ਹੀ ਪ੍ਰਤੀ ਕਰਮ ਹੈ।

ਸ੍ਰੀ ਭੈਣੀ ਸਾਹਿਬ ਕੋਠੀ ਵਿਚ ਸ੍ਰੀ ਸਤਿਗੁਰੂ ਜੀ ਦਾ



Sri Satguru Jagjit Singh Ji Elibrary NamdhariElibrary@gmail.com

ਬਚਨ ਮੈਂ ਕੰਨੀ ਸੁਣਿਆ ਸੀ ਕਿ ਜੇ ਮੈਂ ੨੦ ਸਾਲ ਹੋਰ ਜੀਊਂਦਾ ਰਹਿਆ ਤਾਂ ਰੋਜ਼ਾਨਾ ਮਣ ਪੱਕਾ ਦੁਧ ਦੇਣ ਵਾਲੀਆਂ ਗਊਆਂ ਕਰ ਦਿਆਂਗਾ ? ਕਾਸ਼ ! ਇਸ ਸਧਰ ਨੂੰ ਪੂਰੀ ਕਰਨ ਤੋਂ ਪਹਿਲਾਂ ਹੀ ਸੱਚੇ ਪਾਤਸ਼ਾਹ ਸਾਥੋਂ ਦੇਹ ਦਾ ਓਹਲਾ ਕਰ ਗਏ ।

**ਸਪਤਾਹਿਕ ਸਤਿਜੁਗ ਦੀ ਸੱਧਰ—**

ਨਾਮਧਾਰੀ ਪੰਥ ਵਿਚ ਲਿਖਤੀ ਪ੍ਰਕਾਰ ਦੀ ਸੱਧਰ ਨੂੰ ਅਨੁਭਵ ਕਰਦਿਆਂ ਸੰਮਤ ੧੯੯੨ ਵਿਚ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਸੰਤ ਟਹਿਲ ਸਿੰਘ ਜੀ ਸਦੌਵਾਲੀਏ, ਸੰਤ ਮੰਗਲ ਸਿੰਘ ਜੀ ਅਰਸੀ ਫਰਿਸ਼ਤਾ, ਸੰਤ ਇੰਦਰ ਸਿੰਘ ਜੀ ਚਕਰਵਰਤੀ ਤੇ ਸੰਤ ਨਿਧਾਨ ਸਿੰਘ ਜੀ ਆਲਿਮ, ਆਦਿਕਾਂ ਦੁਆਰਾ ਸਪਤਾਹਿਕ ਸਤਿਜੁਗ ਲਾਹੌਰ ਵਿਚੋਂ ਜਾਰੀ ਕਰਵਾਇਆ ਤੇ ਸਗੋਂ ਇਸ ਕੰਮ ਵਾਸਤੇ ਸਤਿਗੁਰੂ ਰਾਮ ਹਰੀ ਪ੍ਰੈਸ ਦਾ ਪ੍ਰਬੰਧ ਵੀ ਕੀਤਾ । ਸਤਿਜੁਗ ਅਖਬਾਰ ਤੇ ਇਸਦੇ ਸਮੇਂ ਸਮੇਂ ਪ੍ਰਕਾਸ਼ਤ ਹੋਏ ਇਤਹਾਸਿਕ ਤਸਵੀਰਾਂ ਸਮੇਤ ਬਸੰਤ ਅੰਕਾਂ ਨੇ ਜੋ ਪੰਥਕ ਪ੍ਰਚਾਰ ਵਿਚ ਹਿਸਾ ਪਾਇਆ ਜਾਂ ਅਜ ਵੀ ਪ੍ਰੈਸ ਸਮੇਤ ਪੰਥਕ ਮੈਦਾਨ ਵਿਚ ਨਿਧੜਕ ਤੇ ਅਡੋਲ ਤੁਰਿਆ ਜਾ ਰਿਹਾ ਹੈ ਇਸ ਵਿਚ ਸ੍ਰੀ ਅਟੱਲ ਪ੍ਰਤਾਪੀ ਦੀ ਸੱਧਰ ਹੀ ਮੂਰਤੀਮਾਨ ਹੋ ਰਹੀ ਹੈ ।

**ਨਾਮਧਾਰੀ ਨਿਤਨੇਮ—**

ਜਿਥੇ ਨਾਮਧਾਰੀ ਸਾਹਿਤਯ ਦੀ ਸੱਧਰ ਦੇ ਫਲ ਸਰੂਪ ਅਨੇਕਾਂ ਪੁਸਤਕਾਂ ਤੇ ਇਤਹਾਸ ਸੱਚੇ ਪਾਤਸ਼ਾਹ ਜੀ ਨੇ ਪ੍ਰਕਾਸ਼ਤ ਕਰਵਾਏ ਓਥੇ ਨਾਮਧਾਰੀ ਨਿਤਨੇਮ ਦਾ ਗੁਟਕਾ ਵੀ ਸ੍ਰੀ ਸਤਿਗੁਰੂ ਦੀ ਸੰਗਤ ਪਾਸੋਂ ਗੁਰਬਾਣੀਆਂ ਦਾ ਨਿਤਨੇਮ ਕਰਵਾਉਣ ਦੀ ਸੱਧਰ ਦਾ ਇਕ ਪ੍ਰਤੀਕ ਸੀ ਤੇ ਹੈ ।

**ਸਰਬ ਸੰਪ੍ਰਦਾਏ ਕਾਨਫਰੰਸ ਦੀ ਸੱਧਰ—**

ਸੰਨ ੧੯੩੩ ਵਿਚ ਥਾਈਲੈਂਡ (ਬਕੋਕ) ਦੇ ਦੌਰੇ ਤੇ ਜਾਂਦਿਆਂ ਸਤਿਗੁਰੂ ਸੱਚੇ ਪਾਤਸ਼ਾਹ ਜੀ ਰੰਗੂਨ ਦੇ ਵਡੇ ਗੁਰਦਵਾਰੇ ਦੇ ਦਰਸਨ ਕਰਨ ਗਏ, ਤਾਂ ਅਗੇ ਗੁਰਦਵਾਰੇ ਨੂੰ (ਪ੍ਰਬੰਧਕ ਕਮੇਟੀ ਦੇ ਦੋ ਧੜਿਆ ਦੇ ਝਗੜੇ ਕਾਰਨ) ਤਾਲੇ ਵਜੇ ਹੋਏ ਵੇਖ— ਅਰ ਪੰਜਾਬ ਵਿਚ ਮਾਸਟਰ ਤਾਰਾ ਸਿੰਘ ਜੀ ਤੇ ਗਿਆਨੀ ਸ਼ੇਰ ਸਿੰਘ ਜੀ ਦੀਆਂ ਦੋਹਾਂ ਪਾਰਟੀਆਂ ਹਦੋਂ ਵਧ ਹੋ ਰਹੀ ਖਿਚੋਤਾਣੀ ਨੂੰ ਅਨੁਭਵ ਕਰਕੇ ਸ੍ਰੀ ਸਤਿਗੁਰੂ ਜੀ ਦੇ ਵਿਸ਼ਾਲ ਹਿਰਦੇ ਵਿਚ ਸਾਰੀਆਂ ਗੁਰੂ ਨਾਨਕ ਸੰਪ੍ਰਦਾਵਾਂ ਵਿਚ ਪਰਸਪਰ ਪਿਆਰ ਤੇ ਏਕਤਾ ਪੈਦਾ ਕਰਨ ਵਾਸਤੇ ਵਡੀ ਪਧਰ ਦੀ ਇਕ ਕਾਨਫਰੰਸ ਕਰਨ ਦੀ ਸੱਧਰ ਪੈਦਾ ਹੋਈ । ਜਿਸਦੀ ਪੂਰਤੀ ਵਾਸਤੇ ੧੯੩੪ ਸੰਨ ਵਿਚ ਸ੍ਰੀ ਭੈਣੀ ਸਾਹਿਬ ਵਿਖੇ ਗੁਰੂ ਨਾਨਕ ਨਾਮ ਲੇਵਾ ਸਰਬ ਸੰਪ੍ਰਦਾਏ ਕਾਨਫਰੰਸ ਕੀਤੀ ਗਈ । ਭਾਵੇਂ ਉਸ ਵਕਤ ਇਸ ਸਾਂਝੀ ਕਾਨਫਰੰਸ ਦੀ ਲੋੜ ਨੂੰ ਹੋਰ ਭੀ ਕਈ ਪੰਥਕ ਹਿਤੈਸ਼ੀ ਅਨੁਭਵ ਕਰਦੇ ਹੀ ਹੋਣਗੇ, ਪਰ ਖਰਚ ਖੇਚਲ ਤੇ ਵਿਰੋਧਤਾ ਤੋਂ ਸਾਰੇ ਡਰਦੇ ਸਨ । ਜਦ ਸਚੇ ਪਾਤਸ਼ਾਹ ਜੀ ਨੇ ਅਪਨੀ ਸੱਧਰ ਮੁਤਾਬਿਕ ਉਪ੍ਰੋਕਤ ਕੰਮਾਂ ਦਾ ਸਾਰਾ ਬੰਦੋ ਬਸਤ ਕਰਕੇ ਵਕਤੀ ਸਿੱਖ ਪਾਰਟੀਆਂ ਨਾਲ ਗਲਬਾਤ ਆਰੰਭ ਕੀਤੀ ਤਾਂ ਤੰਗ ਦਾਇਰੇ ਦੇ ਕੁਝ ਅਕਾਲੀ ਲੀਡਰਾਂ ਨੇ ਇਸ ਮਹਾਨ ਪੁਰਸਾਰਥ ਵਿਚ ਸਹਿਯੋਗ ਦੇਣ ਵਾਸਤੇ ਇਕ ਅਜਿਹੀ ਸ਼ਰਤ ਰਖੀ, ਜਿਹੜੀ ਕਿ ਦੁਨੀਆਂ ਭਰ ਦਾ ਕੋਈ ਆਗੂ ਸ਼ਾਇਦ ਹੀ ਮੰਨਦਾ ? ਪਰ ਅਕਾਸ਼ ਨਾਲੋਂ ਭੀ ਵਿਸ਼ਾਲ ਹਿਰਦੇ ਦੇ ਮਾਲਿਕ ਵੱਡ ਪ੍ਰਤਾਪੀ ਸਤਿਗੁਰੂ ਜੀ ਨੇ ਅਪਨੀ ਪੰਥਕ ਏਕਤਾ ਦੀ ਸੱਧਰ ਪੂਰਤੀ ਵਾਸਤੇ ਉਹ ਸ਼ਰਤ ਬਿਨਾ ਕਿਸੇ ਝਿਜਕ ਦੇ ਪ੍ਰਵਾਨ ਕਰ ਲਈ, (ਜਿਸਦੇ ਅਨੁਸਾਰ ਇਸ ਕਾਨਫਰੰਸ ਸਮੇਂ ਸ੍ਰੀ ਭੈਣੀ ਸਾਹਿਬ ਹਜ਼ਾਰਾਂ ਨਾਮਧਾਰੀਆਂ ਵਿਚ ਭਾਈ ਸਾਹਿਬ ਭਾਈ ਅਰਜਨ ਸਿੰਘ ਜੀ ਬਾਗੜੀਆਂ ਕਾਨਫਰੰਸ ਦੇ ਅਰੰਭ ਤੇ ਸਮਾਪਤੀ ਸਮੇਂ ਦਸ ਪਾਤਸ਼ਾਹੀਆਂ ਵਾਲਾ ਅਰਦਾਸ ਕਰਦੇ ਰਹੇ ।

ਉਸਤੋਂ ਬਾਦ ਸਿੱਖ ਸਮਾਜ ਦੀਆਂ ਪਾਰਟੀਆਂ



Sri Satguru Jagjit Singh Ji Elibrary NamdhariElibrary@gmail.com

ਤੇ ਦਲਾਂ ਵਿਚ ਭਾਵੇਂ ਕਈ ਸੁਖਾਵੇਂ, ਤੇ ਅਣ ਸੁਖਾਵੇਂ ਪ੍ਰੀਵਰਤਨ ਆਉਂਦੇ ਰਹੇ। ਪਰ ਸਤਿਗੁਰੂ ਜੀ ਦੀ ਉਸ ਏਕਤਾ ਵਾਲੀ ਸੱਧਰ ਦੇ ਅੰਸ਼ ਕਿਸੇ ਨਾ ਕਿਸੇ ਰੂਪ ਵਿਚ ਹੁਣ ਤਕ ਵੀ ਅਮਰ ਨਜ਼ਰ ਆ ਰਹੇ ਹਨ। ਏਥੇ ਹੀ ਬਸ ਨਹੀਂ ਸਗੋਂ ਹਿੰਦੂ ਸਿੱਖ ਮਿਲਾਪ, ਹਿੰਦੂ ਸਿੱਖ ਮੁਸਲਮਾਨ ਮਿਲਾਪ, ਵਿਸ਼ਵ ਏਕਤਾ, ਸ਼ਾਕਾਹਾਰੀ, ਤੇ ਗੁਰਮਤ ਸੰਗੀਤ ਦੀਆਂ ਜੋ ਅਨੇਕਾਂ ਕਾਨਫਰੰਸਾਂ ਸਚੇ ਪਾਤਸ਼ਾਹ ਜੀ ਦੀ ਹਜ਼ੂਰੀ ਵਿਚ ਹੁੰਦੀਆਂ ਰਹੀਆਂ। ਇਹ ਸਾਰੀਆਂ ਉਨ੍ਹਾਂ ਸੱਧਰਾਂ ਦੀਆਂ ਹੀ ਪ੍ਰਤੀਕ ਸਨ ਜਿਹੜੀਆਂ ਸੱਧਰਾਂ ਦੇ ਅੰਬਾਰ ਇਹਨਾਂ ਦੇ ਵਿਸ਼ਾਲ ਹਿਰਦੇ ਵਿਚ ਭਰੇ ਹੋਏ ਸਨ।

**ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਦੀ ਸੱਧਰ ਤੇ ਲੱਖਾਂ ਪਾਠਾਂ ਦੇ ਭੋਗ—**

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅੰਦਰ ਚੀਨੀ ਵਾਲੇ ਪ੍ਰੀਤਮ ਦੇ ਦਰਸ਼ਨਾਂ ਦੀ ਤਾਂਘ ਵਾਲੀ ਜੋ ਸੱਧਰ ਸੀ ਅਰ ਜਿਸਦਾ ਪ੍ਰਗਟਾਵਾ ਬਹੁਤ ਵਾਰੀ ਹਜ਼ੂਰ ਦੇ ਕੀਰਤਨਾਂ ਤੇ ਬਚਨਾਂ ਦੇ ਵੈਰਾਗ ਮਈ ਦ੍ਰਿਸ਼ਯ ਤੋਂ ਹੁੰਦਾ ਰਹਿੰਦਾ ਸੀ। ਇਸ ਸੱਧਰ ਦੀ ਪੂਰਤੀ ਵਾਸਤੇ ਚੀਨੀ ਵਾਲੇ ਸਤਿਗੁਰੂ ਜੀ ਵਲੋਂ ਹੁਕਮ ਨਾਮਿਆ ਵਿਚ ਲਿਖੇ ਹੋਏ ਹੁਕਮਾਂ ਦੇ ਆਧਾਰ ਤੇ ਹਜ਼ਾਰਾਂ ਅਖੰਡ ਤੇ ਲੱਖਾਂ ਸਾਧਾਰਨ ਪਾਠਾਂ ਦਾ ਜੋ ਪ੍ਰਵਾਹ ਇਹਨਾਂ ਚਲਾਇਆਂ, ਅਰ ਇਸ ਪ੍ਰਵਾਹ ਦੇ ਚਲਦਿਆਂ ਰਖਨ ਵਾਸਤੇ ਤਨ ਮਨ ਧਨ ਨਾਲ ਜੋ ਜਤਨ ਕੀਤੇ, ਉਸਦਾ ਖਿਓਰਾ ਇਸ ਵਾਸਤੇ ਵਧੇਰਾ ਦੇਣ ਦੀ ਲੋੜ ਨਹੀਂ ਕਿ ਇਸ ਪ੍ਰਵਾਹ ਵਿਚ ਅਮਲੀ ਤੌਰ ਤੇ ਤਾਰੀਆਂ ਲਾਉਣ (ਪਾਠ ਕਰਨ) ਵਾਲੇ ਲੱਖਾਂ ਨਾਮਧਾਰੀ ਅਜੇ ਮੌਜੂਦ ਹਨ ਅਰ ਹੁਣ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਬਦਸਤੂਰ ਅਖੰਡ ਤੇ ਸਾਧਾਰਨ ਪਾਠ ਨਿਰੰਤਰ ਕਰ ਰਹੇ ਹਨ ਅਤੇ ਕਰਦੇ ਰਹਿਣਗੇ ਓਦੋਂ ਤਕ, ਜਦੋਂ ਤਕ ਸ੍ਰੀ ਅਟਲ ਪ੍ਰਤਾਪੀ ਸਤਿਗੁਰੂ ਜੀ ਦੀ ਸੱਧਰ ਅਨੁਸਾਰ ਚੀਨੀ ਵਾਲੇ ਪ੍ਰਦੇਸੀ ਪ੍ਰੀਤਮ ਦੇਸ਼ ਵਿਚ ਦਰਸਨ ਦੇਣ ਦੀ ਕਿਰਪਾਲਤਾ ਨਹੀਂ ਕਰਦੇ।

**ਵਿਸ਼ਾਲ ਯਗ ਹਵਨ ਦੀ ਸੱਧਰ—**

ਪੁਰਾਤਨ ਸਿੱਖ ਇਤਹਾਸ ਪੜਨ ਤੋਂ ਪਤਾ ਲਗਦਾ ਹੈ ਕਿ ਸ੍ਰੀ ਦਸਮੇਸ਼ ਪਿਤਾ ਦੁਨੀਆਂ ਭਰ ਤੋਂ ਅਨੇਕਾਂ ਭਿਆਨਕ ਬੀਮਾਰੀਆਂ ਤੇ ਕਾਇਰਤਾ ਦੀ ਨਵਿਰਤੀ ਅਥਵਾ ਨਵੇਂ ਢੰਗ ਦਾ ਖਾਲਸਾ ਸਾਜਨ ਵਾਸਤੇ ਨੈਣਾਂ ਦੇਵੀ ਦੇ ਟਿਲੇ ਤੇ ਪੰਡਤ ਕੇਸੋ ਦਾਸ ਤੋਂ ਤਕਰੀਬਨ ਇਕ ਸਾਲ ਭਰ ਸਨਾਤਨ ਮਰਯਾਦਾ ਅਨੁਸਾਰ ਯਗ-ਹਵਨ ਕਰਵਾਉਂਦੇ ਰਹੇ ਸਨ। ਉਸ ਤੋਂ ਪਿਛੋਂ ਕੇਵਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅੰਦਰ ਹੀ ਉਸ ਤਰ੍ਹਾਂ ਦੇ ਪਰ ਗੁਰਮਤ ਮਰਯਾਦਾ ਅਨੁਸਾਰ) ਇਕ ਅਦੁਤੀ ਤੇ ਵਿਸ਼ਾਲ ਯਗ ਹਵਨ ਕਰਨ ਦੀ ਸੱਧਰ ਉਠੀ, ਜਿਸਦੇ ਫਲ ਸਰੂਪ ਸ੍ਰੀ ਭੈਣੀ ਸਾਹਿਬ ਵਿਖੇ ਸੰਮਤ ੧੯......ਨੂੰ ਇਕ ਬਹੁਤ ਵੱਡਾ ਯਗ ਹਵਨ ੪੦ ਦਿਨਾਂ ਤਕ ਨਿਰੰਤਰ ਕਰਵਾਇਆ। ਜਿਸ ਵਿਚ ਸੌ ਮਣ ਦੇ ਕਰੀਬ ਘਿਉ ਦਾ ਪ੍ਰਯੋਗ ਕੀਤਾ ਗਿਆ। ਅਰ ਇਸ ਮੰਡਪ ਵਿਚ ਸਵਾ ਸੌ ਦੇ ਕਰੀਬ ਸਿੰਘ ਇਕ ਰੋਲ ਵਿਚ ਚੰਡੀ ਦੀ ਵਾਰ ਦੇ ਪਾਠ ਕਰਨ ਵਾਸਤੇ ਬੈਠਦੇ, (ਜਦ ਕਿ ਅਜਿਹੀਆਂ ਪੰਜ ਰੋਲਾਂ ਕ੍ਰਮਵਾਰ (ਹਰ ਦੋ ਘੰਟੇ ਬਾਦ) ਬੈਠਦੀਆਂ ਇਸ ਮਹਾਨ ਹਵਨ ਯਗ ਦੀ ਐਨ ਸਮਾਪਤੀ ਸਮੇਂ ਲਾਹੌਰ ਵਿਚ ਅੰਗਰੇਜ਼ੀ ਸਰਕਾਰ ਵਲੋਂ ਬਣਾਏ ਜਾ ਰਹੇ ਵੱਡੀ ਪੱਧਰ ਦੇ ਉਸ ਬੁਚੜ ਖਾਨੇ ਨੂੰ ਬੰਦ ਕਰ ਦਿਤਾ ਗਿਆ। ਜਿਸਦੇ ਵਾਸਤੋਂ ਹਿੰਦੂ ਤੇ ਸਾਧੂ ਸਮਾਜ ਦੇ ਬਹੁਤ ਸਾਰੇ ਸਜਨ ਕਾਨੂੰਨੀ ਪਧਰ ਤੇ ਯਤਨ ਕਰ ਕਰਕੇ ਬੜੇ ਮਾਯੂਸ ਹੋ ਚੁਕੇ ਸਨ।

**ਨਾਮਧਾਰੀਆਂ ਦੇ ਕਰਜ਼ੇ ਲਾਹੁਣ ਦੀ ਸੱਧਰ—**

ਸ੍ਰੀ ਸਤਿਗੁਰੂ ਜੀ ਨੇ ਇਕ ਵਾਰੀ ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤੇ ਨਾਲ ਬਚਨ ਕੀਤਾ ਕਿ ਮੇਰੀ ਸਧਰ ਹੈ ਕਿ ਜਿਹੜਾ ਕੋਈ ਨਾਮਧਾਰੀ ਸਾਧ ਸੰਗਤ ਦੀ ਸੇਵਾ ਕਰਦਿਆਂ ਜਾਂ ਕੁਦਰਤੀ ਨੁਕਸਾਨ ਨਾਲ ਕਰਜ਼ਾਈ ਹੋਇਆ ਹੋਵੇ, ਉਸਦਾ



Sri Satguru Jagjit Singh Ji Elibrary NamdhariElibrary@gmail.com

ਕਰਜ਼ਾ ਲਾਹ ਕੇ ਉਸਨੂੰ ਸੁਰਖ਼ਰੂ ਕੀਤਾ ਜਾਵੇ। ਆਖਿਰ ਸੂਬਿਆਂ ਤੇ ਕੁਝ ਹੋਰ ਸਜਨਾਂ ਦੀ ਡਿਊਟੀ ਲਾਕੇ ਅਰ ਪਤਾ ਕਰਕੇ ਬਹੁਤ ਸਾਰੇ ਅਜਿਹੇ ਕਰਜ਼ਾਈ ਨਾਮਧਾਰੀਆ ਦੇ ਕਰਜ਼ੇ ਲਾਹ ਦਿਤੇ ਗਏ।

**ਬੇ-ਜ਼ਮੀਨ ਨਾਮਧਾਰੀਆਂ ਵਾਸਤੇ ਜ਼ਮੀਨਾਂ ਦੀ ਸੱਧਰ—**

ਗਰੀਬ ਨਿਵਾਜ ਸਚੇ ਪਾਤਸ਼ਾਹ ਦੇ ਅੰਦਰ ਇਹ ਬੜੀ ਚਿਰਾਕੀ ਸੱਧਰ ਸੀ, ਕਿ ਕੋਈ ਨਾਮਧਾਰੀ ਕ੍ਰਿਸਾਨ ਬੇਜ਼-ਮੀਨਾਂ ਨ ਰਹੇ, ਤੇ ਕਿਸੇ ਦਾ ਮੁਜ਼ਾਰਾ ਨ ਅਖਵਾਏ। ਪਰ ਇਸ ਸੱਧਰ ਦੀ ਪੂਰਤੀ ਸੰਨ ੧੯੪੫ ਵਿਚ ਉਸ ਵਕਤ ਹੋਈ, ਜਦ ਹਜ਼ੂਰ ਦੇ ਬਹੁਤ ਸਾਰੇ ਸਰਮਾਏਦਾਰ ਨਾਮਧਾਰੀਆਂ ਦੇ ਸਹਿਯੋਗ ਨਾਲ ਸਰਸਾ ਤਹਿਸੀਲ ਦੇ ਬੜੇ ਵੱਡੇ ਤੇ ਬੇ ਅਬਾਦ ਰਕਬੇ (ਚਿਚਾਲ ਕੋਠੀ ਇਲਾਕੇ ਦਾ) ਸੌਦਾ ਚੂਰੂ ਸ਼ਹਿਰ ਦੇ ਇਕ ਖਤਰੀ ਨਾਲ ਕਰਕੇ ਕਬਜ਼ਾ ਲੈ ਲਿਆ। ਭਾਵੇਂ ਉਸ ਵਕਤ ਏਥੇ ਕਬਜਾ ਲੈਣ ਤੇ ਹੋਰ ਪ੍ਰਬੰਧਾਂ ਸਮੇਂ ਬੜੀਆਂ ਮੁਸ਼ਕਲਾਂ ਪੇਸ਼ ਆਈਆਂ, ਪਰ ਕੁਦਰਤ ਦੇ ਸਹਿਯੋਗ ਨਾਲ ਜਦ ਸੰਨ ੧੯੪੭ ਵਿਚ ਪੰਜਾਬ ਦਾ ਵੰਡਾਰਾ ਹੋਇਆ, ਤਾਂ ਇਸ ਇਲਾਕੇ ਦੇ ਸਭ ਮੁਸਲਮਾਨ ਵਸਨੀਕ ਬਿਨਾ ਕਿਸੇ ਦੇ ਤੰਗ ਕਰਨ ਦੇ ਆਪਣੇ ਆਪ ਹੀ ਸਾਰਾ ਇਲਾਕਾ ਖਾਲੀ ਕਰਕੇ ਨਿਕਲ ਗਏ।

ਉਸ ਵਕਤ ਜਿਥੇ ਹੋਰ ਕਈ ਸੱਧਰਾ ਸੱਚੇ ਪਾਤਸ਼ਾਹ ਜੀ ਨੇ ਪੂਰੀਆਂ ਕੀਤੀਆਂ ਜਾਂ ਕਰਵਾਈਆਂ ਓਥੇ ਤਕਰੀਬਨ ੮੦ ਮੁਰੱਬੇ ਜ਼ਮੀਨ ਬੇ ਜ਼ਮੀਨੇ ਕਿਸਾਨਾਂ ਤੇ ਹੋਰ ਲੋੜ ਵੰਦਾਂ ਗਰੀਬਾਂ ਨੂੰ 4-4 ਪੈਲੀਆਂ ਪ੍ਰਤੀ ਪਰਿਵਾਰ ਦੇ ਲਿਹਾਜ ਨਾਲ ਮੁਫਤ ਵੰਡ ਦਿਤੀ। ਜਿਸਦੇ ਸਿਟੇ ਵਜੋਂ ਅੱਜ ਸੈਂਕੜੇ ਪਰਿਵਾਰ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਜ਼ਮੀਨਾਂ ਦੇ ਮਾਲਕ ਬਣੇ ਬੈਠੇ ਹਨ।

**ਨਾਮਧਾਰੀਆਂ ਨੂੰ ਬਚਾਉਣ ਦੀ ਸੱਧਰ—**

ਸੰਨ ੧੯੪੭ ਵਿਚ ਜਦੋਂ ਭਾਰਤ ਦੇ ਖਾਸ ਕਰਕੇ ਪੰਜਾਬ ਵਿਚ ਹਿੰਦੂ ਮੁਸਲਮਾਨਾਂ ਦੇ ਵਿਰਕੂ ਦੰਗੇ ਫਸਾਦ ਹੋਣ ਲਗ ਪਏ ਅਰ ਪੰਜਾਬ ਦੇ ਵੰਡੀਜੇ ਜਾਣ ਦੇ ਆਸਾਰ ਰੋਸ਼ਨ ਹੋਣ ਲਗੇ ਤਾਂ ਹਕੀਕੀ ਪਿਤਾ ਸਮਾਨ ਸ੍ਰੀ ਸਤਿਗੁਰੂ ਜੀ ਨੇ ਪੁਤਰਾਂ ਤੋਂ ਪਿਆਰੇ ਸਭ ਨਾਮਧਾਰੀਆਂ ਨੂੰ ਉਸ ਭਿਆਨਕ ਪਰਲੋ ਤੋਂ ਬਚਾਉਣ ਖਾਤਰ ਕਾਰ ਤੇ ਘੋੜਿਆਂ ਦੁਆਰਾ ਵਿਸ਼ਾਲ ਪੰਜਾਬ ਦੇ ਇਲਾਕਿਆਂ ਵਿਚ (ਜਿਥੇ ਵੀ ਨਾਮਧਾਰੀ ਪਰਵਾਰ ਵਸਦਾ ਸੀ) ਘਰ ਘਰ ਜਾਕੇ ਉਸਨੂੰ ਬਿਆਸਾ ਤੇ ਘਟੋ ਘਟ ਰਾਵੀ ਤੋਂ ਪਾਰ ਹੋ ਜਾਣ ਦਾ ਹੁਕਮ ਦਿਤਾ, ਪਰ ਘਰਾਂ, ਜਾਇਦਾਦਾਂ ਤੇ ਹੋਰ ਕਈ ਤਰ੍ਹਾਂ ਦੇ ਜੁੜੇ ਹੋਏ ਸਬੰਧਾਂ ਕਾਰਨ ਬਹੁਤ ਥੋੜੇ ਸਿੱਖਾਂ ਨੇ ਹੀ ਇਸ ਹੁਕਮ ਦੀ ਪਾਲਨਾ ਕੀਤੀ ਤੇ ਬਹੁਤਿਆਂ ਦੇ ਉਸ ਹੁਕਮ ਨੂੰ ਨਾ ਮੰਨਣ ਦਾ ਪਛੋਤਾਵਾ ਉਸ ਵਕਤ ਕੀਤਾ, ਜਦੋਂ ਜਾਇਦਾਦਾਂ ਦੇ ਨਾਲ ਅਨੇਕਾ ਜਾਨਾਂ ਵੀ ਉਸ ਪ੍ਰਲੋ ਦੀ ਭੇਟ ਕਰ ਦਿਤੀਆਂ।

ਪਰ "ਅਬ ਪਛਤਾਏ ਕਿਆ ਹੋਤਾ ਹੈ ਜਬ ਚਿੱੜੀਆਂ ਚੁਗ ਗਈ ਖੇਤ"

**ਸਿੱਖਾਂ ਦੀ ਸੰਭਾਲ ਦੀ ਸੱਧਰ—**

ਪੁਤਰ ਭਾਵੇਂ ਕਿਤਨੇ ਹੀ ਮਾੜੇ ਹੋਣ, ਪਿਤਾ ਦਾ ਹਿਰਦਾ ਹਮੇਸ਼ਾਂ ਹੀ ਵਿਸ਼ਾਲ ਤੇ ਦਿਆਲ ਹੁੰਦਾ ਹੈ। ਦੇਸ਼ ਦੇ ਵੰਡਾਰੇ ਤੋਂ ਪਹਿਲਾਂ ਭਾਵੇਂ ਬਹੁਤੇ ਨਾਮਧਾਰੀਆਂ ਨੇ ਅਪਣੇ ਪ੍ਰਤਿਪਾਲਕ ਤੇ ਰਖਿਯਕ ਸਤਿਗੁਰੂ ਦਾ ਹੁਕਮ ਨਹੀਂ ਸੀ ਮੰਨਿਆ। ਪਰ ਸ੍ਰੀ ਸਤਿਗੁਰੂ ਜੀ ਅੰਦਰ (ਸ੍ਰੀ ਦਸਮੇਸ਼ ਅਰ ਮੁਕਤਸਰ ਦੇ ੪੦ ਸਿੰਘਾਂ ਪਾਸ ਜਾਕੇ ਬੇਦਾਵਾ ਪਾੜਨ ਵਾਂਗ) ਉਜੜ ਕੇ ਆਏ ਨਾਮਧਾਰੀਆਂ ਨੂੰ ਨਵੇਂ ਭਾਰਤ ਵਿਚ ਆਸਰਾ ਦੇਣ ਦੀ ਮ੍ਰਨਤਾ ਭਰੀ ਸੱਧਰ ਫਿਰ ਲਹਿ ਲੁਹਾਂਦੀ ਵੇਖੀ ਗਈ। ਜਿਸਦੇ ਫਲ ਸਰੂਪ ਬਹੁਤ ਸਾਰੇ ਨਾਮਧਾਰੀ ਪਰਿਵਾਰਾਂ ਨੂੰ ਸ੍ਰੀ ਭੈਣੀ ਸਾਹਿਬ ਸ੍ਰੀ ਜੀਵਨ ਨਗਰ ਤੇ ਦਿੱਲੀ ਆਦਿ ਥਾਵਾਂ ਤੇ ਵਸਾਇਆ ਹੀ ਨ ਸਗੋਂ ਹਰ ਤਰ੍ਹਾਂ ਦੀ ਮਦਦ ਦਿਤੀ।



Sri Satguru Jagjit Singh Ji Elibrary NamdhariElibrary@gmail.com

**ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਯਾਲਾ ਦੀ ਸੱਧਰ**

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸ੍ਰੀ ਜੀਵਨ ਨਗਰ ਇਲਾਕੇ ਦੇ ਨਾਮਧਾਰੀਆਂ ਦੇ ਸੁਖ ਵਾਸਤੇ ਹੋਰ ਕਈ ਸੱਧਰਾਂ ਰਖਦੇ ਸਨ। ਉਥੇ ਇਲਾਕੇ ਵਿਚ ਵਸੇ ਨਾਮਧਾਰੀ ਬਚਿਆਂ ਨੂੰ ਪੜਾਈ ਤੇ ਦਸਤਕਾਰੀ ਸਿਖਾਉਣ ਦੀ ਬੜੀ ਵੱਡੀ ਸਧਰ ਸੀ। ਜਿਸਦੇ ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਯਾਲਾ ਸ੍ਰੀ ਜੀਵਨ ਨਗਰ ਨਿਰੋਲ ਨਾਮਧਾਰੀ ਖਰਚ ਤੇ ਬਣਵਾਇਆ। ਜਿਸ ਵਿਚ ਪੜਾਈ ਦਸਤਕਾਰੀ ਤੇ ਖੇਡਾਂ ਆਦਿ ਦਾ ਵਿਸ਼ੇਸ਼ ਤੇ ਭਰੀ ਤੌਰ ਤੇ ਪ੍ਰਬੰਧ ਕੀਤਾ। ਤੇ ਸਗੋਂ ਇਸੇ ਮਹਾਂ ਵਿਦਯਾਲੇ ਦੇ ਵਿਦਯਾਰਥੀ ਸੰਗੀਤ ਕਲਾ ਦੁਆਰਾ ਅਤੇ ਹਾਕੀ ਐਥਲੀਟ ਜਿਮਨਾਸਟਿਕ ਖੇਡਾਂ ਵਿਚ ਭਾਰਤ ਜੇਤੂ ਪੁਰਸਕਾਰ ਪ੍ਰਾਪਤ ਕਰ ਰਹੇ ਹਨ। ਇਨਾ ਸਫਲਤਾਵਾਂ ਵਿਚ ਸ੍ਰੀ ਅਟੱਲ ਪ੍ਰਤਾਪੀ ਸਤਿਗੁਰੂ ਜੀ ਦੀਆਂ ਵਿਦਯਾਲੇ ਸਬੰਧੀ ਸੱਧਰਾਂ ਵਿਆਪਕ ਹਨ ਜੋ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠਾਂ ਫਲੀ ਭੂਤ ਹੋ ਰਹੀਆਂ ਹਨ।

**ਇਕ ਸੱਧਰ ਦੀ ਪ੍ਰਤਿਕੂਲਤਾ—**

ਜਿਥੇ ਸ੍ਰੀ ਸਤਿਗੁਰੂ ਜੀ ਦੀ ਸੱਧਰ ਦੇ ਅਨੁਕੂਲ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਹਜਾਰਾਂ ਦੇ ਕ੍ਰੀਬ ਨਾਮਧਾਰੀ ਪਰਵਾਰ ਵੰਡਾਰੇ ਪਿਛੋਂ ਵਸਾਏ ਗਏ, ਓਥੇ ਜਿਵੇਂ ਗੁਲਾਬ ਫੁਲ ਨਾਲ ਕੰਡੇ ਹੁੰਦੇ ਹਨ ਤਿਵੇਂ ਪਰਵਾਰਾਂ ਦੇ ਨਾਲ ਕੁਝ ਗੈਰ ਨਾਮਧਾਰੀ ਤੇ ਕੁਸੰਗੀ ਲੋਕ ਵੀ ਆ ਕੇ ਵਸ ਗਏ, ਜਦੋਂ ਕਿ ਇਹ ਕੰਮ ਸੱਚੇ ਪਾਤਸ਼ਾਹ ਦੀ ਸੱਧਰ ਦੇ ਪ੍ਰਤਿਕੂਲ ਸੀ। ਏਹੋ ਵਜਾ ਸੀ ਕਿ ਜਿਥੇ ਏਥੋਂ ਦੇ ਵਸਨੀਕ ਨਾਮਧਾਰੀਆਂ ਤੇ ਹੋਰ ਕਿਸਾਨਾ ਦੀ ਹਾਲਤ ਸਤਿਗੁਰੂ-ਸਚੇ ਪਾਤਸ਼ਾਹ ਦੀ ਕਿਰਪਾ ਨਾਲ ਆਰਥਿਕ ਪੱਧਰ ਤੋਂ ਚੰਗੇਰੀ ਹੋ ਗਈ। ਓਥੇ ਗੈਰ ਨਾਮਧਾਰੀਆਂ ਤੇ ਕੁਝ ਸੁਆਰਥੀ ਨਾਮਧਾਰੀਆਂ ਦੀ ਵਿਰੋਧਤਾ ਨੇ ਸ੍ਰੀ ਸਤਿਗੁਰੂ ਜੀ ਦੇ ਉਪਕਾਰੀ ਤੇ ਸਦਭਾਵਨਾਂ ਵਾਲੀਆਂ ਪ੍ਰਗਤੀ ਸ਼ੀਲ ਸਧਰਾਂ ਨੂੰ ਝੰਝੋੜ ਕੇ ਰਖ ਦਿਤਾ। ਜਿਸ ਕਰਕੇ ਉਪਕਾਰੀ ਸਤਿਗੁਰੂ ਨੂੰ ਅਪਨੇ ਕੀਤੇ ਉਪਕਾਰਾਂ ਨੂੰ ਸਥਿਰ ਰਖਨ ਵਾਸਤੇ ਕਈਆਂ ਮੁਸ਼ਕਲਾਂ ਤੇ ਮੁਸੀਬਤਾਂ ਦਾ ਵੀ ਟਾਕਰਾ ਕਰਨਾ ਪਿਆ।

**ਆਖਰੀ ਸੱਧਰ—**

ਕੁਝ ਅਪਣੇ ਤੇ ਬਿਗਾਨੇ ਸਜਨਾਂ ਵਲੋਂ ਪੈਦਾ ਕੀਤੀਆਂ ਮੁਸੀਬਤਾਂ ਸਮੇਂ ਜਿਥੇ ਸਚੇ ਪਾਤਸ਼ਾਹ ਅਪਣੀ ਵਿਸ਼ਾਲਤਾ ਤੇ ਸਦਭਾਵਨਾ ਦੁਆਰਾ ਸਭ ਔਕੜਾਂ ਦਾ ਮੁਕਾਬਿਲਾ ਬੜੇ ਧੀਰਜ ਨਾਲ ਕਰਦੇ ਰਹੇ, ਓਥੇ ਨਾਲ ਹੀ ਅਪਣੇ ਗੁਰੂਤ੍ਰ ਅਸੂਲ ਦੀ ਪਾਲਨਾ ਹਿਤ ਸੱਧਰ ਵੀ ਅੰਤਰ ਆਤਮੇ ਵਿਚ ਧਾਰ ਲਈ, ਕਿ ਵਿਰੋਧੀਆਂ ਦੇ ਜਤਨਾਂ ਕਰਨ ਦੇ ਬਾਵਜੂਦ ਵੀ ਮੈਂ ਸਰਕਾਰੀ ਅਦਾਲਤਾ ਵਿਚ ਜਾਕੇ ਪੇਸ਼ ਨਹੀਂ ਹੋਣਾ।

ਅਰ ਇਸ ਸੱਧਰ ਦਾ ਪਤਾ ਉਸ ਵਕਤ ਲਗਾ ਜਦ ਪਰਉਪਕਾਰੀ ਸਧਰਾਂ ਦੇ ਭੰਡਾਰ ਅਟਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ੫-੬ ਭਾਦਰੋ ਸੰਮਤ ੨੦੩੨ (੨੦-੨੧ ਅਗਸਤ ੧੯੫੯) ਦੀ ਦਰ-ਮਿਆਨੀ ਰਾਤ ਨੂੰ ਨਾਮਧਾਰੀ ਸੰਗਤ ਤੋਂ ਹਮੇਸ਼ਾਂ ਵਾਸਤੇ ਦੇਹ ਦਾ ਓਹਲਾ ਕਰ ਗਏ ? ਜਦੋਂ ਕਿ ਉਸ ਦਿਨ ਇਕ ਥਾਣੇਦਾਰ ਵੀ ਸਚੇ ਪਾਤਸ਼ਾਹ ਦੀ ੨੪ ਜਾਂ ੨੫ ਅਗਸਤ ਨੂੰ ਅਦਾਲਤ ਵਿਚ ਹਾਜ਼ਰੀ ਦੀ ਇਤਲਾਹ ਕਰਵਾਉਣ ਵਾਸਤੇ ੨੧ ਤਰੀਕ ਨੂੰ ਸਵੇਰੇ ਸ੍ਰੀ ਭੈਣੀ ਸਾਹਿਬ ਆ ਪਹੁੰਚਾ ? ਪਰ ਅੰਤਰ ਜਾਮੀ ਪਾਤਸ਼ਾਹ ਪਹਿਲਾਂ ਹੀ ਅਪਣੀ ਸੱਧਰ (ਇਛਾ) ਅਨੁਸਾਰ ਦਰਗਾਹੀ ਅਦਾਲਤ ਵਿਚ ਪਧਾਰ ਚੁਕੇ ਹੋਏ ਸਨ।

●



Sri Satguru Jagjit Singh Ji Elibrary NamdhariElibrary@gmail.com

# ਅਪੂਰਬ—ਅਨੰਦ

**ਸੰਤੋਖ ਸਿੰਘ**
ਜਮਨਾ ਨਗਰ

'ਅਨੰਦ' ਦਾ ਉਚਾਰਨ ਗੁਰਬਾਣੀ 'ਚ ਤੀਜੇ ਗੁਰੂ ਅਮਰ ਦਾਸ ਜੀ ਨੇ ਕਰਕੇ ਅਤੇ 'ਲਾਵਾਂ' ਦਾ ਉਚਾਰਨ ਚੌਥੇ ਪਾਤਸ਼ਾਹ ਗੁਰੂ ਰਾਮ ਦਾਸ ਜੀ ਨੇ ਕਰਕੇ ਸਿੱਖਾਂ 'ਚ ਅਗੋਂ ਆਉਣ ਵਾਲੇ ਸਮੇਂ ਅਨੁਸਾਰ ਅਨੰਦ-ਮਰਯਾਦਾ ਦਾ ਮੁੱਢ ਬੰਨ੍ਹ ਦਿਤਾ। ਪਰ ਇਸ ਨੂੰ ਅਮਲ 'ਚ ਲਿਆਉਣ ਦਾ ਸਿਹਰਾ ਤਾਂ ਗ਼ਰੀਬ-ਨਿਵਾਜ਼ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੇ ਹੀ ਬੱਝਦਾ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤਕ ਹੋ ਚੁਕੇ ਸਭ ਸਤਿਗੁਰੂਆਂ (ਗੁਰੂ ਨਾਨਕ ਦੇਵ ਜੀ ਤੋਂ ਗੁਰੂ ਬਾਲਕ ਸਿੰਘ ਜੀ ਤੀਕ) ਦੇ ਵਿਆਹ (ਅਨੰਦ ਨਹੀਂ) ਗੁਰਮਤ ਅਨੁਸਾਰ ਨਹੀਂ ਸਗੋਂ ਪੰਡਿਤਾਂ ਦੀਆਂ ਟੋਰੀਆਂ ਰੀਤਾਂ ਅਨੁਸਾਰ ਹੀ ਹੋਏ ਹਨ, ਸੋ ਸਿੱਖਾਂ ਦੇ ਵੀ ਇਸੇ ਤਰੀਕੇ ਅਨੁਸਾਰ ਹੁੰਦੇ ਰਹੇ — ਇਤਿਹਾਸ ਇਸ ਗੱਲ ਦੇ ਪ੍ਰੀਤ ਹਨ। ਬਹੁਤ ਭਾਰੀ ਉਲਝਣਾ ਤੇ ਗਲਤ ਰਸਮਾਂ ਨੂੰ ਮੁੱਖ ਰੱਖਦੇ ਹੋਏ, ਜੋ ਇਨ੍ਹਾਂ ਵਿਆਹਾਂ ਕਰਕੇ ਸਿੱਖਾਂ 'ਚ ਪੈ ਰਹੀਆਂ ਸਨ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖ ਸੰਗਤਾਂ 'ਚ ਸਭ ਤੋਂ ਪਹਿਲਾਂ ਅਨੰਦ-ਮਰਿਆਦਾ ਸਥਾਪਿਤ ਕੀਤੀ। ਸ੍ਰੀ ਸਤਿਗੁਰੂ ਜੀ ਨੇ ਇਹ ਮਰਿਯਾਦਾ ਮਾਲਵੇ ਦੇ ਦੌਰੇ ਸਮੇਂ ਜੇਠ ਸੁਦੀ ੧੦ ਸੰਮਤ ੧੯੨੦ ਬਿ:, ੩ ਜੂਨ ਸੰਨ ੧੮੬੩ ਈ: ਨੂੰ ਪਿੰਡ ਖੋਟੇ ਤੋਂ ਸ਼ੁਰੂ ਕੀਤੀ ਅਤੇ ਛੇ ਅਨੰਦ-ਕਾਰਜ ਕੀਤੇ। ਇਸ ਬਾਰੇ ਸੰਤ ਕਾਲਾ ਸਿੰਘ ਜੀ ਪੰਥ ਪ੍ਰਕਾਸ਼ 'ਚ ਲਿਖਦੇ ਹਨ — "੧੯੨੦ ਬਿ: ਜੇਠ ਸੁਦੀ ਦਸਮੀ ਨੂੰ ਪਿੰਡ ਖੋਟੇ, ਜ਼ਿਲਾ ਫਿਰੋਜ਼ਪੁਰ ਵਿਚ, ੬ ਅਨੰਦ ਸਤਿਗੁਰੂ ਰਾਮ ਸਿੰਘ ਜੀ ਨਵੇਂ ਸਿਰੇ ਗੁਰ-ਮਰਯਾਦਾ ਦੇ ਕੀਤੇ —

੧. ਸੂਬਾ ਸੰਤ ਸਮੁੰਦ ਸਿੰਘ ਜੀ ਦੀ ਪੁਤਰੀ ਜੈ ਠੱਟੀ ਵਿਆਹੀ।
੨. ਸੰਤ ਕਾਲਾ ਸਿੰਘ ਦੀ ਪੁਤਰੀ ਦੋਧਰ ਵਿਆਹੀ।
੩. ਸੰਤ ਸੁੰਦਰ ਸਿੰਘ ਦੀ ਪੁਤਰੀ ਚੂਹੜਚੱਕ ਵਿਆਹੀ।
੪. ਫ਼ਤੇ ਸਿੰਘ ਦੀ ਪੁਤਰੀ — ਦੇਸ ਕੌਰ ਨਿਹੰਗ ਸਿੰਘ ਵਾਲੇ ਵਿਆਹੀ।
੫. ਬੁੱਧ ਸਿੰਘ ਦੀ ਪੁਤਰੀ — ਪ੍ਰੇਮ ਕੌਰ ਧੂਲਕੋਟ ਵਿਆਹੀ।
੬. ਜੋਗਾ ਸਿੰਘ ਪੁਤ੍ਰ ਕੋਟ ਵਾਲੇ ਦੀ ਪੁਤਰੀ ਬਿਸ਼ਨ ਕੌਰ ਮਠੌਡੀਂ ਵਿਆਹੀ।

ਇਨ੍ਹਾਂ ਛੇ ਅਨੰਦਾਂ ਵਿਚੋਂ ਦੋ ਅੰਤਰ ਜਾਤੀ (ਜਾਤੀ-ਭਿੰਨ) ਵੀ ਸਨ। ਗਿਆਨੀ ਗਿਆਨ ਸਿੰਘ ਜੀ 'ਭੂਪਿੰਦਰਾ ਨੰਦ' 'ਚ ਲਿਖਦੇ ਹਨ—

"ਸ੍ਰੀ ਰਾਮ ਸਿੰਘ ਕੂਕੇ ਪਹਿਲੇ॥
ਅਨੰਦ ਸੁਛੰਦ ਪੜ੍ਹਾਏ ਸਹਿਲੇ॥
ਉਨਕੋ ਦੇਖ ਔਰ ਸਿਖ ਘਣੇ॥
ਲਗੇ ਅਨੰਦ ਪੜ੍ਹਾਵਣ ਤਣੇ॥"

ਸੋ ਸਿੱਖ ਸੰਗਤਾਂ 'ਚ ਇਹ ਅਨੰਦ ਮਰਿਯਾਦਾ



Sri Satguru Jagjit Singh Ji Elibrary NamdhariElibrary@gmail.com

ਤਾਂ ਸ਼ੁਰੂ ਹੋ ਗਈ ਪਰ ਇਸ ਮਰਿਯਾਦਾ ਅਨੁਸਾਰ ਕਿਸੇ ਸਤਿਗੁਰੂ ਦਾ ਅਨੰਦ ਹਾਲੀਂ ਤੀਕ ਨਹੀਂ ਸੀ ਹੋਇਆ, ਅਤੇ ਇਸ ਗੱਲ ਦਾ ਮਾਣ ਦੀਨ-ਦਿਆਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਪ੍ਰਾਪਤ ਹੋਇਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਚੇਤ ਵਦੀ ਤੀਜ, ਸੰਮਤ ੧੯੪੬ ਬਿ: ਐਤਵਾਰ ਥੋੜੇ ਦਿਨ ਰਹਿੰਦੇ ਪਿਤਾ ਸ੍ਰੀ ਗੁਰੂ ਹਰੀ ਸਿੰਘ ਜੀ ਅਤੇ ਮਾਤਾ ਸ੍ਰੀ ਮਾਤਾ ਜਿਊਣ ਕੌਰ ਜੀ ਦੀ ਕੁਖੋਂ ਸ੍ਰੀ ਭੈਣੀ ਸਾਹਿਬ ਪ੍ਰਗਟੇ ਆਪ ਜੀ ਦਾ ਬਚਪਨ ਬਾਛੀ ਮੁਸ਼ਕਲਾਂ ਚੋਂ, ਕੁਝ ਖੇਡਦਿਆਂ, ਗੁਰਮੁਖੀ-ਹਿੰਦੀ ਤੇ ਹੋਰ ਵਿਦਿਆਵਾਂ ਦੀ ਪ੍ਰਾਪਤੀ ਕਰਦਿਆਂ, ਗੁਰਬਾਣੀ ਰਟਨ ਕਰਦਿਆਂ, ਸਿੱਖ-ਇਤਿਹਾਸ, ਨਾਮਧਾਰੀ-ਇਤਿਹਾਸ ਅਤੇ ਨਾਮ-ਸਿਮਰਨ ਕਰਦਿਆਂ, ਗੁਰਮੁਖੀ-ਜੀਵਨ ਨੂੰ ਢਾਲਦਿਆਂ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਸਰੰਕਸ਼ਣ ਹੇਠ ਬੀਤਿਆ, ਪਰ ਆਪ ਜੀ ਸ਼ੁਰੂ ਤੋਂ ਹੀ ਬਹੁਤ ਬਲਵਾਨ-ਤੇਜ਼ ਵਾਲੇ, ਨਿਰਭੈ ਅਤੇ ਗਰੀਬਾਂ ਤੇ ਕ੍ਰਿਪਾ ਕਰਨ ਵਾਲੇ ਹੋ ਨਿਕਲੇ—ਸੰਤ ਤਰਨ ਸਿੰਘ ਜੀ 'ਵਹਿਮੀ' ਲਿਖਦੇ ਹਨ—

"ਛੋਹੋ ਹੋਏ ਆਪ, ਜੇਹੇ ਕਹੇ ਗੁਰ ਰਾਮ ਬਾਪ,  
ਹੋਵੇ ਪਰਤਾਪ ਸਿੰਘ ਵਡੇ ਪਰਤਾਪ ਵਾਲਾ।  
ਜੀਵਨ ਸੋ ਜੋਤਿ ਹੋਇ ਸਤ ਥੋਲਾ ਮਸਤ ਜਿਉਂ,  
ਵਡ ਪ੍ਰਤਾਪੀ ਮਤਾ ਸਭ ਦੇ ਮਿਲਾਪ ਵਾਲਾ।  
ਗੁਰੂ ਹਰੀ ਸਿੰਘ ਜੀ ਦੇ ਵਰ ਪੂਰੇ ਨੂਰੋ ਨੂਰ ਹੋਏ,  
ਸੰਗਤ ਨੂੰ ਸੁਖ ਵਡਭਾਗਾ ਸਮਾਂ ਆਪ ਵਾਲਾ।  
ਚਰਨ ਪਵਿਤ੍ਰ ਆਪ ਪਾਏ ਭੈਣੀ ਸਾਹਿਬ ਜਦ,  
ਦੁਖ ਦੋਹ ਦੁਆਰੋਂ ਦੂਰ ਹੋਇਆ ਪੁਲਸ ਤਾਪ  
ਵਾਲਾ।"

ਆਪ ਜੀ ਦੀ ਭਰ ਜੁਆਨੀ, ਸੁੰਦਰ ਮੁਖੜਾ, ਸੁਹਣੇ ਨੈਣ-ਨਕਸ਼, ਸੰਤ ਸੁੰਦਰ ਸਿੰਘ ਜੀ ਖੁਰੂ ਸਰ ਵਾਲਿਆਂ ਨੂੰ ਮੋਹਿਤ ਕਰ ਗਏ ਅਤੇ ਉਨ੍ਹਾਂ ਨੇ ਦਿਲ 'ਚ ਠਾਣ ਲਈ ਕਿ ਆਪਣੀ ਸੁਯੋਗ-ਗੁਰਮੁਖ ਸਪੁਤਰੀ ਦਾ ਅਨੰਦ ਆਪ ਜੀ ਨਾਲ ਹੀ ਕਰਨਾ ਹੈ।

ਪਰ ਇਸ ਸੁਭਾਗੇ ਕੰਮ 'ਚ ਰੁਕਾਵਟ ਆਪ ਜੀ ਦੇ ਭਾਈ ਸ੍ਰ: ਸੱਦਾ ਸਿੰਘ ਜੀ ਰਹੇ, ਜੋ ਇਹ ਅਨੰਦ ਬਿਲਕੁਲ ਪਸੰਦ ਨਹੀਂ ਸਨ ਕਰਦੇ, ਸੋ ਇਵੇਂ ਹੀ ਕੁਝ ਸਮਾਂ ਹੋਰ ਬੀਤ ਗਿਆ, ਅਤੇ ਸੰਤ ਸੁੰਦਰ ਸਿੰਘ ਜੀ ਆਪਣੀ ਦਿਲੀ-ਰੀਝ ਆਪਣੇ ਨੈਣਾਂ ਨਾਲ ਪੂਰੀ ਹੁੰਦੀ ਨਾ ਵੇਖ ਸਕੇ, ਸੰਤ ਸੁੰਦਰ ਸਿੰਘ ਜੀ ਸਵਰਗਵਾਸ ਹੋ ਗਏ ਅਤੇ ਭੋਗ ਉਪਰੰਤ ਸੰਤ ਮੀਹਾਂ ਸਿੰਘ ਜੀ ਆਪਣੇ ਮਾਤਾ ਜੀ ਦੇ ਹੁਕਮ ਮੁਤਾਬਿਕ ਬੀਬੀ ਵੀਰ ਕੌਰ ਦੇ ਅਨੰਦ ਦੀ ਅਰਜ਼ ਕਰਨ ਲਈ ਸ੍ਰੀ ਭੈਣੀ ਸਾਹਿਬ ਗਏ। ਪਰ ਇਸ ਗਲ ਦੀ ਭਿਣਕ ਸ੍ਰ: ਸੱਦਾ ਸਿੰਘ ਦੇ ਕੰਨੀਂ ਵੀ ਪੈ ਗਈ, ਉਸ ਸੰਤ ਮਹਾਂ ਸਿੰਘ ਹੋਰਾਂ ਨੂੰ ਇਥੋਂ ਤੀਕ ਕਹਿ ਦਿਤਾ ਕਿ ਜੇਕਰ ਇਹ ਅਨੰਦ ਨਾ ਰੁਕਿਆ ਤਾਂ 'ਵੀਰੋ ਤੇ ਪਰਤਾਪ ਸਿੰਘ' ਦਾ ਸਿਰ ਫੇਰਿਆਂ ਲਈ ਬੈਠਿਆਂ 'ਤੇ ਹੀ ਵਢ ਦੇਵਾਂਗਾ। ਜ਼ੈਲਦਾਰ ਗੁਰਮੁਖ ਸਿੰਘ ਉਸ ਇਲਾਕੇ ਦਾ ਮੰਨਿਆ ਹੋਇਆ ਬੰਦਾ ਸੀ, ਜਿਸ ਦੇ ਵੱਡੇ ਵੱਡੇ ਅਫ਼ਸਰ ਤੇ ਬਦਮਾਸ਼ ਮਿਲਣ-ਗਿਲਣ ਵਾਲੇ ਸਨ ਅਤੇ ਉਹ ਸੱਦਾ ਸਿੰਘ ਦੀ ਪਿੱਠ ਠੋਕ ਰਿਹਾ ਸੀ।

ਉਧਰੋਂ ਸ੍ਰੀ ਸਤਿਗੁਰੂ ਜੀ ਤੇ ਮਾਤਾ ਜਿਊਣ ਕੌਰ ਜੀ ਨੇ ਸ੍ਰੀ ਭੈਣੀ ਸਾਹਿਬੋਂ ੧੩ ਪੋਹ ਸੰਮਤ ੧੯੭੧ ਦਾ ਦਿਨ ਮਿਥ, ਸੁਨੇਹਾ ਭੇਜ ਦਿਤਾ (ਸੰਤ ਮੀਹਾਂ ਸਿੰਘ ਹੋਰਾਂ ਅਨੁਸਾਰ ੭ ਪੋਹ, ਸੰਮਤ ੧੯੭੧ ਦਾ ਦਿਨ ਮਿਥਿਆ ਗਿਆ ਸੀ) ਸੋ ਝਗੜੇ-ਫਸਾਦ ਤੋਂ ਬਚਣ ਲਈ ਸੰਤ ਮੀਹਾਂ ਸਿੰਘ ਜੀ ਖੁਰੂਸਰ ਤੋਂ ਫਿਰੋਜ਼ਪੁਰ-ਅੰਗਰੇਜ਼ ਅਫਸਰ ਮਿ: ਕਾਨਰ ਨੂੰ ਜਾ ਮਿਲੇ ਤੇ ਸਾਰਾ ਵਿਰਤਾਂਤ ਸੱਦਾ ਸਿੰਘ ਬਾਰੇ ਆਖ ਸੁਣਾਇਆ ਫਿਰ ਫਾਜ਼ਿਲਕੇ ਤੋਂ ਅਰਜ਼ੀ-ਨਵੀਸ ਰਾਹੀਂ ਅਰਜ਼ੀ ਲਿਖਾਵਾ ਮਿ: ਕਾਨਰ ਤੋਂ ਲਿਖਵਾ ਲਿਆ ਕਿ—"ਸੱਦਾ ਸਿੰਘ ਤੇ ਉਸ ਦੇ ਸਾਥੀਆਂ ਨੂੰ ੭ ਦਿਨ ਥਾਣੇ ਰਖੋ ਜਾਂ ਪਿੰਡੋਂ ਬਾਹਰ ਚਲੇ ਜਾਣ, ਅਗੋਂ ਪਿਛੋਂ ਵੀ ਕੋਈ ਦੰਗਾ ਫਸਾਦ ਕਰੇ ਤਾਂ ਮੇਰੇ ਪੇਸ਼ ਕਰੋ।" ਇਹ ਅਰਜ਼ੀ ਲੈ ਆਪ ਜੀ ਥਾਣੇ ਅਬੋਹਰ ਲੈ ਗਏ ਅਤੇ

ਥਾਣੇਦਾਰ ਨੇ ਤੁਰਤ ਕਾਰਵਾਈ ਕੀਤੀ, ਸੱਦਾ ਸਿੰਘ ਨੂੰ ਥਾਣੇ 'ਚ ਲਿਖਣਾ ਪਿਆ ਕਿ "ਮੈਂ ਸਾਥੀਆਂ ਸਮੇਤ ਪਿੰਡੋਂ ਬਾਹਰ-ਸੱਤ ਦਿਨ ਲਈ ਚਲਾ ਜਾਵਾਂਗਾ ਅਤੇ ਕੋਈ ਲੜਾਈ ਝਗੜਾ ਨਹੀਂ ਕਰਾਂਗਾ।" ਸੋ ਸੱਦਾ ਸਿੰਘ ਅਨੰਦ ਤੋਂ ਦਸ ਦਿਨ ਪਹਿਲਾਂ ਹੀ ਆਪਣੇ ਪ੍ਰਵਾਰ ਸਮੇਤ ਰੁਪਾਣੇ ਜਾ ਰਿਹਾ।

ਮਾਤਾ ਜੀਊਣ ਕੌਰ ਜੀ ਪ੍ਰਬੰਧ ਕਰਨ ਲਈ ਲਾਗਰੀਆਂ ਸਮੇਤ, ਸੱਤ ਦਿਨ ਪਹਿਲੇ ਕੁਰੂਸਰ ਜਾ ਪੁਜੇ ੧੨ ਪੋਹ, ਸੰਮਤ ੧੯੭੧ ਦਾ ਦਿਨ—

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸਾਧ ਸੰਗਤ ਸਮੇਤ ਪੱਕੀ ਦੇ ਸਟੇਸ਼ਨ ਤੇ ਜੋ ਕਿ ਕੁਰੂਸਰ-ਪਿੰਡ ਤੋਂ ਕੁਝ ਦੂਰੀ ਤੇ ਹੈ, ਪੁੱਜ ਗਏ ਹਨ ਅਤੇ ਸਭ ਗੱਡੀ ਤੋਂ ਉਤਰ ਪਲੇਟ ਫਾਰਮ ਤੇ ਚਲਦੇ ਹੋਏ ਬਾਹਰ ਆ ਗਏ ਹਨ, ਸਭ ਦੇ ਚਿਹਰਿਆਂ ਤੇ ਕੋਈ ਅਗੰਮੀ ਖੁਸ਼ੀ ਨਚ ਰਹੀ ਹੈ—ਸ੍ਰੀ ਸਤਿਗੁਰੂ ਜੀ ਦੇ ਮੁਖੜੇ ਦਾ ਨੂਰ ਝਲ੍ਹਕਾਂ ਮਾਰ ਰਿਹਾ ਹੈ—ਤੇਜ ਝਲਿਆ ਨਹੀਂ ਜਾਂਦਾ। ਅਗੋਂ ਗੁਰੂ-ਸਰ ਦੇ ਅਤੇ ਆਸ ਪਾਸ ਦੇ ਸਿੱਖ-ਸੇਵਕ ਮੁਸਲਮਾਨ ਆਦਿ ਆਪਣੇ ਆਪਣੇ ਰੱਥ, ਘੋੜੇ—ਗੱਡੇ ਤੇ ਊਠ ਆਦਿ ਬਹੁਤ ਸਜਾ-ਸ਼ਿੰਗਾਰ ਕੇ ਤਿਆਰ ਕੀਤੇ ਖੜੇ ਹਨ ਅਤੇ ਬਹੁਤ ਖੁਸ਼ੀ ਤੇ ਨਿਮਰਤਾ ਸਹਿਤ ਪਤਿਤ-ਪਾਵਨ ਅਤੇ ਸਾਧ ਸੰਗਤ ਦਾ ਸੁਆਗਤ ਕਰ ਰਹੇ ਹਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਮੇਤ ਗੁਰੂ-ਪ੍ਰਵਾਰ, ਮਹਾਰਾਜ ਨਿਹਾਲ ਸਿੰਘ, ਮਹਾਰਾਜ ਗੁਰਦਿਆਲ ਸਿੰਘ ਜੀ, ਮਾਤਾ ਫਤਹਿ ਕੌਰ ਜੀ ਅਤੇ ਅਨੇਕ ਜਥੇਦਾਰਾਂ—ਰਾਗੀਆਂ ਸਮੇਤ ਕੁਰੂਸਰ ਨੂੰ ਰਵਾਨਾ ਹੋ ਗਏ ਹਨ। ਇਕ ਸ਼ਾਹਾਨਾ ਜਲੂਸ-ਜਿਹਾ ਇਕੱਠ ਗੁਰੂਸਰ ਨੇੜੇ ਪੁੱਜ ਆਪਣੀ ਆਪਣੀ ਸਵਾਰੀ ਤੋਂ ਉਤਰ, ਢੋਲਕੀ-ਛੈਣਿਆਂ ਦੀ ਛਣਕਾਰ 'ਚ ਸ਼ਬਦ ਪੜ੍ਹ ਤੁਰ ਰਿਹਾ ਹੈ ਅਤੇ ਅਗੋਂ ਭੀ ਸਾਧ-ਸੰਗਤ ਇਸੇ ਤਰ੍ਹਾਂ ਸ਼ਬਦ—

"ਹਮ ਘਰਿ ਸਾਜਨ ਆਏ ਸਾਚੇ ਮੇਲਿ ਮਿਲਾਏ" ਪੜ੍ਹਦੀ ਹੋਈ ਸੁਆਗਤ ਵਜੋਂ ਖੜੀ ਹੈ, ਬਹੁਤ ਹੀ ਸੁਭਾਗਾ ਸਮਾਂ ਬਣ ਗਿਆ ਹੈ ਅਤੇ ਗੁਰੂ-ਪ੍ਰਵਾਰ ਦੇ ਸਭ ਦਰਸ਼ਨ ਕਰ ਰਹੇ ਹਨ।

ਸ੍ਰੀ ਪੂਜਨੀਕ ਮਾਤਾ ਜੀਊਣ ਕੌਰ, ਮਾਤਾ ਰਾਮ ਕੌਰ ਕੁਰੂਸਰ ਵਾਲਿਆਂ ਸਾਧ ਸੰਗਤ ਦੀ ਸੇਵਾ ਕਰਨ 'ਚ ਕੋਈ ਕਸਰ ਨਹੀਂ ਰਖੀ, ਸਾਰੇ ਪਿੰਡ 'ਚ ਖੁਸ਼ੀ ਭਰਿਆ ਹੁਲਾਸ ਛਾ ਗਿਆ ਹੈ। ਇਸੇ ਸ਼ੁਭ-ਸਮਾਗਮ ਤੇ ਸੰਤ ਲਾਲ ਸਿੰਘ ਜੀ ਭੂਰੇ ਗਿੱਲਾਂ ਵਾਲੇ ਆਪਣੇ ਸਪੁਤ੍ਰ ਪ੍ਰਤਾਪ ਸਿੰਘ ਅਤੇ ਕਾਲੂ ਕੇ ਸਾਰੇ ਰਾਗੀ ਜਥੇ ਦੇ, ਸੰਤ ਹਰਨਾਮ ਸਿੰਘ ਰਾਗੀ ਜਥੇ ਸਮੇਤ, ਸੰਤ ਟਹਿਲ ਸਿੰਘ ਸਦੋਵਾਲ, ਸੰਤ ਕਰਮ ਸਿੰਘ ਹਿੰਮਤਪੁਰਾ ਸੰਤ ਭਗਤ ਸਿੰਘ ਦਾਤੇਵਾਲ, ਸੰਤ ਮੰਗਲ ਸਿੰਘ ਫਤੂਹੀ ਚੱਕ, ਸੰਤ ਸੁੰਦਰ ਸਿੰਘ ਜੀ ਪੂੰਗਾਂ ਵਾਲੇ, ਸੰਤ ਭੂਰੀ ਵਾਲੇ ਆਦਿ ਜਥੇਦਾਰ--ਸੰਤ ਮਹਾਤਮਾ ਪੁਜੇ ਹੋਏ ਹਨ ਅਤੇ ਥਾਂ ਥਾਂ ਤੇ ਕੀਰਤਨ ਹੋ ਰਿਹਾ ਹੈ, ਸ਼ਾਮ ਦਾ ਸਮਾਂ ਰਾਤ 'ਚ ਬਦਲ ਗਿਆ ਹੈ ਅਤੇ ਸਭ-ਕੁਝ ਦੇਰ ਆਰਾਮ ਕਰਨ ਲਈ ਆਪਣੇ ਆਪਣੇ ਡੇਰੇ ਬਿਰਾਜ ਗਏ ਹਨ।

**13 ਪੋਹ, ਸੰਮਤ 1971 ਦਾ ਦਿਨ—**

ਅੰਮ੍ਰਿਤ ਵੇਲਾ, ਸਭ ਰਾਗੀ-ਜਥੇਦਾਰ ਆਦਿ ਮਿਲ ਕੇ ਆਸਾ ਦੀ ਵਾਰ ਗਾਇਣ ਕਰ ਰਹੇ ਹਨ। ਇਕ ਪਾਸੇ ਹਵਨ ਦੀ ਅਗਨੀ ਪ੍ਰਜਵਲਤ ਹੋ ਰਹੀ ਹੈ ਅਤੇ ਘਿਉ ਦੀਆਂ ਅਹੂਤੀਆਂ ਦਿਤੀਆਂ ਜਾ ਰਹੀਆਂ ਹਨ, ਵਾਯੂਮੰਡਲ ਸੁਗੰਧਿਤ ਹੋ ਗਿਆ ਹੈ—ਵੇਦੀ ਸਜਾਈ ਹੋਈ ਅਤੇ ਸਤਬੱਤ ਸਾਧ ਸੰਗਤ ਹੰਸ ਰੂਪ ਹੋ ਮੋਤੀ ਚੁੱਗ ਰਹੀ ਹੈ, ਗਰੀਬ ਨਿਵਾਜ਼ ਸਤਿਗੁਰੂ ਪ੍ਰਤਾਪ ਸਿੰਘ ਜੀ ਚੰਡੀ ਦੀ ਵਾਰ ਦਾ ਭੋਗ ਪਾ, ਅਰਦਾਸਾ ਕਰ ਵੇਦੀ ਪਾਸ ਵਿੱਛੀ ਹੋਈ ਚਿੱਟੀ ਚਾਦਰ ਤੇ ਆ ਸੁਸ਼ੋਭਿਮਾਨ ਹੋਏ ਹਨ। ਕੁਝ ਚਿਰ ਮਗਰੋਂ ਬੀਬੀ ਵੀਰ ਕੌਰ ਜੀ ਉਠੇ ਹਨ, ਹੌਲੀ ਹੌਲੀ ਆਪਣੇ ਪਿਆਰੇ ਪ੍ਰੀਤਮ ਜੀ ਪਾਸ ਪੁੱਜ, ਨਿਮਰਤਾ ਸਹਿਤ ਨਿਮਸ਼ਕਾਰ ਕਰ, ਗਲ ਉੱਨ ਦੀ ਮਾਲਾ ਪਹਿਨਾ ਰਹੇ ਹਨ ਅਤੇ ਫਿਰ ਅਡੋਲ ਗਰੀਬ-ਨਿਵਾਜ ਜੀ ਦੇ ਖੱਬੇ



Sri Satguru Jagjit Singh Ji Elibrary NamdhariElibrary@gmail.com

ਪਾਸੇ ਬੈਠ ਗਏ ਹਨ, ਬਹੁਤ ਸੁੰਦਰ ਇਹ ਜੋੜੀ ਦੇਵਤਿਆਂ ਵਾਂਗ ਸ਼ੋਭਾ ਪਾ ਰਹੀ ਹੈ। ਪਿੰਡਾਂ ਦੇ ਬੱਚੇ ਜਵਾਨ, ਬੁਢੇ ਤੇ ਜ਼ਨਾਨੀਆਂ ਆਦਿ ਸਭ ਇਸ ਅਪੂਰਬ-ਅਨੰਦ ਨੂੰ ਵੇਖਣੇ ਲਈ ਉਮੜ ਉਮੜ ਪੈ ਰਹੇ ਹਨ। ਸਭ ਪਾਸੇ ਭੀੜ ਹੀ ਭੀੜ ਹੈ, ਕੋਠਿਆਂ ਦੇ ਬਨੇਰੇ ਵੀ ਭਰ ਗਏ ਹਨ ਅਤੇ ਸਭ ਦੇ ਚਿਹਰਿਆਂ ਤੇ ਖੁਸ਼ੀ ਨੱਚ ਰਹੀ ਹੈ, ਕੁਝ ਕੁ ਬਲਵਾਨ ਨਾਮਧਾਰੀ ਸਿੰਘ ਚੌਕਸ ਹੋ ਇਧਰ-ਉਧਰ ਫਿਰ ਰਹੇ ਹਨ, ਕੁਝ ਪੁਲੀਸ ਦੇ ਸਿਪਾਹੀ ਵੀ ਚੌਕੰਨੇ ਹੋ ਖ਼ਬਰਦਾਰੀ ਰਖ ਰਹੇ ਹਨ ਕਿ ਮਤਾਂ ਕੋਈ ਝਗੜਾ-ਫਸਾਦ ਆਦਿ ਨਾ ਕਰਦਾ ਹੋਵੇ।

ਸ੍ਰੀ ਸਤਿਗੁਰੂ ਜੀ ਕਮਰਕੱਸਾ ਸਜਾ ਰਹੇ ਹਨ, ਸਰਬ ਲੋਂਗ ਵੀ ਸਜਾਇਆ ਹੈ ਅਤੇ ਹੁਣ ਬੀਰ-ਆਸਣ ਬੈਠ, ਅੰਮ੍ਰਿਤ ਛਕਣ ਦੀ ਤਿਆਰੀ ਹੈ। ਸੰਤ ਲਛਮਣ ਜਟਾਣੇ ਵਾਲੇ, ਬਾਬਾ ਬਦਨ ਸਿੰਘ ਜੀ ਅੰਮ੍ਰਿਤ ਛਕਾਉਣ ਲਈ ਗਰੀਬ ਨਿਵਾਜ ਕੋਲ ਆਏ ਹਨ— ਅੰਮ੍ਰਿਤ ਛਕਾਇਆ ਜਾ ਰਿਹਾ ਹੈ, ਹਰ ਚੂਲਾ ਅੰਮ੍ਰਿਤ ਛਕਣ ਤੇ ਦੋਹੀਂ ਤਰਫੀਂ 'ਬੋਲ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ' ਅਤੇ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ' ਉਚਾਰਿਆ ਜਾ ਰਿਹਾ ਹੈ, ਪੰਜ ਚੂਲੇ ਅੰਮ੍ਰਿਤ ਛਕਿਆ ਹੈ, ਇਸੇ ਤਰ੍ਹਾਂ ਹੀ ਪੰਜ ਪੰਜ ਵਾਰੀ ਕੁਝ ਬੂੰਦਾਂ ਅੰਮ੍ਰਿਤ ਦੀਆਂ ਨੇਤਰਾਂ 'ਚ, ਕੇਸਾਂ 'ਚ ਪਾਈਆਂ ਹਨ ਅਤੇ ਫਤਹਿ ਉਚਾਰੀ ਹੈ। ਇਸੇ ਤਰ੍ਹਾਂ ਹੀ ਬੀਬੀ ਜੀ ਨੂੰ ਵੀ ਅੰਮ੍ਰਿਤ ਛਕਾਇਆ ਜਾ ਰਿਹਾ ਹੈ ਅਤੇ ਉਹ ਫਤਹਿ ਦਾ ਜਵਾਬ 'ਜੋ ਬੋਲੇ ਸੋ ਨਿਹਾਲ—ਸਤਿ ਸ੍ਰੀ ਅਕਾਲ' 'ਚ ਦੇ ਰਹੇ ਹਨ, ਪੰਜ ਪੰਜ ਵਾਰ ਅੰਮ੍ਰਿਤ ਦੇ ਛਿਟੇ ਨੇਤਰਾਂ 'ਚ, ਕੇਸਾਂ 'ਚ ਪਾਏ ਹਨ।

ਦੋਹੀਂ ਤਰਫੀਂ ਸਵਾ ਸਵਾ ਰੁਪਿਆ ਲੈ ਕੰਢ-ਚਿਤਰਾਵਾ ਕਰ ਜੋੜੀ ਖੜ੍ਹੀ ਹੋ ਗਈ ਹੈ ਤੇ ਸੂਹੀ ਮ: ੪ ਚੋਂ ਲਾਵਾਂ ਉਚਾਰਨ ਲਗੇ ਹਨ। ਪਹਿਲੀ ਲਾਂਵ ਪੜ੍ਹਣ ਦੇ ਨਾਲ ਹੀ ਦੀਨ-ਦਯਾਲ ਆਪਣੀ ਅਰਧਅੰਗਣੀ ਸਮੇਤ ਵੇਦੀ ਦੇ ਵਿਚ — ਹਵਨ ਦੇ ਦੁਆਲੇ ਸਜੇ ਹਥੋਂ ਚਲ ਪਏ ਹਨ ਅਤੇ ਚਾਰ ਲਾਵਾਂ ਪੜ੍ਹਣ ਦੇ ਨਾਲ ਹੀ ਚਾਰ ਫੇਰੇ ਪੂਰੇ ਹੋ ਗਏ ਹਨ। ਗਰੀਬ ਨਿਵਾਜ ਬਿਰਾਜਮਾਨ ਹੋ ਗਏ ਹਨ ਅਤੇ ਰਾਗੀ ਸਿੰਘ ਅਨੰਦ ਸਾਹਿਬ ਪੜ੍ਹਨ ਲਗ ਪਏ ਹਨ। ਫਿਰ ਅਰਦਾਸ ਅਨੰਦ ਬਾਬਤ ਕਰ ਸੰਗਤ ਬੈਠ ਗਈ ਹੈ। ਸੰਤ ਲਛਮਣ ਸਿੰਘ ਜੀ ਜਟਾਣੇ ਵਾਲਿਆਂ ਵਾਕ ਲਿਆ ਹੈ ਅਤੇ ਮਾਤਾ ਜੀਊਣ ਕੌਰ ਜੀ ਦੇ ਹੁਕਮ ਮੁਤਾਬਕ ਬੀਬੀ ਵੀਰ ਕੌਰ ਜੀ ਦਾ ਨਾਮ ਬੀਬੀ ਭੁਪਿੰਦਰ ਕੌਰ ਰਖਿਆ ਹੈ।

ਵਿਦਾ ਕਰਨ ਤੋਂ ਪਹਿਲਾਂ ਮਾਤਾ ਰਾਮ ਕੌਰ ਜੀ ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਚ ਅਰਜ਼ ਕੀਤੀ ਹੈ ਅਤੇ ਆਪਣੇ ਘਰ ਲੈ ਗਏ ਹਨ। ਜਥਾ-ਸ਼ਕਤ ਭੇਟਾ ਚਰਨਾਂ 'ਚ ਰੱਖੀ ਹੈ — ਅਤੇ ਸਭ ਮੇਲੀਆਂ ਨੇ, ਪਿੰਡ ਦਿਆਂ ਅਤੇ ਸਨਬੰਧੀਆਂ ਨੇ ਕੁਝ ਨਾ ਕੁਝ ਅਰਪਣ ਕੀਤਾ ਹੈ। ਸ੍ਰੀ ਸਤਿਗੁਰੂ ਜੀ ਮੁੜ ਆਪਣੇ ਡੇਰੇ ਆ ਗਏ ਅਤੇ ਚੱਲਣ ਦਾ ਹੁਕਮ ਹੋ ਗਿਆ ਹੈ।

ਗਰੀਬ ਨਿਵਾਜ ਜੀ ਫਿਰ ਗੁਰੂ-ਪ੍ਰਵਾਰ ਅਤੇ ਸਾਧ ਸੰਗਤ ਸਮੇਤ ਕੁਰੂ-ਸਰੋਂ ਰੱਥਾਂ, ਗੱਡਿਆਂ, ਘੋੜਿਆਂ, ਊਠਾਂ ਤੇ ਚੜ੍ਹ ਸਟੇਸ਼ਨ ਪੁਜੇ। ਗੱਦੀ ਤੇ ਬੈਠ ਸ੍ਰੀ ਭੈਣੀ ਸਾਹਿਬ ਨੂੰ ਰਵਾਨਾ ਹੋ ਗਏ। ਅਗੋਂ ਸ਼ਾਹਨੇ ਦੇ ਸਟੇਸ਼ਨ ਤੇ ਬਹੁਤ ਰਥ, ਊਠ, ਘੋੜੇ, ਗੱਡੇ ਆਦਿ ਨੇੜੇ ਨੇੜੇ ਪਿੰਡਾਂ — ਨਗਰਾਂ ਦੀ ਸਾਧ-ਸੰਗਤ ਲੈ ਕੇ ਖੜ੍ਹੀ ਹੈ। ਸਭ ਪ੍ਰਸੰਨਤਾ ਪੂਰਵਕ ਬਚਨ-ਬਿਲਾਸ ਕਰ ਰਹੇ ਹਨ ਅਤੇ ਆਪਣੇ ਨਵ-ਵਿਆਹੇ ਮਾਹੀ ਦੀ ਇੰਤਜ਼ਾਰ ਬੇਸਬਰੀ ਨਾਲ ਕਰ ਰਹੇ ਹਨ। ਗਰੀਬ ਨਿਵਾਜ਼ ਸਮੇਤ ਸੰਗਤ ਸਟੇਸ਼ਨ ਤੋਂ ਬਾਹਰ ਚਰਨ ਰਖੇ ਹਨ — ਅਗੋਂ ਬਹੁਤ ਸੁਆਗਤ ਹੋਇਆ ਹੈ। ਸਰਬੱਤ ਸੰਗਤ ਸ੍ਰੀ ਭੈਣੀ ਸਾਹਿਬ ਨੂੰ ਟੁਰ ਪਈ ਹੈ। ਸ੍ਰੀ ਭੈਣੀ ਸਾਹਿਬ ਪੁਜ ਬਿਅੰਤ ਖੁਸ਼ੀ ਮਨਾਈ ਗਈ ਹੈ। ਪੰਜ ਸਾਧਾਰਣ ਪਾਠਾਂ ਦੇ ਭੋਗ ਅਤੇ ਇਕ ਦਸਮ-ਗ੍ਰੰਥ ਦਾ ਭੋਗ ਪਾਇਆ ਗਿਆ ਹੈ। ਬਹੁਤ



Sri Satguru Jagjit Singh Ji Elibrary NamdhariElibrary@gmail.com

ਵੱਡਾ ਮੇਲਾ ਬਣਿਆ ਹੋਇਆ ਹੈ । ਮਾਤਾ ਜੀਊਣ ਕੌਰ ਸਭ ਨੂੰ ਖੁਲ੍ਹੇ ਗੱਫੇ ਕੜਾਹ-ਪ੍ਰਸ਼ਾਦ ਦੇ ਵਰਤਾ ਰਹੇ ਹਨ । ਇਵੇਂ ਇਹ ਅਪੂਰਬ-ਅਨੰਦ ਸੰਪੂਰਣ ਹੋਇਆ ਹੈ ।

ਗਰੀਬ ਨਿਵਾਜ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਨੰਦ ਸਮੇਂ ਆਯੂ ੨੫ ਸਾਲ ਦੇ ਕਰੀਬ ਅਤੇ ਮਾਤਾ ਭੂਪਿੰਦਰ ਕੌਰ ਜੀ ਦੀ ੧੫-੧੬ ਸਾਲ ਦੇ ਕਰੀਬ ਸੀ । ਸ੍ਰੀ ਸਤਿਗੁਰੂ ਜੀ ਨੇ ਅਨੰਦ ਹੋ ਜਾਣ ਉਪ੍ਰੰਤ ਸਿੱਖੀ ਕਾਰਜਾਂ 'ਚ, ਰੋਜ਼ਾਨਾ ਨਿਤਨੇਮ 'ਚ ਅਤੇ ਹੋਰ ਜ਼ਰੂਰੀ ਪੰਥਕ ਕੰਮਾਂ 'ਚ ਢਿੱਲ ਨਹੀਂ ਪੈਣ ਦਿਤੀ, ਸਗੋਂ ਮਾਤਾ ਜੀ ਵੀ ਹਰ ਵਕਤ ਸਾਧ ਸੰਗਤ ਦੀ ਸੇਵਾ ਲਈ ਤਤਪਰ ਰਹਿੰਦੇ ਅਤੇ ਗੁਰਬਾਣੀ-ਪਾਠ, ਨਾਮ ਅਭਿਆਸ ਕਰਦੇ ਰਹਿੰਦੇ ।

ਅਨੰਦ-ਮੈਰਿਜ਼ ਐਕਟ ਮਹਾਰਾਜ ਰਿਪਦਮਨ ਸਿੰਘ ਨੇ ਵਾਇਸਰਾਏ ਦੀ ਕੌਂਸਲ 'ਚ ੩੦-੧੦-੧੯੦੮ ਨੂੰ ਪੇਸ਼ ਕੀਤਾ । ਮਹਾਰਾਜਾ ਨਾਭਾ ਅਤੇ ਮਹਾਰਾਜਾ ਪਟਿਆਲਾ ਦੇ ਆਪਸੀ ਝਗੜੇ 'ਚ ਇਕ ਵਕੀਲ ਵਲੋਂ ਇਹ ਕਿਹਾ ਗਿਆ ਕਿ ਸਿੱਖਾਂ ਦੇ ਵਿਆਹ ਹੀ ਜਾਇਜ਼ ਨਹੀਂ ਹਨ, ਸੋ ਇਸ ਗੱਲ ਨੂੰ ਮੁੱਖ ਰੱਖ ਕੇ ਇਹ ਐਕਟ ਪੇਸ਼ ਕੀਤਾ ਗਿਆ । ਇਸ ਸਬੰਧੀ ਬਹਿਸ 'ਚ ਸਬੂਤ ਪੇਸ਼ ਕਰਨ ਵਾਸਤੇ ਮਹਾਰਾਜਾ ਪਟਿਆਲਾ ਨੇ ਸੰਤ ਜਵਾਲਾ ਸਿੰਘ ਜੀ ਨੂੰ ਅਤੇ ਮਹਾਰਾਜਾ ਨਾਭਾ ਨੇ ਆਪਣੇ ਚੀਫ਼ ਜਸਟਿਸ ਸ: ਬਚਨ ਸਿੰਘ ਨੂੰ ਸ੍ਰੀ ਭੈਣੀ ਸਾਹਿਬ ਭੇਜਿਆ । ਮਹਾਰਾਜਾ ਨਾਭਾ ਨੂੰ ਸ੍ਰੀ ਸਤਿਗੁਰੂ ਜੀ ਵਲੋਂ ਤਾਰ ਭੇਜੀ ਗਈ ਅਤੇ ਸੰਤ ਜਵਾਲਾ ਸਿੰਘ ਜੀ ਚਿੱਠੀ ਲਿਖਵਾ ਕੇ ਲੈ ਗਏ । ਚਿੱਠੀ ਤੇ ਤਾਰ ਵਿਚ ਸ੍ਰੀ ਸਤਿਗੁਰੂ ਜੀ ਦੇ ਦਸਤਖ਼ਤਾਂ ਹੇਠ ਲਿਖਿਆ ਗਿਆ ਕਿ ਅਸੀਂ ਨਾਮਧਾਰੀ ੪੫ ਸਾਲਾਂ ਤੋਂ ਅਨੰਦ ਕਾਰਜ ਗੁਰਮਤ ਅਨੁਸਾਰ ਕਰਦੇ ਚਲੇ ਆ ਰਹੇ ਹਾਂ ਅਤੇ ਹੁਣ ਵੀ ਇਸ ਮਰਯਾਦਾ ਨਾਲ ਕਰਦੇ ਹਾਂ । ਇਸ ਗਵਾਹੀ ਤੇ ਹੀ ਇਹ ਐਕਟ ਪਾਸ ਹੋਇਆ ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਅਨੰਦ ਮਰਯਾਦਾ ਨੂੰ ਪੂਰਨ ਸਫਲਤਾ ਅਤੇ ਠੀਕ ਤਰੀਕੇ ਨਾਲ ਚਲਾਇਆ ਅਤੇ ਹਰੇਕ ਨਾਮਧਾਰੀ ਨੇ ਇਸ ਨੂੰ ਪ੍ਰਵਾਨ ਕੀਤਾ । ਇਸ ਮਰਯਾਦਾ ਨੂੰ ਸਸਤਾ ਅਤੇ ਸੌਖਾ ਕਰਨ ਹਿਤ ਕਈ ਪ੍ਰਕਾਰ ਦੇ ਵਾਧੇ ਤੇ ਸੁਧਾਰ ਕੀਤੇ ਗਏ ਤਾਕਿ ਗਰੀਬ ਤੋਂ ਗਰੀਬ ਨਾਮਧਾਰੀ ਤੇ ਵੀ ਵਿਆਹ ਦਾ ਬੋਝ ਨਾ ਪਵੇ । ਇਸੇ ਕਰਕੇ ਹੀ ਇਹ ਮਰਯਾਦਾ cheapest in the world ਬਣੀ ਅਤੇ ਨਾਮਧਾਰੀਆਂ ਦੀ ਉਸਤਤਿ ਹੋਈ ।

**ਕੁਝ ਅਸੂਲ ਜੋ ਜ਼ਰੂਰੀ ਕਰਾਰ ਦਿਤੇ ਗਏ :—**

੧. ਵਿਆਹ ਤੋਂ ਪਹਿਲਾਂ ਲੜਕਾ ਰੋਕਣਾ, ਮੰਗਣੀ-ਠਾਕਾ ਆਦਿ ਰਸਮਾਂ ਨੂੰ ਖ਼ਤਮ ਕੀਤਾ ਅਤੇ ਬਿਜਲੀ ਵਾਲ, ਜ਼ਿਲਾ ਗੁਰਦਾਸਪੁਰ ੧੯੨੪ ਈ: ਦੇ ਹੋਲੇ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੰਗਣੀ, ਕੁੜਮਾਈ, ਸ਼ਗਨ, ਠਾਕਾ, ਅਰਦਾਸਾ ਕਰਨਾ ਜਾਂ ਲੜਕੇ ਨੂੰ ਰੁਪਈਆ ਆਦਿ ਦੇਣ ਦੀਆਂ ਸਭ ਰਸਮਾਂ ਤੇ ਪਾਬੰਦੀ ਲਗਾਈ ।

੨. ਲੜਕੀ ਦੇ ਵਿਆਹੁਣ ਯੋਗ ਉਮਰ ੧੪-੧੬ ਸਾਲ ਤੀਕ ਮੁਕਰਰ ਕੀਤੀ।

੩. ਲੜਕੀ ਅਨੰਦ ਤੋਂ ਬਾਅਦ ਪੂਰੇ ੧੫ ਦਿਨ ਸਹੁਰੇ ਘਰ ਰਹੇ ।

੪. ਮੁਕਲਾਵੇ ਦੀ ਰਸਮ ਖ਼ਤਮ ਕੀਤੀ ਤੇ ਦਾਜ ਦਹੇਜ ਨੂੰ ਬਿਲਕੁਲ ਬੰਦ ਕੀਤਾ ।

੫. ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਮਤ ੧੯੯੭ ਸੰਨ ੧੯੪੦ ਈ: ਦੇ ਹੋਲੇ ਸਮੇਂ, ਸ੍ਰੀ ਭੈਣੀ ਸਾਹਿਬ ਵਿਚ ਐਲਾਨ ਕੀਤਾ ਕਿ ਸਭ ਨਾਮਧਾਰੀ ਸਿੱਖ ਆਪਣੇ ਲੜਕੇ ਲੜਕੀਆਂ ਦੇ ਅਨੰਦ ਮੇਲਿਆਂ ਵਿਚ ਕਰਿਆ ਕਰਨ— ੧੩ ਰੁਪਿਆਂ ਤੋਂ ਵੱਧ ਅਨੰਦ ਦੇ ਸਮੇਂ ਖਰਚ ਕਰਨ ਦੀ ਕਿਸੇ ਨੂੰ ਆਗਿਆ ਨਹੀਂ । ਘੱਟ ਤੋਂ ਘੱਟ ਸਵਾ ਰੁਪਿਆ ਕੜਾਹ ਪ੍ਰਸ਼ਾਦ ਦਾ, ਪਰ ਜਿਸ ਪਾਸ ਇਹ ਵੀ ਨਾ ਹੋਵੇ, ਉਸ ਵਾਸਤੇ ਗੁਰੂ ਕੀ ਗੋਲਕ ਵਿਚੋਂ ਦਿਤਾ ਜਾ ਸਕਦਾ ਹੈ ।

੬. ਲੜਕਾ-ਲੜਕੀ ਤੋਂ ਅਨੰਦ ਤੋਂ ਪਹਿਲਾਂ ਗੁਰਬਾਣੀ ਦੇ ਪਾਠ ਸਰਵਣ ਕਰਨ ਦੀ ਮਰਿ-ਆਦਾ ਕਾਇਮ ਕੀਤੀ ਤਾਕਿ ਪਤਾ ਚੱਲ ਸਕੇ ਕਿ ਸਭ ਗੁਰਮੁਖੀ ਅੱਖਰ ਪੜ੍ਹੇ ਹਨ ਜਾਂ ਨਹੀਂ ।

●



Sri Satguru Jagjit Singh Ji Elibrary NamdhariElibrary@gmail.com

# ਮਹਿੰਦੀ ਸ਼ਗਨਾਂ ਦੀ

**ਮਾਸਟਰ ਨਿਹਾਲ ਸਿੰਘ**
ਸ੍ਰੀ ਜੀਵਨ ਨਗਰ

ਕੌਣ ਕਹਿੰਦਾ ਏ ਕੂਕਿਆਂ ਘਰੀਂ ਵਿਆਹ ਸ਼ਾਦੀਆਂ ਸਮੇਂ ਮਹਿੰਦੀ ਨਹੀਂ ਲਗਦੀ। ਸੁਣੀ ਨਹੀਂ ਇਹਨਾਂ ਅੱਖਾਂ ਨਾਲ ਮਹਿੰਦੀ ਲਗਦੀ ਦੇਖੀ ਏ। ਪਰ ਮਹਿੰਦੀ ਮਹਿੰਦੀ ਵਿਚ ਫਰਕ ਏ। ਇਕ ਮਹਿੰਦੀ ਏ ਜਿਹਦਾ ਰੰਗ ਕੁਝ ਸਮੇਂ ਉਪ੍ਰੰਤ ਉਤਰ ਜਾਂਦਾ ਏ, ਪਰ ਕੂਕਿਆਂ ਦੀ ਲਗੀ ਮਹਿੰਦੀ ਦਾ ਰੰਗ ਉਤਰਦਾ ਨਹੀਂ ਸਗੋਂ ਦਿਨੋ ਦਿਨ ਸਵਾਇਆ ਹੁੰਦਾ ਜਾਂਦਾ ਹੈ।

ਇਸ ਅਸੂ ਦੇ ਪ੍ਰਯੋਗ ਦੇ ਆਰੰਭ ਹੁੰਦਿਆਂ ਈ ਖਬਰਾਂ ਫੈਲਣੀਆਂ ਸ਼ੁਰੂ ਹੋ ਗਈਆਂ ਕਿ ਇਸ ਮੇਲੇ ਤੇ ਸ੍ਰੀ ਠਾਕੁਰ ਦਲੀਪ ਸਿੰਘ ਦਾ ਅਨੰਦ ਕਾਰਜ ਹੋਵੇਗਾ। ਪਰ ਸੋਚਿਆ ਇਹ ਕਿਹੜੀ ਵੱਡੀ ਗੱਲ ਏ। ਅਨੰਦ ਕਾਰਜ ਇਕ ਦਿਨ ਜ਼ਰੂਰ ਹੋਣਾ ਏ, ਪਰ ਕਈ ਵੇਰ ਇਹ ਵੀ ਮਨ ਵਿਚ ਆਉਂਦਾ ਕਿ ਅਗੇ ਵਿਦਿਅਕ ਸਮੇਲਨ ਸਮੇਂ ਵੀ ਖਬਰਾਂ ਉਡੀਆਂ ਸਨ, ਪਰ ਹੁਣ ਫਿਰ। ਸਭ ਮੂੰਹ ਨਾਲ ਮੂੰਹ ਜੋੜ ਇਕ ਦੂਜੇ ਨੂੰ ਪੁਛਦੇ ਕਿ ਸ੍ਰੀ ਠਾਕੁਰ ਜੀ ਦਾ ਵਿਆਹ ਕਿਸ ਜਗ੍ਹਾ ਹੋਣਾ ਏ। ਬੀਬੀ ਕਿੰਨੀ ਕੁ ਪੜ੍ਹੀ ਲਿਖੀ ਏ? ਉਹ ਪ੍ਰਵਾਰ ਸਿੱਖੀ ਵਿਚ ਕਿੰਨਾ ਕੁ ਏ? ਕੁਝ ਪਤਾ ਨਾ ਲਗੇ, ਜਿੰਨੇ ਮੂੰਹ ਓਨੀਆਂ ਗੱਲਾਂ।

ਸਭ ਤੋਂ ਪਹਿਲਾਂ ਇਹ ਅਫਵਾਹ ਨਿਕਲੀ ਕਿ ਸ੍ਰੀ ਠਾਕੁਰ ਜੀ ਦਾ ਅਨੰਦ ਕਾਰਜ ਇਕ ਮੋਟੇ ਜ਼ਿਮੀਦਾਰ ਘਰ ਹੋ ਰਿਹਾ ਹੈ। ਵਸਨੀਕ ਪੰਜਾਬ ਦੇ ਹਨ, ਪਰ ਅੱਜ ਕਲ੍ਹ ਅਫਰੀਕਾ ਵਿਚ ਕਾਰ-ਵਿਹਾਰ ਹੈ। ਮਹਾਰਾਜ ਬੀਰ ਸਿੰਘ ਜੀ ਤੇ ਬੇਬੇ ਜੀ ਉਹਨਾਂ ਘਰ ਇਕ ਮਹੀਨਾ ਰਹਿ ਕੇ ਆਏ ਹਨ। ਬੀਬੀ ਮਾਪਿਆਂ ਸਹਿਤ ਹਵਾਈ ਜਹਾਜ਼ ਰਾਹੀਂ ਮੇਲੇ ਤੇ ਪੁੱਜ ਰਹੀ ਏ। ਅਸੀਂ ਹੈਰਾਨ ਸਾਂ ਕਿ ਇਹ ਕਿਵੇਂ ਹੋ ਸਕਦਾ ਏ ਕਿ ਮਹਾਰਾਜ ਬੀਰ ਸਿੰਘ ਜੀ ਵਰਗੇ ਧਰਮ ਪ੍ਰਾਇਣ ਤੇ ਭਾਰਤੀ ਸਭਿਅਤਾ ਦੇ ਮੁਜੱਸਮੇ ਪਾਸੋਂ ਅਜੇਹਾ ਕਿਵੇਂ ਹੋ ਸਕਦਾ ਏ? ਪਰ ਮੁੜ ਖਿਆਲ ਆਵੇ ਕਿ ਸ਼ਾਇਦ ਜਿਵੇਂ ਆਮ ਭਾਰਤੀ ਪੱਛਮ ਦੇ ਵਹਿਣ ਵਿਚ ਰੁੜ੍ਹਨ ਲਗ ਪਏ ਨੇ। ਵਿਆਹ ਤੋਂ ਪਹਿਲਾਂ ਮੁੰਡੇ ਕੁੜੀਆਂ ਇਕ ਦੂਜੇ ਨੂੰ ਵੇਖਦੇ ਹਨ। ਉਹਨਾਂ ਦੇ ਨਾਲ ਹੋਟਲਾਂ ਦੀਆਂ ਹੋਟਲਾਂ ਜਾ ਕੇ ਦਾਵਤਾਂ ਖਾਂਦੀਆਂ ਹਨ। ਲੰਮੇ ਲੰਮੇ ਡਕਾਰ ਮਾਰਦੀਆਂ ਹਨ, ਮੁੜ ਠਾਕੇ ਹੁੰਦੇ ਹਨ, ਸ਼ਗਨ ਲਗਦੇ ਹਨ, ਚੁੰਨੀਆਂ ਚੜ੍ਹਦੀਆਂ ਹਨ, ਮੁੰਦਰੀਆਂ ਵਟਦੀਆਂ ਹਨ, ਮੋਟੇ ਮੋਟੇ ਦਾਵਤੀ ਕਾਰਡ ਛਪਦੇ ਤੇ ਵੰਡੀਦੇ ਹਨ, ਕੀ ਪਤਾ ਮਹਾਰਾਜ ਜੀ ਵੀ ਕਿਸੇ ਦੇ ਕਹੇ ਕਹਾਏ ਗੁਰ ਸੇਵਕ ਸਮਝ ਚਲੇ ਗਏ ਹੋਣ, ਪਰ ਇਹ ਗੱਲ ਇਤਨੀ ਵੀ ਸੱਚੀ ਨਾ ਨਿਕਲੀ ਜਿੰਨੀ ਮਾਂਹ ਤੇ ਸਫੇਦੀ। ਇਹ ਕਹਾਣੀ ਬਿਲਕੁਲ ਬੇ-ਬੁਨਿਆਦ ਸਿੱਧ ਹੋਈ। ਅਸਲ ਗੱਲ ਇਹ ਹੈ ਕਿ ਸਵਾਏ ਸ੍ਰੀ ਸਤਿਗੁਰੂ ਜੀ



Sri Satguru Jagjit Singh Ji Elibrary NamdhariElibrary@gmail.com

ਤੇ ਮਾਤਾ ਚੰਦ ਜੀ ਦੇ, ਕਿਸੇ ਨੂੰ ਭਿਨਕ ਤਕ ਨਾ ਪਈ ਕਿ ਅਨੰਦ ਕਿਥੇ ਹੋ ਰਹਿਆ ਏ।

ਖੈਰ ਵੀਰਵਾਰ ਦਾ ਦਿਨ ਬੱਤੀਤਨ ਤੇ ਸੀ ਅਤੇ ਦੋ ਕੱਤਕ ਦਾ ਪਹੁ ਫੁਟਾਲਾ ਹੋ ਰਹਿਆ ਸੀ ਕਿ ਸ੍ਰੀ ਠਾਕੁਰ ਜੀ ਸਦੈਵ ਦੀ ਤਰ੍ਹਾਂ ਅਨੰਦ ਕਾਰਜਾਂ ਵਾਸਤੇ ਜ਼ਰੂਰੀ ਪ੍ਰਬੰਧ ਕਰਾ ਰਹੇ ਸਨ। ਵੇਦੀ ਗਡੀ ਗਈ। ਵੇਦੀ ਦਾ ਚੌਫੇਰਾ ਸਫੈਦ ਕੱਪੜੇ ਨਾਲ ਢੱਕਿਆ ਗਿਆ। ਸੋਧੀ ਸਿੰਘਾਂ ਹਵਨ ਖਾਤਰ ਅਗਨੀ ਪ੍ਰਚੰਡ ਕਰ ਦਿਤੀ। ਵਾਰੇ ਵਾਲੇ ਬੜੇ ਸੁਰ ਵਿਚ ਪੜ੍ਹ ਰਹੇ ਸਨ—ਅੱਜ ਮੇਰੇ ਸੋਹੇ ਬੰਕ ਦੁਆਰ, ਅੱਜ ਮੇਰੇ ਸੋਹੇ ਨੇ—ਸ਼ੁਕਰਵਾਰ ਦੀ ਪ੍ਰਭਾਤ ਇਸ਼ਨਾਨ ਪਾਨ ਉਪ੍ਰੰਤ ਸਿਮਰਨ ਵਿਚ ਲੀਨ ਸੀ ਕਿ ਅਨੰਦ ਕਾਰਜ ਕਰਾਉਣ ਵਾਲੇ ਲੜਕੇ ਲੜਕੀਆਂ ਨੂੰ ਵਾਜਾ ਹੋਇਆ, ਉਹ ਉਠ ਉਠ ਸਤਿਗੁਰੂ ਜੀ ਨੂੰ ਨਮਸਕਾਰ ਕਰ ਪ੍ਰਬੰਧਕਾਂ ਦੇ ਦਸੇ ਅਸਥਾਨ ਤੇ ਬੈਠਦੇ ਗਏ। ਉਹਨਾਂ ਨੂੰ ਭਜਨ ਦਸਿਆ ਗਿਆ, ਅੰਮ੍ਰਿਤ ਛਕਾਇਆ ਗਿਆ ਤੇ ਵਾਰੇ ਦੇ ਭੋਗ ਨਾਲ ਹੀ ਜੋੜੀਆਂ ਖੜੀਆਂ ਹੋ ਗਈਆਂ ਤੇ :

ਹਰਿ ਪਹਿਲੜੀ ਲਾਵ ਪਰਵਿਰਤੀ
ਕਰਮ ਦਰਿੜਾਇਆ ਬਲਿਰਾਮ ਜੀਉ

ਦੀ ਧੁੰਨੀ ਉਠੀ। ਪ੍ਰਬੰਧਕ ਬੜੀ ਹੁਸ਼ਿਆਰੀ ਨਾਲ ਦੇਖ ਰੇਖ ਕਰ ਰਹੇ ਸਨ। ਕੈਮਰਿਆਂ ਵਾਲੇ ਫੋਟੋ ਲੈਣ ਲਈ ਉਤਾਵਲੇ ਸਨ ਪਰ ਸ੍ਰੀ ਠਾਕੁਰ ਜੀ ਕਮਾਂਡਰਾਂ ਵਾਂਗ ਹਰ ਵਰੰਟ ਤੇ ਲੋੜੀਂਦੇ ਇਸ਼ਾਰੇ ਕਰ ਰਹੇ ਸਨ। ਕਿਤੇ ਮਾਈਆਂ ਨੂੰ ਚੁੱਪ ਕਰਾਉਣ, ਕਿਤੇ ਗੈਲਰੀ ਦੀ ਸੰਗਤ ਨੂੰ ਸ਼ਾਂਤ ਕਰਨ ਹਿਤ, ਕਿਤੇ ਕੈਮਰੇ ਵਾਲਿਆਂ ਤੇ ਕਾਬੂ ਪਾਉਣ ਲਈ ਜਤਨ ਹੋ ਰਹੇ ਸਨ। ਇੰਨੇ ਨੂੰ ਦੂਜਾ ਦੌਰ ਵੀ ਸਮਾਪਤ ਹੋ ਗਿਆ। ਮਨ ਅੰਦਰ ਬੇਚੈਨੀ ਤੇ ਹੈਰਾਨੀ ਵਿਚ ਘੋਲ ਚਲ ਰਹਿਆ ਸੀ ਕਿ ਵੇਦੀ ਵੀ ਸਾਧਾਰਨ ਹੈ, ਕਿਤੇ ਫੁਲ ਪੱਤੇ ਵੀ ਨਜ਼ਰੀਂ ਨਹੀਂ ਆ ਰਹੇ, ਪਰ ਗੱਲ ਵੀ ਪੱਕੀ ਸੁਣੀ ਸੀ। ਸੰਗਤਾਂ ਵੀ ਦੂਰੋਂ ਦੂਰੋਂ ਆਈਆਂ ਹਨ, ਪਰ ਠਾਕੁਰ ਜੀ ਦੇ ਰੁਝੇਵੇਂ ਤੋਂ ਕੁਝ ਵਾਰਸ ਨਹੀਂ ਲੱਭਦੀ। ਦੂਜਾ ਦੌਰ ਵੀ ਖਤਮ ਹੋ ਗਿਆ।

ਪਰ ਇਕ ਰੌਂ ਬਦਲ ਗਿਆ। ਘੜੀ ਨੇ ਪੌਣੇ ਅੱਠ ਵਜਾਏ ਤੇ ਦੂਜਾ ਦੌਰ ਖਤਮ ਹੁੰਦਿਆਂ ਸ੍ਰੀ ਠਾਕੁਰ ਜੀ ਤੀਜੇ ਗੇੜੇ ਦੇ ਮੋਢੀ ਹੋ ਬੈਠੇ ਤੇ ਕਮਰ ਕੱਸਾ ਲਾ ਲੀਤਾ। ਸਾਰੇ ਦੀਵਾਨ ਦੀਆਂ ਨਜ਼ਰਾਂ ਖਿੱਚੀਆਂ ਗਈਆਂ। ਸੰਤ ਹਰਬੰਸ ਸਿੰਘ ਸੰਤ ਨਗਰ ਨੇ ਅੰਮ੍ਰਿਤ ਛਕਾਇਆ ਤੇ ਭਜਨ ਦਸਿਆ। ਮਾਈਆਂ ਦੇ ਪਾਸਿਓਂ ਮਾਤਾ ਚੰਦ ਕੌਰ ਜੀ ਉਠੇ ਤੇ ਉਹਨਾਂ ਦੇ ਮਗਰ ਇਕ ਲੰਮੀ, ਉੱਚੀ, ਸੁਨੱਖੀ ਦੇਵੀ ਦੁੱਧ ਚਿੱਟੇ ਬਸਤਰਾਂ ਵਿਚ ਪੋਲੇ ਪੋਲੇ ਪੈਰ ਪੁੱਟਦੀ ਸਤਿਗੁਰੂ ਜੀ ਨੂੰ ਜਾ ਨਮਸਕਾਰ ਕੀਤੀ ਤੇ ਵੇਦੀ ਵੱਲ ਵਧੇ। ਇਉਂ ਭਾਸਿਆ ਜਿਵੇਂ ਆਕਾਸ਼ ਵਿਚੋਂ ਅਪਸਰਾ ਉਤਰੀ ਏ। ਅਗੇ ਅਗੇ ਮਾਤਾ ਜੀ ਤੇ ਪਿਛੇ ਪਿਛੇ ਦੇਵੀ ਗੁਰਮੀਤ ਕੌਰ ਸ੍ਰੀ ਠਾਕੁਰ ਜੀ ਦੇ ਗਲ ਵਿਚ ਮਾਲਾ ਪਾ ਖੱਬੇ ਪਾਸੇ ਬਹਿ ਗਈ। ਸਾਰੇ ਪੰਡਾਲ ਵਿਚ ਭਾਰੀ ਉਤਸੁਕਤਾ ਸੀ। ਮਾਈਆਂ ਆਪੇ ਤੋਂ ਬਾਹਰ ਹੋ ਰਹੀਆਂ ਸਨ। ਗੈਲਰੀਆਂ ਉਲਾਰੇ ਲੈਣ ਲਗ ਪਈਆਂ ਸਨ। ਸਿੰਘਾਂ ਵਾਲੇ ਪਾਸੇ ਵੀ ਹਿੱਲ-ਜੁਲ ਸ਼ੁਰੂ ਹੋ ਗਈ। ਕੈਮਰਿਆਂ ਵਾਲੇ ਕਮਲੇ ਹੋ ਉਠੇ। ਹਰੇਕ ਅੰਦਰੋਂ ਉਤਾਵਲਾ ਸੀ, ਅਜਬ ਜੋਸ਼ ਸੀ ਤੇ ਅਲੌਕਿਕ ਦ੍ਰਿਸ਼ ਸੀ।

ਸਟੇਜ ਤੇ ਸ੍ਰੀ ਸਤਿਗੁਰੂ ਜੀ ਦੇ ਆਲੇ ਦੁਆਲੇ ਮਹਾਰਾਜ ਬੀਰ ਸਿੰਘ ਜੀ, ਸੇਠ ਤ੍ਰਿਲੋਕ ਸਿੰਘ, ਹਰਵਿੰਦਰ ਸਿੰਘ, ਹੰਸ ਪਾਲ ਮੈਂਬਰ ਰਾਜ ਸਭਾ, ਸ: ਬੇਅੰਤ ਸਿੰਘ, ਮਾਲ ਮੰਤਰੀ ਪੰਜਾਬ ਤੇ ਹੋਰ ਸਰਕਰਦਾ ਵਿਅਕਤੀ ਸਸ਼ੋਭਤ ਸਨ।

ਨਾਮਧਾਰੀਆਂ ਵਿਚ ਇਹ ਵਾਧਾ ਹੈ ਕਿ ਹਰ ਗੱਲ 'ਚ ਮਰਯਾਦਾ ਹੈ ਤੇ ਹਰ ਕੰਮ 'ਚ ਨਿਰਮਲੇਸੀ। ਕਿਤੇ ਉਚੇਰਾਪਣ ਤੇ ਵੱਖਰਾਪਣ ਨਹੀਂ। ਹਰ ਕਾਰਜ ਵਾਸਤੇ ਪੁਰਾਤਨਤਾ ਪ੍ਰਧਾਨ ਹੈ। ਇਸ ਅਨੰਦ ਵਾਸਤੇ ਵੀ ਕੋਈ ਵਿਸ਼ੇਸ਼ ਮੰਡਪ ਨਹੀਂ ਰਚਿਆ ਗਿਆ। ਪਾਠਕ



Sri Satguru Jagjit Singh Ji Elibrary NamdhariElibrary@gmail.com

ਇਹ ਸੁਣ ਕੇ ਹੈਰਾਨ ਹੋਣਗੇ ਕਿ ਸ੍ਰੀ ਠਾਕੁਰ ਜੀ ਨੇ ਆਪਣੇ ਜੀਵਨ ਸਾਥੀ ਨੂੰ ਉਸ ਵੇਲੇ ਵੇਖਿਆ ਜਦ ਉਹ ਨਮਸਕਾਰ ਕਰ ਬੈਠੇ। ਜਿਵੇਂ ਦੂਜੇ ਅਨੰਦ ਹੋਏ ਹਨ ਤਿਵੇਂ ਇਹ ਚੌਣਵਾਂ ਵੀ ਸੰਪੂਰਨ ਹੋਇਆ। ਪਾਠਾਂ ਦੇ ਭੋਗ ਉਪ੍ਰੰਤ ਕੜਾਹ ਪ੍ਰਸ਼ਾਦ ਲੈ, ਸਤਿਗੁਰੂ ਜੀ ਨੂੰ ਨਮਸਕਾਰ ਜਿਵੇਂ ਬਾਕੀ ਲੜਕੇ ਆਪਣੇ ਸਾਥੀਆਂ ਨਾਲ ਜਾ ਮਿਲੇ ਤਿਵੇਂ ਸ੍ਰੀ ਠਾਕੁਰ ਜੀ ਵੀ ਮੱਥਾ ਟੇਕ ਆਪਣੀ ਕੁਟੀਆ ਵੱਲ ਚਲੇ ਗਏ। ਬੀਬੀ ਗੁਰਮੀਤ ਮਾਤਾ ਜੀ ਦੇ ਪਿਛੇ ਸਹਿਜੇ ਸਹਿਜੇ ਤੁਰਦੇ ਹੀ ਕੋਠੀ ਪੁਜੀ। ਘਰ ਵਿਚ ਕੋਈ ਵਿਲੱਖਣਤਾ ਨਹੀਂ ਸੀ। ਨਾ ਕਿਸੇ ਤੇਲ ਚੋਲਿਆ ਨਾ ਪਾਣੀ ਵਾਰਿਆ। ਹਾਂ, ਕੁਝ ਦੇਵੀਆਂ ਹਾਰ ਲਈ ਸੁਆਗਤ ਲਈ ਖੜ੍ਹੀਆਂ ਸਨ। ਬੇਬੇ ਜੀ ਉਹਨਾਂ ਨੂੰ ਝਿੜਕ ਕੇ ਪਿਛਾਂਹ ਕਰ ਦਿਤਾ ਤੇ ਕਿਹਾ, ਸਤਿਗੁਰਾਂ ਦੀਆਂ ਖੁਸ਼ੀਆਂ ਵਿਚ ਹੀ ਸਭ ਫੁੱਲ ਮਾਲਾਵਾਂ ਹਨ। ਬੇਬੇ ਜੀ ਆਪ ਬੀਬੀ ਗੁਰਮੀਤ ਕੌਰ ਨੂੰ ਕਮਰੇ ਵਿਚ ਬਿਠਾ ਲੰਗਰ ਦੇ ਪ੍ਰਬੰਧ ਵਾਸਤੇ ਚਲੇ ਗਏ।

ਸੰਗਤਾਂ ਜਲ ਪ੍ਰਸ਼ਾਦ ਛਕ ਘਰੋ ਘਰੀਂ ਵਿਦਾ ਹੋਈਆਂ। ਸੱਚੇ ਪਾਤਸ਼ਾਹ ਤੇ ਮਾਤਾ ਜੀ ਪ੍ਰੋਗਰਾਮਾਂ ਅਨੁਸਾਰ ਸਿਆਮ ਨੂੰ ਤਾਰਨ ਚਲੇ ਗਏ। ਅਗਲੀ ਭਲਕ ਮਹਾਰਾਜ ਬੀਰ ਸਿੰਘ ਜੀ ਵੀ ਸ੍ਰੀ ਜੀਵਨ ਨਗਰ ਨੂੰ ਰਵਾਨਾ ਹੋ ਗਏ ਤੇ ਮਾਈਆਂ ਬੀਬੀਆਂ ਬੇਬੇ ਜੀ ਦੇ ਦੁਆਲੇ ਝੁਰਮਟ ਜਾ ਪਾਇਆ ਤੇ ਅਰਜ਼ ਕੀਤੀ, "ਜੀ! ਬੀਬੀ ਜੀ ਨੂੰ ਕੰਮ ਲਾਓ। ਕੜਾਹ ਪ੍ਰਸ਼ਾਦ ਬਣਾਵੇ।" ਬੇਬੇ ਜੀ ਕਿਹਾ, "ਸਤਿਗੁਰਾਂ ਦਾ ਹੁਕਮ ਹੈ, ਪਹਿਲਾਂ ਭਾਂਡੇ ਮਾਂਜੇ ਜਾਣ।" ਮਾਈਆਂ ਕੜਾਹ ਪ੍ਰਸ਼ਾਦ ਵਾਸਤੇ ਕਹਿ ਰਹੀਆਂ ਸਨ ਤੇ ਬੇਬੇ ਜੀ ਬਰਤਨ ਸਾਫ ਕਰਨ ਖਾਤਰ। ਇਹ ਚਰਚਾ ਚਲ ਹੀ ਰਹੀ ਸੀ ਕਿ ਸ੍ਰੀ ਠਾਕੁਰ ਜੀ ਆ ਗਏ। ਉਹਨਾਂ ਸਾਰੀ ਗੱਲ ਸੁਣ ਕਿਹਾ, "ਜੋ ਬੇਬੇ ਜੀ ਕਹਿ ਰਹੇ ਹਨ ਉਹ ਠੀਕ ਹੈ। ਚੰਗਾ ਹੁੰਦਾ ਜੇ ਅੱਜ ਪਹਿਲਾਂ ਗੋਹੇ ਕੂੜੇ ਦੀ ਸੇਵਾ ਹੁੰਦੀ। ਪਰ ਚਲੋ ਉਹ ਕਲ੍ਹ ਤੋਂ ਸਹੀ। ਅੱਜ ਭਾਂਡੇ ਮਾਂਜਣੇ ਹੀ ਠੀਕ ਹਨ। ਕਿਉਂਕਿ ਭਾਂਡੇ ਮਾਂਜਣੇ ਸਾਡੀ ਮਹਿੰਦੀ ਹੈ ਤੇ ਗੋਹਾ ਕੂੜਾ ਵਟਣਾ ਇਸ ਤੋਂ ਅਗੇ ਚੱਕੀ ਤੇ ਜਲ ਢੋਣਾ। ਇਹਨਾਂ ਨਾਲ ਹੀ ਲੋਕ ਪ੍ਰਲੋਕ ਵਿਚ ਸੁਰਖਰੂਈ ਮਿਲਦੀ ਹੈ। ਬਰਤਨ ਮਾਂਜਣ ਵਾਲੀਆਂ ਮਾਈਆਂ ਬਰਤਨ ਮਾਂਜਣੇ ਬੰਦ ਕਰ ਦਿਤੇ। ਦੇਵੀ ਗੁਰਮੀਤ ਕੌਰ ਅਗੇ ਵਧੀ ਤੇ ਬੜੀ ਸੁਚੱਜਤਾ ਨਾਲ ਭਾਂਡੇ ਮਾਂਜੇ ਤੇ ਮੁੜ ਪ੍ਰਸ਼ਾਦ ਛਕਿਆ।

ਅਗਲੀ ਸਵੇਰ ਬੇਬੇ ਜੀ ਸਵੇਰ ਸਾਰ ਕੋਠੀਓਂ ਨਿਕਲੇ ਤੇ ਸ੍ਰੀ ਭੈਣੀ ਸਾਹਿਬ ਵੱਲ ਤੁਰੇ। ਅਗੇ ਅਗੇ ਬੇਬੇ ਜੀ ਮਗਰ ਮਗਰ ਪੁਤਰ ਬਹੂ, ਮਾਈਆਂ ਬੀਬੀਆਂ ਵਿਚ ਘਿਰੇ, ਬਿਰਧਾਂ ਦੇ ਘੇਰੇ ਵਿਚ ਪੁਜੇ, ਉਹਨਾਂ ਨੂੰ ਦਰਸ਼ਨ ਦਿਤੇ। ਬਿਰਧਾਂ ਨਮਸਕਾਰਾਂ ਕੀਤੀਆਂ, ਮੁੜ ਸਤਿਗੁਰੂ ਰਾਮ ਸਿੰਘ ਜੀ ਦੇ ਮੰਦਰ ਦੇ ਦਰਸ਼ਨ ਕਰਵਾਏ, ਬੁਖਾਰੀਆਂ ਤੇ ਲੰਗਰ ਨੂੰ ਜਾ ਨਮਸਕਾਰ ਕੀਤੀ। ਗੱਦੀ ਸਾਹਿਬ ਵਾਲੇ ਚੁਬਾਰੇ ਚੜ੍ਹੇ, ਮੱਥਾ ਟੇਕਿਆ। ਉਪ੍ਰੰਤ ਗਊਆਂ ਮੱਝਾਂ ਦੇ ਵਾੜੇ ਸੂਬਾ ਵਰਿਆਮ ਤੇ ਮਾਲ ਦੇ ਸੇਵਾਦਾਰਾਂ ਦਰਸ਼ਨ ਕੀਤੇ। ਬੀਬੀ ਹਰਨਾਮ ਕੌਰ ਨੇ ਗੋਹੇ ਦੀ ਟੋਕਰੀ ਭਰੀ ਤੇ ਬੀਬੀ ਦੇ ਸਿਰ ਤੇ ਰੱਖੀ। ਬੀਬੀ ਵੀ ਸਾਊਆਂ ਘਰ ਪਲੀ ਧਨ ਭਾਗ ਜਾਣ, ਸਿਰ ਤੇ ਟੋਕਰੀ ਚੁਕੀ ਤੇ ਬਾਹਰ ਰੂੜੀ ਤੇ ਸੁੱਟ ਕੇ ਆਈ।

ਬਾਹਰੋਂ ਆਏ ਕੁਝ ਸਰਦਾਰ ਦਰਸ਼ਕ ਇਹ ਸਭ ਕੁਝ ਵੇਖ ਰਹੇ ਸਨ ਤੇ ਆਪੋ ਵਿਚ ਗੱਲਾਂ ਕਰ ਰਹੇ ਸਨ, ਇਹ ਚਰਗਾ ਸਮਾਜ ਏ। ਸੱਜ ਵਿਆਹੀਆਂ ਲਈ ਇਹੋ ਕੰਮ ਏ? ਹੋਰ ਕੋਈ ਕੰਮ ਨਹੀਂ? ਪਰ ਇਕ ਮਸਤਾਨਾ ਬੜੇ ਪ੍ਰੇਮ ਤੇ ਮਸਤੀ ਨਾਲ ਪੜ੍ਹੀ ਜਾ ਰਿਹਾ ਸੀ—

ਧ੍ਰਿਗ ਸੇਵਾ ਬਿਨ ਹੱਥ ਪੈਰ
ਹੋਰ ਨਿਹਫਲ ਕਰਨੀ।

●



Sri Satguru Jagjit Singh Ji Elibrary NamdhariElibrary@gmail.com

# ਸਿੱਖ ਇਤਿਹਾਸ ਬਾਰੇ ਅਣੋਖੀਆਂ ਲਿਖਤਾਂ

**ਸ੍ਰੀ ਮਹਾਰਾਜ ਬੀਰ ਸਿੰਘ ਜੀ**
ਸ੍ਰੀ ਭੈਣੀ ਸਾਹਿਬ

ਈਸਵੀ ਉਨੀਵੀਂ ਸਦੀ ਦੇ ਪਿਛਲੇ ਅਧ ਵਿਚ ਉਤਰੀ-ਭਾਰਤ ਤੇ ਅੰਗਰੇਜ਼ਾਂ ਦਾ ਪ੍ਰਭਾਵ ਜੰਮਿਆ। ਏਹ ਪ੍ਰਭਾਵ ਰਾਜ ਸੱਤਾ ਦੇ ਕਾਰਣ ਜੰਮਿਆ ਹੀ ਸੀ ਪਰ ਮਨੁੱਖੀ ਚਰਿਤ੍ਰ ਤੋਂ ਗਿਰੇ ਹੋਏ ਕਿਤਨੇ ਹੀ ਭਾਰਤੀਆਂ ਨੇ ਇਸ ਵਿਦੇਸ਼ੀ ਪ੍ਰਭਾਵ ਨੂੰ ਅਪਣੇ ਮਨ ਵਿਚ ਜਗ੍ਹਾ ਦਿਤੀ।

ਅੰਗਰੇਜ਼ੀ ਸਰਕਾਰ ਨੇ ਕਿਤਨੇ ਹੀ ਵਿਦਯਕ ਅਦਾਰੇ ਖੋਲੇ ਜਿਨ੍ਹਾਂ ਵਿਚ ਜੋ ਵਿਦਯਾਰਥੀ ਪੜ੍ਹੇ ਉਨ੍ਹਾਂ ਵਿਚੋਂ ਬਹੁਤ ਥੋੜੇ ਹੀ ਬਚੇ ਬਾਕੀ ਸਭ ਰਾਜ-ਭਗਤ ਬਣੇ, ਕਈ ਈਸਾਈ ਵੀ ਬਣੇ ਅਤੇ ਉਹ ਇਕ ਤਰ੍ਹਾਂ ਦੇ ਅੰਗਰੇਜ਼ੀ ਸਰਕਾਰ ਦੇ ਖਰੀਦੇ ਹੋਏ ਪ੍ਰਚਾਰਕ ਬਣੇ। ਇਸ ਤਰ੍ਹਾਂ ਦੇ ਅਦਾਰਿਆਂ ਵਿਚੋਂ ਪੜ੍ਹਕੇ ਜਿਨ੍ਹਾਂ ਦੀ ਭਾਵਨਾ ਭਾਰਤੀਯ ਸੰਸਕ੍ਰਿਤੀ ਅਤੇ ਦੇਸ਼ ਭਗਤੀ ਦੇ ਉਲਟ ਬਣ ਗਈ ਉਨ੍ਹਾਂ ਵਿਚੋਂ ਕਈ ਲੇਖਕ ਬਣੇ। ਐਸੇ ਲੇਖਕਾਂ ਨੇ ਕਿਤਾਬਾਂ, ਲੇਖ ਆਦਿ ਲਿਖੇ ਜੋ ਦੇਸ਼ ਦੀ ਸਭਿਅਤਾ ਦੇ ਪ੍ਰਤਿਕੂਲ ਸਨ। ਇਨ੍ਹਾਂ ਵਿਚੋਂ ਜੋ ਅੰਗਰੇਜ਼ਾਂ ਦੇ ਬਹੁਤ ਵਿਸ਼ਵਾਸ ਪਾਤਰ ਬਣੇ ਉਨ੍ਹਾਂ ਤੋਂ ਪੁੱਛ ਕੇ ਕਿਤਨੇ ਹੀ ਵਿਦੇਸ਼ੀਆਂ ਨੇ ਸਿੱਖ ਇਤਿਹਾਸ ਲਿਖਿਆ। ਅੰਗਰੇਜ਼ ਲੇਖਕਾਂ ਦੇ ਲਿਖੇ ਹੋਏ ਸਿੱਖ ਇਤਿਹਾਸ ਦੇ ਕੁਛ ਹਵਾਲੇ ਇਸ ਲੇਖ ਵਿਚ ਦਿਤੇ ਜਾ ਰਹੇ ਹਨ। ਇਹ ਹਵਾਲੇ ਅਸਲ ਭਾਸ਼ਾ (ਅੰਗਰੇਜ਼ੀ) ਵਿਚ ਦਿਤੇ ਗਏ ਹਨ ਤਾਂ ਕਿ ਅੰਗਰੇਜ਼ੀ ਜਾਣਨ ਵਾਲੇ ਪਾਠਕਾਂ ਨੂੰ ਪੂਰੀ ਅਸਲੀਅਤ ਦਾ ਪਤਾ ਲਗ ਸਕੇ ਅਤੇ ਉਨ੍ਹਾਂ ਨੂੰ ਏਹ ਸ਼ੰਕਾ ਨਾ ਉਤਪੰਨ ਹੋਵੇ ਕਿ ਅਨੁਵਾਦ ਵਿਚ ਅਸਲੀਅਤ ਸਾਹਮਣੇ ਨਹੀਂ ਆਉਣ ਦਿਤੀ ਗਈ। ਇਨ੍ਹਾਂ ਲੇਖਾਂ ਦੇ ਭਾਵੁਕ ਪੰਜਾਬੀ ਅਨੁਵਾਦ ਵੀ ਨਾਲ ਦਿਤੇ ਗਏ ਹਨ ਤਾਂ ਕਿ ਥੋੜੀ ਅੰਗਰੇਜ਼ੀ ਜਾਣਨ ਵਾਲੇ ਪਾਠਕ ਜਾਂ ਕੋਈ ਅੰਗਰੇਜ਼ੀ ਤੋਂ ਅਸਲੋਂ ਅਗਯਾਤ ਪਰ ਪੰਜਾਬੀ ਪੜ੍ਹ ਸਕਣ ਵਾਲੇ, ਅਨੁਵਾਦ ਪੜ੍ਹ ਕੇ ਅਸਲੀਅਤ ਜਾਣ ਸਕਣ।

ਅੰਗਰੇਜ਼ੀ ਲੇਖਕਾਂ ਵਿਚ ਉਨ੍ਹਾਂ ਲੇਖਕਾਂ ਦੇ ਲੇਖ ਹਨ ਜਿਨ੍ਹਾਂ ਨੂੰ ਵਰਤਮਾਨ ਸਿੱਖ ਲੇਖਕ ਆਮ ਕਰਕੇ ਮਾਨਤਾਂ ਦੇ ਰਹੇ ਹਨ। ਪਰ ਲੇਖ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਸਿੱਖ ਇਤਿਹਾਸ ਦਾ ਰੁਖ ਬਦਲਣ ਦਾ ਜਤਨ ਕੀਤਾ ਹੈ ਅਤੇ ਸਾਡੇ ਪੂਜਯ ਸਤਿਗੁਰਾਂ ਨੂੰ ਕਿਤਨੇ ਨੀਵੇਂ ਚਰਿਤਰ ਵਾਲੇ ਦਰਸਾਇਆ ਹੈ।

ਅੰਗਰੇਜ਼ਾਂ ਦੇ ਭਾਰਤ ਆਉਣ ਤੋਂ ਪਹਿਲਾਂ ਦੇ ਹੁਕਮਰਾਨ, ਸਿੱਖਾਂ ਦੀ ਥੋੜੀ ਗਿਣਤੀ ਅਤੇ ਵਡੀ ਸ਼ਕਤੀ ਵੇਖਕੇ ਔਖੇ ਹੁੰਦੇ ਰਹੇ ਅਤੇ ਇਹ ਔਖ ਦੂਰ ਕਰਨ ਲਈ ਉਨ੍ਹਾਂ ਆਮ ਕਰਕੇ ਬਾਹੂਬਲ ਦੀ ਵਰਤੋਂ ਕੀਤੀ। ਇਹ ਕਰਦੇ ਕਰਦੇ ਉਹ ਐਸੇ ਅਸਫਲ ਹੋਏ ਕਿ ਉੱਤਰ-ਪੱਛਮੀ ਭਾਰਤ ਆਪਣੇ ਹਥੋਂ ਗਵਾ ਬੈਠੇ ਅਤੇ ਜਿਥੋਂ ਸਿੱਖਾਂ ਨੂੰ ਖਤਮ ਕਰਨਾ ਚਾਹੁੰਦੇ ਸਨ ਉਥੇ ਇਕ



Sri Satguru Jagjit Singh Ji Elibrary NamdhariElibrary@gmail.com

ਵਿਸ਼ਾਲ ਸਿੱਖ ਰਾਜ ਦੀ ਸਥਾਪਨਾ ਹੋ ਗਈ। ਸਿੱਖ ਰਾਜ ਵੀ ਉਹ ਐਸਾ ਸੀ ਜਿਸ ਦੀ ਸੀਮਾਂ ਦੀ ਯਾਦ ਅੱਜ ਤਕ ਅਮਿਟ ਹੈ ਕਿਉਂਕਿ ਸਿਖ ਰਾਜ ਤੋਂ ਪਿਛੋਂ ਅੰਗਰੇਜ਼ ਆਏ ਉਸ ਸੀਮਾਂ ਤੋਂ ਅਗੇ ਉਹ ਅਪਣਾ ਰਾਜ ਨਹੀਂ ਵਧਾ ਸਕੇ। ਉਸ ਤੋਂ ਪਿਛੋਂ ਪਾਕਿਸਤਾਨ ਬਣਿਆ ਤਦ ਵੀ ਉਹ ਸੀਮਾਂ ਉਥੇ ਦੀ ਉਥੇ ਹੀ ਹੈ। ਇਸ ਸੀਮਾਂ ਤੋਂ ਉਤਰ ਵੱਲ ਅਫਗਾਨਿਸਤਾਨ ਅਤੇ ਦਖਣ ਵੱਲ ਪਾਕਿਸਤਾਨ ਵਰਤਮਾਨ ਰਾਜਨੀਤੀ ਅਨੁਸਾਰ ਹੈ।

ਸਿੱਖ ਧਰਮ ਅਤੇ ਸਿੱਖ ਰਾਜ ਦੀ ਇਸ ਸਕਤੀ ਨੂੰ ਖੀਨ ਕਰਨ ਵਾਸਤੇ ਅੰਗਰੇਜ਼ਾਂ ਨੇ ਇਤਿਹਾਸ ਦੇ ਅਧਿਐਨ ਤੋਂ ਏਹ ਨਿਰਨਾ ਕੀਤਾ ਕਿ ਬਾਹੂਬਲ ਦੀ ਤਾਕਤ ਇਨ੍ਹਾਂ ਤੇ ਭਾਰੂ ਨਹੀਂ ਹੋ ਸਕਦੀ। ਕਿਸੇ ਵੀ ਢੰਗ ਨਾਲ ਏਨਾਂ ਦਾ ਆਤਮਿਕ ਬਲ ਖੀਨ ਕੀਤਾ ਜਾਵੇ ਅਤੇ ਏਨਾਂ ਨੂੰ ਮਾਨਸਿਕ ਪਧਰ ਤੋਂ ਨੀਵਾਂ ਕੀਤਾ ਜਾਵੇ। ਇਸ ਮਨੋਰਥ ਦੀ ਸਫਲਤਾ ਵਾਸਤੇ ਉਨ੍ਹਾਂ ਅਪਣੇ ਢੰਗ ਦੇ ਵਿਦਯਕ ਅਦਾਰੇ ਸਥਾਪਿਤ ਕੀਤੇ ਅਤੇ ਦੂਸਰੀ ਵਿਦਯਾ ਦੇ ਨਾਲ ਨਾਲ ਹੀ ਉਨ੍ਹਾਂ ਵਿਚ ਅੰਗਰੇਜ਼ੀ ਰਾਜ ਭਗਤ ਹੋਣ ਦੀ ਸਿਖਿਆ ਦਿਤੀ।

ਇਸ ਵਿਚ ਸ਼ਕ ਨਹੀਂ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਤੋਂ ਪਹਿਲਾਂ ਦੇ ਸਿੱਖ ਬਹੁਤ ਹੀ ਥੋੜੇ ਸਨ ਜੋ ਗੁਰਬਾਣੀ ਜਾਂ ਪੰਜਾਬੀ ਤੋਂ ਬਿਨਾਂ ਹੋਰ ਕੋਈ ਭਾਸ਼ਾ ਜਾਣਦੇ ਸਨ । ਪਰ ਉਨ੍ਹਾਂ ਦੇ ਅੰਦਰ ਸਤਿਗੁਰੂ ਵਾਸਤੇ ਸ਼ਰਧਾ ਸਾਦਗੀ ਅਤੇ ਸਿੱਖੀ ਨਿਯਮਾਂ ਦੇ ਪਾਲਣ ਦੀ ਦ੍ਰਿੜਤਾ ਸੀ। ਮੂੰਹੋਂ ਕੀਤਾ ਬਚਨ ਕਿਸੇ ਵੀ ਕੀਮਤ ਤੇ ਪੂਰਾ ਕਰਦੇ ਸਨ। ਸਦੀਆਂ ਤੋਂ ਚਲੀ ਆ ਰਹੀ ਮੁਗਲ ਰਾਜ ਦੇ ਜ਼ੁਲਮ ਦੀ ਕੜੀ ਤੋੜ ਕੇ ਸਿੱਖ ਰਾਜ ਦੀ ਸਥਾਪਨਾ ਉਨ੍ਹਾਂ ਸੂਰਬੀਰ ਉਚ ਮਰਯਾਦਾ ਦੇ ਧਾਰਨੀ ਸਿੰਘਾਂ ਦੀ ਉਤਰੀ ਭਾਰਤ ਨੂੰ ਅਦੁਤੀ ਦੇਣ ਹੈ। ਉਨ੍ਹਾਂ ਸਿੰਘਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਤੋਂ ਪਿਛੋਂ ਦੇ ਸਿੰਘਾਂ ਦਾ ਸੰਖੇਪ ਪਰ ਭਾਵ-ਪੂਰਤ ਚਰਿਤ੍ਰ ਗਿਆਨੀ ਗਿਆਨ ਸਿੰਘ ਜੀ ਨੇ ਇਉਂ ਲਿਖਿਆ ਹੈ—

ਆਗੇ ਸਿੰਘ ਹੁਤੇ ਸਭ ਭੋਲੇ
ਏਕ ਭੇਕ ਕੇ ਧਨੀ ਅਮੋਲੇ
ਰਖਤੇ ਇਕ ਸਤਿਗੁਰੂ ਕਾ ਪਰਣਾ
ਜਤੀ ਸਤੀ ਬਚ ਕੂਰ ਨ ਕਰਣਾ
ਅਬ ਜਬ ਆਲਮ ਆਕਲ ਭਏ
ਮਰਦ ਪੁਨਾ ਸੁਖ ਸਭ ਬਹਿ ਗਏ
ਗੈਰ ਮਜ਼ਬ ਕੇ ਦੀਨ ਰਹੇ ਬਨ
ਬੈਠੇ ਖੋਇ ਸਿਦਕ ਅਪਨਾ ਧਨ
ਬਲਕੇ ਬੜੇ ਬੜੇ ਜੋ ਦੀਸਤ
ਅੰਗਰੇਜਨ ਕੀ ਚਕੀ ਪੀਸਤ
ਮਿਹਨਤ ਮਿਲਤ ਵਹੀ ਲੈ ਖੋਹੈ
ਆਟਾ ਅੰਗਰੇਜ਼ਨ ਕੋ ਦੇ ਹੈ
ਯਹਿ ਫਲ ਹੈ ਹੁਸ਼ਯਾਰੀ ਕੇਰਾ
ਸਿਦਕ ਬੀਰਤਾ ਵਹੁ ਫਲ ਹੇਰਾ



Sri Satguru Jagjit Singh Ji Elibrary NamdhariElibrary@gmail.com

ਠੀਕ ਮਸਾਲ ਮੇਲ ਨੂੰ ਮੇਲ
ਖੰਡ ਮੈਂ ਘੀ ਸ਼ਕ੍ਰ ਮੈਂ ਤੇਲ
ਹੁਕਮ ਬਹਾਦਰ ਨਾਦਰ ਰਾਹੇ
ਚਾਤਰ ਨਿਤ ਆਤਰ ਤਿਹ ਰਹੈਂ
ਪੀਵਨ ਦੂਧ ਕਟਕੂ ਭੋਲੇ
ਕਾਗ ਸਯਾਨੇ ਗੋਬਰ ਫੋਲੇ

(ਸ੍ਰੀ ਗੁਰ ਪੰਥ ਪ੍ਰਕਾਸ਼ ਪੂਰਬਾਰਧ ਬਿਸ੍ਰਾਮ ੨)

ਸਿੱਖ ਇਤਿਹਾਸ ਦੇ ਅੰਗਰੇਜ਼ ਲੇਖਕਾਂ ਵਿਚ ਮੈਕਾਲਫ਼ ਦਾ ਨਾਮ ਬਹੁਤ ਪ੍ਰਸਿੱਧੀ ਰੱਖਦਾ ਹੈ। ਇਸਨੇ ਆਦਿ ਸ੍ਰੀ ਗਰੰਥ ਸਾਹਿਬ ਦੇ ਬਹੁਤ ਸਾਰੇ ਹਿਸੇ ਦਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਸਮ ਗਰੰਥ ਦੇ ਕੁਛ ਹਿਸੇ ਦਾ ਅੰਗਰੇਜ਼ੀ ਅਨੁਵਾਦ ਕੀਤਾ ਹੈ। ਪੁਸਤਕ ਦਾ ਨਾਮ 'ਸਿੱਖ ਰਿਲੀਜਨ' (ਸਿੱਖ ਧਰਮ) ਹੈ ਜੋ ਈਸਵੀ ਉਨੀਂਵੀ ਸਦੀ ਦੇ ਆਖੀਰ ਵਿਚ ਲਿਖੀ ਗਈ ਹੈ। ਇਸ ਪੁਸਤਕ ਵਿਚ ਸਿੱਖ ਇਤਿਹਾਸ ਵੀ ਹੈ ਅਤੇ ਇਸਨੇ ਅਪਣੇ ਵੀਚਾਰ ਵੀ ਅੰਕਿਤ ਕੀਤੇ ਹਨ। 'ਸਿੱਖ ਰਿਲੀਜਨ' ਦੀ ਭੂਮਿਕਾ ਵਿਚੋਂ ਮੂਲ ਲੇਖ ਅਤੇ ਅਨੁਵਾਦ ਨਿਮਨ ਲਿਖਤ ਹੈ—

A few of the advantages of the Sikh religion to the State may be here enumerated. One day, as Guru Teg Bahadur was in the top storey of his prison, the Emperor Aurangzeb thought he saw him looking towards the South in the direction of the Imperial Zenana. He was sent for the next day; and charged with this grave breach of oriental etiquette and propriety. The Guru replied, "Emperor Aurangzeb, I was on the top storey of my prison, but I was not looking at thy private apartments or at thy queens. I was looking in the direction of the Europeans who are coming from beyond the seas to tear down thy pardas and destroy thine empire." Sikh writers state that these words became the battle-cry of the Sikhs in the assault on the mutineers in Dihli (Delhi) in 1857, under General John Nicholson, and thus the prophecy of the Ninth Guru as gloriously fulfilled.

When it was represented to Guru Gobind Singh that a Muhammadan army would eventually come to over power his Sikhs, he replied, 'What God willeth shall take place. When the army of the Muhammadans cometh, my Sikhs shall strike steel on steel. The Khalsa shall then awake, and know the play of battle. Amid the clash of arms the Khalsa shall be partners in present and future bliss tranquility, meditation, and divine knowledge. Then shall the English come, and, joined the Khalsa, rule as well in the East in the West. The holy Baba Nanak will bestow all wealth on them. The English shall posses great power and by force of arms take possession of many principalities. The combined armies of the English and the Sikh shall be very powerful, as long as they rule with united councils. The empire of the British shall vastly increase,



Sri Satguru Jagjit Singh Ji Elibrary NamdhariElibrary@gmail.com

and they shall in every way obtain prosperity. Wherever they take their armies they shall conquer and bestow thornes on their vassals. Then in every house shall be wealth, in every house religion, in every house learning, and in every house happiness.

A Sikh who shows the least sign of reluctance to go, or goes with an expectation of remuneration, when called upon by his benefactor, the King-Emperor to fight His Majesty's enemies, no matter how strong they may be, will be condemned by the Gurus.

The Sikh Religion (Preface; by Max Arthur Maculiffe Page 19-20.

(ਬ੍ਰਿਟਿਸ਼) ਸਰਕਾਰ ਵਾਸਤੇ ਸਿੱਖ ਧਰਮ ਤੋਂ ਪ੍ਰਾਪਤ ਕੁਛ ਕੁ ਲਾਭ ਖਾਸ ਗਿਣਤੀ ਜੋਗ ਹਨ। ਗੁਰੂ ਤੇਗ ਬਹਾਦਰ ਜੀ ਇਕ ਦਿਨ ਜਦੋਂ ਬੰਦੀਖਾਨੇ ਦੀ ਛੱਤ ਤੇ ਚੜੇ ਹੋਏ ਸਨ, ਬਾਦਸ਼ਾਹ ਔਰੰਗਜ਼ੇਬ ਨੇ ਦੇਖਿਆ ਕਿ ਉਹ ਦੱਖਣ ਦਿਸ਼ਾਂ ਵਿਚ ਸਥਿਤ ਮੇਰੇ ਹਰਮ ਨੂੰ ਤਕ ਰਹੇ ਹਨ। ਅਗਲੇ ਦਿਨ ਬਾਦਸ਼ਾਹ ਨੇ ਗੁਰੂ ਜੀ ਨੂੰ ਬੁਲਾ ਲਿਆ ਤੇ ਸ਼ਿਟਾਚਾਰ ਦੀ ਉਲੰਘਨਾ ਦਾ ਦੋਸ਼ ਲਾ ਦਿਤਾ। ਗੁਰੂ ਜੀ ਨੇ ਉਤਰ ਦਿਤਾ, 'ਹੇ ਔਰੰਗਜ਼ੇਬ ! ਮੈਂ ਬੰਦੀਖਾਨੇ ਦੀ ਛੱਤ ਤੇ ਚੜ੍ਹ ਕੇ ਤੇਰੀਆਂ ਬੇਗਮਾਂ ਜਾਂ ਤੇਰੇ ਵੱਲ ਨਹੀਂ ਵੇਖ ਰਿਹਾ ਸਾਂ। ਮੈਂ ਤਾਂ ਉਨ੍ਹਾਂ ਯੋਰਪੀਨ (ਅੰਗਰੇਜ਼ਾਂ) ਨੂੰ ਵੇਖ ਰਿਹਾ ਸਾਂ ਜਿਨ੍ਹਾਂ ਨੇ ਸਮੁੰਦਰ ਪਾਰ ਤੋਂ ਆਉਣਾ ਹੈ, ਤੇਰੇ ਪਰਦੇ ਫਾੜਨੇ ਹਨ ਤੇ ਤੇਰੀ ਸਲਤਨਤ ਤਬਾਹ ਕਰਨੀ ਹੈ।" ਸਿੱਖ ਲੇਖਕਾਂ ਦਾ ਮਤ ਹੈ ਕਿ ਜਨਰਲ ਜੌਹਨ ਨਿਕਲਸਨ ਦੀ ਕਮਾਂਡ ਹੇਠ ੧੮੫੭ ਦੇ ਫੌਜੀ ਵਿਦਰੋਹ ਸਮੇਂ ਜਦੋਂ ਸਿੱਖਾਂ ਨੇ ਦਿੱਲੀ ਵਿਖੇ ਵਿਦਰੋਹੀਆਂ ਤੇ ਧਾਵਾ ਬੋਲਿਆ ਤਦ ਗੁਰੂ ਤੇਗ ਬਹਾਦਰ ਜੀ ਦੇ ਉਪ੍ਰੋਕਤ ਸ਼ਬਦ ਸਿੱਖਾਂ ਦਾ ਜੰਗੀ ਨਾਹਰਾ ਬਣੇ ਅਤੇ ਨੌਵੇਂ ਗੁਰੂ ਜੀ ਦੀ ਉਹ ਭਵਿਖ ਬਾਣੀ ਫਲੀ ਭੂਤ ਹੋ ਚਮਕੀ।

ਜਦੋਂ ਗੁਰੂ ਗੋਬਿੰਦ ਸਿੰਘ ਨੂੰ ਇਹ ਦਸਿਆ ਗਿਆ ਕਿ ਅੰਤ ਨੂੰ ਮੁਸਲਿਮ ਫੌਜ ਸਿੱਖਾਂ ਤੇ ਭਾਰੂ ਹੋਵੇਗੀ; ਗੁਰੂ ਜੀ ਨੇ ਉਤਰ ਦਿਤਾ ਕਿ ਜੋ ਈਸ਼ਵਰ ਦੀ ਇਛਾ ਹੈ ਉਹੋ ਹੀ ਹੋਵੇਗਾ। ਜਦੋਂ ਮੁਸਲਮਾਨਾਂ ਦੀ ਫੌਜ ਆਵੇਗੀ ਤਦ ਮੇਰੇ ਸਿੱਖ ਲੋਹੇ ਨਾਲ ਲੋਹੇ ਲੈਣਗੇ। ਤਦੋਂ ਖਾਲਸਾ ਜਾਗੇਗਾ ਤੇ ਜੰਗੀ ਚਾਲਾਂ ਤੋਂ ਜਾਣੂ ਹੋਵੇਗਾ, ਸ਼ਸਤ੍ਰਾਂ ਦੇ ਯੁੱਧ ਵਿਚ ਮੇਰਾ ਖਾਲਸਾ ਵਰਤਮਾਨ ਅਤੇ ਭਵਿਖ ਦੇ ਮਹਾਂ ਅਨੰਦ ਸੁਖ ਸ਼ਾਂਤੀ ਅਤੇ ਆਤਮ ਗਿਆਨ ਨੂੰ ਪ੍ਰਾਪਤ ਕਰੇਗਾ। ਤਦ ਅੰਗਰੇਜ਼ ਆਉਣਗੇ ਤੇ ਪੂਰਬ ਅਤੇ ਪੱਛਮ ਵਿਚ ਖਾਲਸੇ ਨਾਲ ਮਿਲਕੇ ਰਾਜ ਕਰਨੇਗੇ। ਪੂਜਯ ਬਾਬਾ ਨਾਨਕ ਉਨ੍ਹਾਂ ਨੂੰ ਸਭ ਪ੍ਰਕਾਰ ਦੀ ਸੰਪਤੀ ਦੀ ਬਖਸ਼ਿਸ਼ ਕਰਨਗੇ। ਅੰਗਰੇਜ਼ ਬੜੀ ਸ਼ਕਤੀ ਪ੍ਰਾਪਤ ਕਰਨਗੇ ਅਤੇ ਸ਼ਸ਼ਤ੍ਰਾਂ ਦੇ ਬਲ ਨਾਲ ਕਈ ਮਹਤਵ-ਪੂਰਨ ਇਲਾਕਿਆਂ ਤੇ ਕਾਬਜ ਹੋਣਗੇ। ਅੰਗਰੇਜ਼ਾਂ ਅਤੇ ਸਿੱਖਾਂ ਦੀ ਮਿਲਵੀਂ ਫੌਜ ਬੜੀ ਸ਼ਕਤੀਸ਼ਾਲੀ ਹੋਵੇਗੀ। ਜਦੋਂ ਤਕ ਇਨ੍ਹਾਂ ਦੀਆਂ ਕੌਸਲਾਂ ਸੰਯੁਕਤ ਰਹਿਣਗੀਆਂ ਏਹ ਰਾਜ ਕਰਨਗੇ। ਅੰਗਰੇਜ਼ੀ ਸਲਤਨਤ ਦੂਰ-ਦਰਾਜ਼ ਤਕ ਫੈਲੇਗੀ ਅਤੇ ਏਹ ਹਰ ਪਖ ਤੋਂ ਖੁਸ਼ਹਾਲ ਹੋਣਗੇ। ਜਿਥੇ ਜਿਥੇ ਇਹ ਆਪਣੀਆਂ ਫੌਜਾਂ ਲੈ ਕੇ ਜਾਣਗੇ, ਫਤੇ ਪੌਣਗੇ ਅਤੇ ਆਪਣੇ ਅਧੀਨ ਰਾਜਿਆ ਨੂੰ ਤਖਤਾਂ ਦੀ ਬਖਸ਼ਿਸ਼ ਕਰਨਗੇ। ਉਸ ਸਮੇਂ ਹਰੇਕ ਘਰ ਵਿਚ ਧਨ-ਦੌਲਤ, ਧਰਮ-ਕਰਮ, ਵਿਦਿਆ ਅਤੇ ਅਨੰਦ ਮੰਗਲ ਹੋਵੇਗਾ।......
.........ਜੋ ਸਿੱਖ ਅੰਗਰੇਜ਼ੀ ਸੁਕਾਰ ਦੇ ਵਡੇ ਤੋਂ ਵਡੇ ਤਾਕਤਵਰ ਦੁਸ਼ਮਣਾਂ ਨਾਲ ਲੜਨ ਵਾਸਤੇ ਬਾਦਸ਼ਾਹ ਵਲੋਂ ਬੁਲਾਏ ਜਾਣ ਤੇ ਰਤਾ ਭਰ ਵੀ ਹੀਲ-ਹੁਜਤ ਦਿਖਾਵੇਗਾ ਜਾਂ ਕੋਈ ਉਜਰਤ ਲੈਣ ਦਾ ਇਰਾਦਾ ਰਖੇਗਾ, ਗੁਰੂ ਵਲੋਂ ਉਹ ਛੇਕਿਆ ਜਾਵੇਗਾ।"

......ਸਿੱਖ ਰਿਲੀਜਨ (ਸਿੱਖ ਧਰਮ) ਭੂਮਿਕਾ ਲੇਖਕ—ਐਮ. ਏ. ਮੈਕਾਲਿਫ ਪੰਨਾ ੧੯-੨੦



Sri Satguru Jagjit Singh Ji Elibrary NamdhariElibrary@gmail.com

ਉਪ੍ਰੋਕਤ ਲਿਖਿਤ ਅਪਣੇ ਆਪ ਸਪਸ਼ਟ ਹੈ । ਬਹੁਤੀ ਵਿਆਖਿਆ ਦੀ ਜ਼ਰੂਰਤ ਨਹੀਂ । ਫਿਰ ਵੀ ਪਾਠਕਾਂ ਦੀ ਜਾਣਕਾਰੀ ਲਈ ਏਨਾ ਕੁਛ ਲਿਖ ਦੇਣਾ ਜ਼ਰੂਰੀ ਹੈ ਕਿ ਔਰੰਗਜ਼ੇਬ ਬਾਦਸ਼ਾਹ ਦਾ ਮਹਿਲ ਲਾਲ ਕਿਲੇ ਦੇ ਅੰਦਰ ਸੀ । ਜੋ ਕੋਤਵਾਲੀ (ਜਿਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਬੰਦ ਸਾਲ ਵਿਚ ਰਖਿਆ ਹੋਇਆ ਸੀ) ਤੋਂ ਪੂਰਬ ਵਲ ਹੈ । ਪਹਿਲਾ ਪ੍ਰਸ਼ਨ ਤਾਂ ਏਹ ਹੈ ਕਿ ਕਿਸੇ ਬੰਦੀ ਨੂੰ ਕਦੀ ਏਹ ਸੁਵਿਧਾ ਹੋਣੀ ਸੰਭਵ ਨਹੀਂ ਹੋ ਸਕਦੀ ਕਿ ਉਹ ਜਦ ਚਾਹੇ ਬੰਦੀਖਾਨੇ ਦੀ ਛੱਤ ਤੇ ਚੜ੍ਹ ਸਕੇ । ਕਿਸੇ ਕਾਰਣ ਜੇ ਐਸਾ ਹੋ ਗਿਆ ਹੋਣਾ ਮੰਨ ਲਿਆ ਜਾਵੇ; ਤਦ ਬੰਦੀ ਖਾਨੇ ਤੋਂ ਸ਼ਾਹੀ ਮਹਿਲ ਪੂਰਬ ਵਲ ਹੈ, ਦਖਣ ਵਲ ਨਹੀਂ ਨਹੀਂ ਫੇਰ ਅੰਗਰੇਜ਼ਾਂ ਦਾ ਦੇਸ਼ ਤਾਂ ਉਥੋਂ ਪਛਮ ਵਲ ਹੈ, ਗੁਰੂ ਜੀ ਦਾ ਦੱਖਣ ਦਿਸ਼ਾ ਵਲ ਅੰਗਰੇਜ਼ਾਂ ਦੀ ਆਮਦ ਲਈ ਦੇਖਣਾ ਕੀ ਅਰਥ ਰਖਦਾ ਹੈ ?

ਇਹ ਭਵਿਖ ਬਾਣੀ ਹੈ ਤਾਂ ਨਹੀਂ, ਪਰ ਮੈਕਾਲਫ਼ ਨੇ, ਸਿੱਖ ਇਤਿਹਾਸ ਤੋਂ ਅਨਜਾਣ ਪਾਠਕਾਂ ਨੂੰ ਅੰਗਰੇਜ਼ੀ ਭਗਤੀ ਦ੍ਰਿੜ ਕਰਾਉਣ ਦੇ ਆਸ਼ੇ ਨਾਲ ਇਸ ਨੂੰ ਸਤਿਗੁਰੂ ਦੀ 'ਭਵਿਖ ਬਾਣੀ' ਲਿਖ ਦਿਤਾ ਹੈ । ਇਥੇ ਹੀ ਬਸ ਨਹੀਂ, ਏਹ ਇਸੇ ਪੁਸਤਕ ਦੀ ਪੰਜਵੀਂ ਜਿਲਦ ਵਿਚ, ਅੰਮ੍ਰਿਤ ਛਕਾਏ ਜਾਣ ਵੇਲੇ ਬਣਨ ਵਾਲੇ ਨਵੇਂ ਸਿੱਖ ਨੂੰ ਸਿੱਖ ਧਰਮ ਦੇ ਨਿਯਮਾਂ ਵਿਚ, "ਅੰਗਰੇਜ਼ੀ ਸਰਕਾਰ ਦਾ ਵਫਾਦਾਰ" ਕਹਿਣਾ ਵੀ ਸਿੱਖੀ ਦਾ ਇਕ ਨਿਯਮ ਹੀ ਦਸਦਾ ਹੈ ।

ਅੱਜ ਵੀ ਪੰਜਾਬ ਦੇ ਵਿਦਯਕ ਅਦਾਰਿਆਂ ਤੇ ਉਨ੍ਹਾਂ ਸਿੱਖ ਅਤੇ ਕੁਛ ਹੋਰ ਐਸੇ ਲੇਖਕਾਂ ਦਾ ਅਧਿਕਾਰ ਹੈ ਜਿਨ੍ਹਾਂ ਅੰਗਰੇਜ਼ੀ ਰਾਜ ਵੇਲੇ ਵਿਦਿਆ ਪ੍ਰਾਪਤ ਕੀਤੀ, ਏਨਾ ਅਧਿਕਾਰੀਆਂ ਦਾ ਏਹ ਭਰਪੂਰ ਜਤਨ ਹੈ ਕਿ ਜੋ ਆਖੇਪਕਾਰੀਆਂ ਸਿੱਖ ਇਤਿਹਾਸ ਵਿਚ ਏਨਾਂ ਦੇ ਪੂਰਵਜ ਪਾ ਚੁਕੇ ਹਨ, ਉਹ ਉਸੇ ਤਰ੍ਹਾਂ ਹੀ ਰਹਿਣ ਅਤੇ ਪਾਠਕ ਸਚਾਈ ਨਾ ਜਾਣ ਸਕਣ । ਦੇਸ਼ ਭਾਵੇਂ ਸੁਤੰਤਰ ਹੋ ਗਿਆ ਹੈ ਪਰ ਵਿਦਯਕ ਪ੍ਰਣਾਲੀ ਨਾ ਬਦਲਣ ਕਰਕੇ ਦੇਸ਼ ਵਾਸੀਆਂ ਦੇ ਚਰਿਤ੍ਰ ਭਾਰਤੀਯ ਪ੍ਰੰਪਰਾਵਾਂ ਦੇ ਪ੍ਰਤਿਕੂਲ ਹੀ ਦਿਖਾਈ ਦੇ ਰਹੇ ਹਨ ।

ਮੈਕਾਲਫ਼ ਦੀ ਲਿਖਤ ਦਾ ਨਮੂਨਾ ਪਾਠਕ ਦੇਖ ਚੁਕੇ ਹਨ, ਕੁਛ ਹੋਰ ਅੰਗਰੇਜ਼ ਲੇਖਕ ਅਤੇ ਉਨ੍ਹਾਂ ਦੇ ਸ਼ੁਭ ਚਿੰਤਕ ਦੇ ਲੇਖਾਂ ਦੇ ਨਮੂਨੇ ਪਾਠਕਾਂ ਦੀ ਜਾਣਕਾਰੀ ਵਾਸਤੇ ਅਗੇ ਲਿਖੇ ਜਾ ਰਹੇ ਹਨ ।

**Sketch Of The Sikhs — by Malcolm Page 138.**

The Sikhs are forbid the use ot tobacco but allowed to indulge in spirituous[1] liquors, which they almost all drink to excess; and it is rare a

---

1. Spirituous liquors, they say, are allowed by that verse in the Adi Granth, which states "Eat and give unto others to eat, Drink and unto others to drink. Be glad and make others glad." There is also an authority, quoted by the Sikhs, from the Hindu Sastras, in favour of this drinking to excess. Durga, agreeably to the Sikh quotations, used to drink, because liquor inspires courage and this Goddess, they say, was drunk when she slew Mahikhasra.



Sri Satguru Jagjit Singh Ji Elibrary NamdhariElibrary@gmail.com

Singh soldier, after sunset quite sober. Their drink is an ardent spirit[1] made in the Punjab, but they have no objctions to either the wines or spirits of Europe, when they can obtain them.

ਸਕੈਚ ਆਫ਼ ਦੀ ਸਿਖਜ਼ (ਸਿੱਖਾਂ ਦਾ ਚਰਿਤ੍ਰ) ਲੇਖਕ ਮੈਲਕਾਮ, ਪੰਨਾ ੧੩੮

ਸਿੱਖਾਂ ਵਿਚ ਤਮਾਕੂ ਦੀ ਮਨਾਹੀ ਹੈ ਪਰ ਤਿਖੇ ਨਸ਼ੇ ਵਾਲੀ ਸ਼ਰਾਬ[2] ਦੇ ਅਨੰਦ-ਮਾਨਣ ਦੀ ਆਗਿਆ ਹੈ। ਇਸ ਨੂੰ ਕਰੀਬਨ ਕਰੀਬਨ ਸਾਰੇ ਸਿੱਖ ਹੀ ਪੀਂਦੇ ਹਨ। ਸੂਰਜ ਛਿਪਣ ਤੋਂ ਬਾਅਦ ਸ਼ਾਇਦ ਹੀ ਕੋਈ ਅਜਿਹਾ ਸਿੰਘ ਸਿਪਾਹੀ ਮਿਲੇ ਜੋ ਹੋਸ਼ ਵਿਚ ਰਹਿੰਦਾ ਹੋਵੇਗਾ। ਅੰਗਰੇਜ਼ੀ ਸ਼ਰਾਬ ਜੇ ਮਿਲ ਜਾਵੇ ਤਾਂ ਇਨ੍ਹਾਂ ਨੂੰ ਪੀਣ ਲਈ ਕੋਈ ਇਤਰਾਜ਼ ਨਹੀਂ ਵੈਸੇ ਏਹ ਪੰਜਾਬ ਵਿਚ ਕਢੀ (ਬਣਾਈ) ਗਈ ਬੜੀ ਪ੍ਰਚੰਡ ਸ਼ਰਾਬ ਪੀਂਦੇ ਹਨ।[3]

ਇਸ ਲੇਖ ਵਿਚ ਜੋ ਸਿੱਖ ਚਰਿਤ੍ਰ ਪੇਸ਼ ਕੀਤਾ ਗਿਆ ਹੈ, ਪਾਠਕ ਆਪ ਪੜ੍ਹਕੇ ਅਨੁਭਵ ਕਰ ਲੈਣਗੇ ਕਿ ਇਸਨੂੰ ਪੜ੍ਹਨ ਵਾਲੇ ਸਿੱਖਾਂ ਬਾਰੇ ਕੀ ਵੀਚਾਰ ਅਪਣੇ ਮਨ ਵਿਚ ਰਖਣਗੇ ?

But their (of Sikhs) numbers wers inadequate to accomplish their plans of resistanee and revenge ; after a long struggle, Guru Gobind Saw his strong

---

1. When Fateh Singh, of Aluwal who was quite youngman was with the Briish Army. Lord Lake gratified him by a field review. He was upon an elephant and I attend him upon another. A little before sunset he became low and uneasy. I observed it, and Bhag Singh, an old chief of rank rough manners at once said, "Fateh Singh wants his dram, but is ashamed to drink before you. I requested him he would follow his custom which he did by drinking a large cup of spirits.

2 ਸਿੱਖ ਕਹਿੰਦੇ ਹਨ ਕਿ ਆਦਿ ਗਰੰਥ ਸਾਹਿਬ ਦੇ ਇਸ ਸਲੋਕ ਅਨੁਸਾਰ "ਆਪ ਖਾਓ ਅਤੇ ਦੂਜਿਆਂ ਨੂੰ ਖਾਣ ਦਿਓ, ਆਪ ਪੀਓ ਅਤੇ ਦੂਜਿਆ ਨੂੰ ਪੀਣ ਦਿਓ। ਆਪ ਖੁਸ਼ ਰਹੋ ਅਤੇ ਦੂਜਿਆਂ ਨੂੰ ਖੁਸ਼ ਰਖੋ" ਸ਼ਰਾਬ ਦੇ ਮਤ ਵਰਗੇ ਤਿਖੇ ਨਸ਼ੇ ਵਾਲੀ ਸ਼ਰਾਬ ਪੀਣ ਦੀ ਆਗਿਆ ਹੈ। ਅਪਣੇ ਬਹੁਤੀ ਸ਼ਰਾਬ ਪੀਣ ਦੇ ਪੱਖ ਦੀ ਪ੍ਰੌੜਤਾ ਲਈ ਸਿੱਖਾਂ ਵਲੋਂ ਹਿੰਦੂ ਸ਼ਾਸਤ੍ਰ ਦਾ ਹਵਾਲਾ ਵੀ ਦਿਤਾ ਜਾਂਦਾ ਹੈ। ਸ਼ਰਾਬ ਪੀਣ ਨਾਲ ਹੌਸਲਾ ਵਧਦਾ ਹੈ। ਸਿੱਖ ਲਿਖਤਾਂ ਕਹਿੰਦੀਆਂ ਹਨ ਕਿ ਦੁਰਗਾ ਸ਼ਰਾਬ ਪੀਂਦੀ ਹੁੰਦੀ ਸੀ, ਮਹਿਖਾਸੁਰ ਦੀ ਹਤਿਆ ਸਮੇਂ ਭੀ ਦੁਰਗਾ ਮਦ-ਮਸਤ ਸੀ।

3 ਆਹਲੂਵਾਲ ਦਾ ਨੌਜਵਾਨ ਫਤੇ ਸਿੰਘ ਅੰਗਰੇਜ਼ੀ ਫੌਜ ਵਿਚ ਸੀ। ਲਾਰਡ ਲੇਕ ਨੇ ਫੌਜੀ ਮੁਆਇਨਾ ਕਰਦੇ ਹੋਏ ਉਸ ਨਾਲ ਦਿਲਜੋਈ ਕੀਤੀ। ਉਹ ਹਾਥੀ ਤੇ ਚੜ੍ਹਿਆ ਹੋਇਆ ਸੀ ਅਤੇ ਮੈਂ ਦੂਸਰੇ ਹਾਥੀ ਤੇ ਉਸ ਦਾ ਸਾਥ ਦੇ ਰਿਹਾ ਸੀ। ਸੂਰਜ ਛਿਪਣ ਤੋਂ ਜਰਾ ਪਹਿਲੋਂ ਉਹ ਮੁਰਝਾਇਆ ਹੋਇਆ ਅਤੇ ਬੇਚੈਨ ਮਲੂਮ ਹੋਇਆ। ਮੈਂ ਇਹ ਤਾੜ ਗਿਆ। ਇਕ ਬਜ਼ੁਰਗ ਸਰਦਾਰ ਭਾਗ ਸਿੰਘ ਨੇ ਖੁਲੇ-ਡੁਲੇ ਤੇ ਮੌਜੀ ਢੰਗ ਨਾਲ ਕਿਹਾ "ਫਤੇ ਸਿੰਘ ਤੇਜ਼ ਸ਼ਰਾਬ ਦਾ ਘੁਟ ਚਾਹੁੰਦਾ ਹੈ ਪਰ ਤੁਹਾਥੋਂ ਸੰਗਦਾ ਹੈ।" ਮੈਂ ਉਸ ਨੂੰ ਕਿਹਾ ਕਿ ਅਪਣੀ ਆਦਤ ਪੂਰੀ ਕਰ ਲਵੇ। ਇਸ ਵਾਸਤੇ ਉਸਨੇ ਸ਼ਰਾਬ ਦਾ ਇਕ ਵੱਡਾ ਪਿਆਲਾ ਪੀ ਲਿਆ।



Sri Satguru Jagjit Singh Ji Elibrary NamdhariElibrary@gmail.com

holds taken, his mother and children massacred and his followers slain, multilated or dispersed. His misfortunes impaired his reason, or at least destroyed h·s energy; for so little formidabte had he become. that he was allowed to enter the Mogul dominions unmolested and was murdered by a private enemy at Nander, in the Deckan.*

[......ਪਰੰਤੂ ਟਾਕਰਾ ਕਰਨ ਅਤੇ ਬਦਲਾ ਲੈਣ ਦੀਆਂ ਯੋਜਨਾਵਾਂ ਨੂੰ ਸਿਰੇ ਚਾੜਨ ਖਾਤਰ ਉਨ੍ਹਾਂ (ਸਿੱਖਾਂ) ਦੀ ਗਿਣਤੀ ਥੋੜੀ ਸੀ। ਲੰਬੇ ਸੰਘਰਸ਼ ਤੋਂ ਬਾਅਦ ਗੁਰੂ ਗੋਬਿੰਦ (ਸਿੰਘ) ਨੂੰ ਪਤਾ ਲਗਿਆ ਕਿ ਮੇਰੇ ਸਭ ਟਿਕਾਣੇ ਕਿਲੇ ਆਦਿ) ਸਰ ਕੀਤੇ ਜਾ ਚੁਕੇ ਹਨ, ਮੇਰੀ ਮਾਤਾ ਅਤੇ ਪੁਤਰ ਮਾਰ ਦਿਤੇ ਗਏ ਹਨ, ਮੇਰੇ ਸਿੱਖਾਂ ਨੂੰ ਕਤਲ ਕਰ ਦਿਤਾ ਗਿਆ ਹੈ। ਕਈਆਂ ਨੂੰ ਅੰਗਹੀਨ ਕਰ ਦਿਤਾ ਗਿਆ ਹੈ ਅਤੇ ਉਨ੍ਹਾਂ ਨੂੰ ਤਿਤਰ ਬਿਤਰ ਕੀਤਾ ਗਿਆ ਹੈ। ਮੇਰੀਆਂ ਮੁਸੀਬਤਾਂ ਨੇ ਮੇਰੀ ਵਿਚਾਰ-ਸ਼ਕਤੀ ਨਾਸ਼ ਕਰ ਦਿਤੀ ਹੈ ਤੇ ਸਰੀਰਕ ਬਲ ਖਤਮ ਕਰ ਦਿਤਾ ਹੈ। ਮੈਂ ਏਨਾ ਨਿਰਬਲ ਹੋ ਗਿਆ ਹਾਂ ਕਿ ਅਪਮਾਨਤ ਹੋਏ ਬਿਨਾਂ ਹੀ ਮੈਨੂੰ ਮੁਗਲ ਰਾਜ ਵਿਚ ਪ੍ਰਵੇਸ਼ ਕਰਨ ਦੀ ਆਗਿਆ ਹੈ" ਦੱਖਣ ਵਿਚ ਨਦੇੜ ਦੇ ਸਥਾਨ ਤੇ ਕਿਸੇ ਨਿਜੀ ਦੁਸਮਣ ਨੇ ਉਹਨਾਂ ਨੂੰ ਕਤਲ ਕਰ ਦਿਤਾ।]

ਲੇਖਕ ਐਲਫਿਨਸਟਨ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਏਹ ਅਪਮਾਨਤਾ (ਉਪ੍ਰੋਕਤ) ਸ਼ਬਦ ਲਿਖਦਾ ਹੈ। ਪਾਠਕਾਂ ਨੂੰ ਸਹੀਂ ਜਾਣਕਾਰੀ ਦੇਣ ਵਾਸਤੇ ਅਨੁਵਾਦ ਵਿਚ ਗੁਰੂ ਜੀ ਦਾ ਪੂਰਾ ਨਾਮ ਅਤੇ ਹੋਰ ਕਈ ਸ਼ਬਦ ਬਰੇਕਟਾਂ ਵਿਚ ਲਿਖੇ ਗਏ ਹਨ। ਅਨੁਵਾਦ ਦੀ ਅਸਲੀਅਤ ਕਾਇਮ ਰਖੀ ਗਈ ਹੈ ਅਤੇ ਇਨ੍ਹਾਂ ਸ਼ਬਦਾਂ ਨਾਲ ਸਪਸ਼ਟੀ ਕਰਨ ਵੀ ਹੋ ਗਿਆ ਹੈ।

The Guru founded the first Sikh stronghold, enlisted horse and foot and encouraged his disciples to eat flesh to improve their physique.

After 12 years of imprisonment, in the fortress of Gwalior, Har Gobind obtained his freedom probably by paying the fine imposed on Arjan ... ... ...

Har Rai who succeeded him was undoubtedly a supporter of the unfortunate Dara Shikoh who had the Upnishdas partly done into Persian and professed mystical Sufi heresies. On that prince's execution in 1659 Har Rai was summoned to Delhi but send his elder son Ram Rai instead and on his death 2 years later Ram Rai was excluded from succedding in as being a hostage or prisoner. His younger brother Har Krishan assuming the Guruship though still a child. His death in 1664 left the direct line extinct and the inheritance reverted to Teg Bahadur, Har Gobind, second son, but he was executed by Aurangzeb in 1675 for having refused to accept Islam. His prophecy that the Europeans were comming

---

* Sir J. Malcolm, 'Forsters Travels.' page 263. The latter author states that Guru Govind Singh had a small command in the Mogul service, which is confirmed by Khafi Khan.

(History of India, by Elphinstone.) Vol. II, Page 564.



Sri Satguru Jagjit Singh Ji Elibrary NamdhariElibrary@gmail.com

from beyond the seas to destroy the Mughal Empire became the Sikh battle cry at the siege of Delhi in 1857 ... ... ...

The use of flesh and liquor is permitted as to a warrior but tobacco as a narcotic is prohibited. Gobind Singh also instituted the Karah Prasad, a kind of communion at which flour is mixed with butter and sugar is eaten by all the casts together.

(Encyclopaedia Britanica 1965 Ed., Vol. 20, Page 647.)

ਗੁਰੂ (ਹਰਗੋਬਿੰਦ) ਜੀ ਨੇ ਸਿੱਖਾਂ ਦਾ ਪਹਿਲਾਂ ਕਿਲਾ ਸਥਾਪਿਤ ਕੀਤਾ, ਘੋੜਿਆਂ ਅਤੇ ਬੰਦਿਆਂ ਦੀ ਭਰਤੀ ਕੀਤੀ। ਆਪਣੇ ਸਰੀਰਾਂ ਨੂੰ ਤਕੜੇ ਕਰਨ ਵਾਸਤੇ ਉਨ੍ਹਾਂ ਨੂੰ ਮਾਸ ਖਾਣ ਲਈ ਉਤਸ਼ਾਹ ਦਿਤਾ।

ਗਵਾਲੀਅਰ ਦੇ ਕਿਲੇ ਵਿਚ ੧੨ ਸਾਲਾਂ ਦੀ ਕੈਦ ਕਟਣ ਮਗਰੋਂ ਅਤੇ ਸ਼ਾਇਦ ਗੁਰੂ ਅਰਜਨ ਨੂੰ ਲਗੇ ਹੋਏ ਡੰਨ ਦੀ ਅਦਾਇਗੀ ਕਰਨ ਤੇ (ਗੁਰੂ) ਹਰਗੋਬਿੰਦ ਨੇ ਮੁਕਤੀ ਪ੍ਰਾਪਤ ਕੀਤੀ। (ਗੁਰੂ) ਹਰਿ ਰਾਇ ਜੋ ਕਿ (ਗੁਰੂ ਹਰਗੋਬਿੰਦ) ਦੇ ਉਤ੍ਰਾਧਿਕਾਰੀ ਸਨ ਨਿਰਸੰਦੇਹ ਉਸ ਬਦਨਸੀਬ ਦਾਰਾਸ਼ਿਕੋਹ ਦੇ ਸਮਰਥਕ ਸਨ। ਦਾਰਾਸ਼ਿਕੋਹ ਨੇ ਉਪਨਿਸ਼ਦਾ ਦਾ ਅਧੂਰਾ ਜਿਹਾ ਅਨੁਵਾਦ ਫਾਰਸੀ ਵਿਚ ਕਰਵਾਇਆ ਅਤੇ ਇਹ ਪ੍ਰਤੀਵਾਦੀ ਸੂਫੀਆਂ ਦੀ ਮਾਨਤਾ ਕਰਦਾ ਸੀ। ੧੬੫੯ ਈ: ਵਿਚ ਇਸ ਸ਼ਾਹਜ਼ਾਦੇ ਨੂੰ ਮੌਤ ਡੰਨ ਦਿਤੇ ਜਾਣ ਤੇ (ਗੁਰੂ) ਹਰਰਾਇ ਨੂੰ (ਔਰੰਗਜ਼ੇਬ ਵਲੋਂ) ਦਿੱਲੀ ਬੁਲਾਇਆ ਗਿਆ। ਪਰ ਉਨ੍ਹਾਂ ਨੇ ਆਪਣੀ ਥਾਂ ਅਪਣੇ ਵਡੇ ਸਪੁੱਤਰ ਰਾਮਰਾਇ ਨੂੰ ਭੇਜ ਦਿਤਾ। ਉਨ੍ਹਾਂ (ਗੁਰੂ ਹਰਿਰਾਇ) ਦੇ ਚੜਾਈ ਕਰ ਜਾਣ ਤੋਂ ੨ ਸਾਲ ਪਿਛੋਂ ਰਾਮ ਰਾਇ ਨੂੰ ਬੰਦੀ ਹੋਣ ਕਰਕੇ ਗੱਦੀ ਤੋਂ ਨਿਰਵਾਸਤ ਕੀਤਾ ਗਿਆ। ਉਸ (ਰਾਮ ਰਾਇ) ਦੇ ਛੋਟੇ ਭਾਈ (ਗੁਰੂ; ਹਰ ਕ੍ਰਿਸ਼ਨ ਜੀ, ਭਾਵੇਂ ਬੱਚੇ ਹੀ ਸਨ ਨੇ ਗੁਰਗੱਦੀ ਸੰਭਾਲ ਲਈ। ੧੬੬੪ ਈ: ਵਿਚ (ਗੁਰੂ ਹਰਕ੍ਰਿਸ਼ਨ ਜੀ) ਦੇ ਚੜ੍ਹਾਈ ਕਰਨ ਨਾਲ ਗੁਰਗੱਦੀ ਦੀ ਪਿਤਾ-ਪੁਰਖੀ ਦੀ ਰਿਵਾਇਤ ਬੰਦ ਹੋ ਗਈ ਅਤੇ ਗੁਰਗੱਦੀ ਦੇ ਵਾਰਸ (ਗੁਰੂ) ਹਰਗੋਬਿੰਦ ਦੇ ਦੂਜੇ ਸਪੁਤਰ (ਗੁਰੂ) ਤੇਗ ਬਹਾਦਰ (ਜੋ ਕਿ ਗੁਰੂ ਹਰਿ ਕ੍ਰਿਸ਼ਨ ਦੇ ਬਾਬੇ ਲਗਦੇ ਸਨ) ਬਣੇ। ਇਸਲਾਮ ਕਬੂਲਣ ਤੋਂ ਇਨਕਾਰੀ ਹੋਣ ਤੇ ੧੬੭੫ ਈ: ਵਿਚ ਔਰੰਗਜ਼ੇਬ ਨੇ ਉਨ੍ਹਾਂ (ਗੁਰੂ ਤੇਗ ਬਹਾਦਰ) ਨੂੰ ਮੌਤ ਡੰਨ ਦਿਤਾ। ਉਨ੍ਹਾਂ (ਗੁਰੂ ਤੇਗ ਬਹਾਦਰ ਜੀ) ਦੀ ਭਵਿਖ ਬਾਣੀ "ਮੁਗਲ ਸਲਤਨਤ ਨੂੰ ਤਬਾਹ ਕਰਨ ਵਾਸਤੇ, ਸਮੁੰਦਰ ਪਾਰ ਤੋਂ ਅੰਗਰੇਜ਼ ਆ ਰਹੇ ਹਨ," ੧੮੫੭ ਦੇ ਫੌਜੀ ਸਿਪਾਹੀ ਵਿਦਰੋਹ ਵਿਚ ਦਿੱਲੀ ਤੇ ਕਬਜ਼ਾ ਕਰਨ ਸਮੇਂ ਸਿੱਖਾਂ ਦਾ ਜੰਗੀ ਨਾਅਰਾ ਬਣੀ—

ਫੌਜੀ ਸਿੱਖਾਂ ਨੂੰ ਮਾਸ ਸਰਾਬ ਦੀ ਵਰਤੋਂ ਕਰਨ ਦੀ ਖੁਲ੍ਹ ਹੈ ਪਰ ਖੁਮਾਰੀ ਲਿਆਉਣ ਵਾਲਾ ਨਸ਼ੀਲਾ ਤਮਾਕੂ ਮਨ੍ਹਾ ਹੈ। (ਗੁਰੂ) ਗੋਬਿੰਦ ਸਿੰਘ ਨੇ ਕੜਾਹ ਪ੍ਰਸ਼ਾਦ ਬਣਵਾਉਣਾ ਅਰੰਭ ਕੀਤਾ ਇਸ, ਇਕ ਪ੍ਰਕਾਰ ਦੇ ਪਵਿੱਤਰ ਭੋਜਨ ਵਿਚ ਆਟਾ, ਘਿਉ ਅਤੇ ਖੰਡ ਮਿਲਾਇਆ ਜਾਂਦਾ ਹੈ ਅਤੇ ਸਭ ਜਾਤੀਆਂ ਇਕੱਠੇ ਬੈਠ ਕੇ ਛਕਦੀਆਂ ਹਨ।

[ਇਨਸਾਈਕਲੋਪੀਡੀਆ ਬ੍ਰਿਟੈਨਿਕਾ (ਅੰਗਰੇਜ਼ੀ ਵਿਸ਼ਵ ਕੋਸ਼) ੧੯੬੫ ਐਡੀਸ਼ਨ, ੨੦ ਜਿਲਦ, ੬੪੭ ਪੰਨਾ]

ਇਹ ਕੋਸ਼ ਅਮੈਰੀਕਾ, ਕਨੇਡਾ ਅਤੇ ਬ੍ਰਿਟੇਨ ਦੇ ਰਾਜਧਾਨੀ ਵਾਲੇ ਸ਼ਹਿਰਾਂ ਤੋਂ ਹਰ ਪੰਜ ਸਾਲਾਂ ਬਾਦ ਛਪਦਾ ਹੈ। ਇਸ ਵਿਚ ਇਸ ਦੇ ਲੇਖਕਾਂ ਨੇ ਦੁਨੀਆਂ ਦੇ ਹਰ ਦੇਸ਼ ਦੀ ਹਰ ਪ੍ਰਕਾਰ ਦੀ ਜਾਣਕਾਰੀ ਦੇਣ ਦਾ ਪੂਰਾ ਪੂਰਾ ਜਤਨ ਕੀਤਾ ਹੈ। ਇਨ੍ਹਾਂ ਨੂੰ ਉਪ੍ਰੋਕਤ ਜਾਣਕਾਰੀ ਕਿਸੇ ਅੰਗਰੇਜ਼ੀ ਪੜੇ ਲਿਖੇ ਸਿੱਖ ਨੇ ਹੀ ਦਿਤੀ ਹੈ। ਆਮ ਸਿੱਖਾਂ



Sri Satguru Jagjit Singh Ji Elibrary NamdhariElibrary@gmail.com

ਨਾਲ ਏਹ ਲੋਕ ਗਲ ਕਰਨਾ ਵੀ ਹੇਠੀ ਸਮਝਦੇ ਹਨ। ਮਾਸ਼ ਸ਼ਰਾਬ ਖਾਣ ਪੀਣ ਦੀ ਗਲਤੀ ਕਈ ਸਿੱਖ ਕਰਦੇ ਹਨ; ਪਰ ਵਿਸ਼ਵ ਕੋਸ਼ ਦੇ ਜਿਸ ਲੇਖਕ ਨੇ ਸਿੱਖਾਂ ਵਿਚ ਮਾਸ਼ ਸ਼ਰਾਬ ਖਾਣ ਦੀ ਖੁਲ੍ਹ ਲਿਖਕੇ ਸਿੱਖ ਗੁਰੂ ਸਾਹਿਬਾਨ ਅਤੇ ਸਿੱਖ ਚਰਿਤ੍ਰ ਨੂੰ ਕਿਸ ਤਰ੍ਹਾਂ ਨੀਵਾਂ ਕੀਤਾ ਹੈ। ਗੁਰੂ ਹਰਗੋਬਿੰਦ ਨੂੰ ਵੀ ਕਿਤਨੇ ਕਮਜ਼ੋਰ ਵਿਚਾਰਾਂ ਵਾਲੇ ਦਰਸਾਇਆ ! ਕੜਾਹ ਪ੍ਰਸ਼ਾਦ ਬਾਰੇ ਕਿਸ ਤਰ੍ਹਾਂ ਦੀ ਗਲਤ ਬਿਆਨੀ ਕੀਤੀ ਹੈ ?

... ... ... He tells the emperor that he puts no trust in him. He refers to Nanak's religious form and he briefly alludes to the death of Arjun and Tegh Bahadur. He describes his own wrongs and his childless condition. He was, as one without earthly link, patiently awaiting death, and fearing none but the sole Emperor, the King of Kings ... ... ...

While engaged in this last compaign. Buhadur Shah summond Govind to his camp. The Guru went, he was treated with respect and he received a military command in the valley of the Godavery. The emperor perhaps thought that the leader of insurrectionary Just might be usefully employed in opposing rebelious Mahrattas, and Govind perhaps saw in the imperial service a ready way of disarming suspicion and re-organising his followers. †

ਉਸਨੇ (ਗੁਰੂ ਗੋਬਿੰਦ ਸਿੰਘ ਨੇ) ਬਾਦਸ਼ਾਹ (ਔਰੰਗਜ਼ੇਬ) ਨੂੰ ਕਿਹਾ ਕਿ ਉਹ ਉਸ ਤੇ ਭਰੋਸਾ ਨਹੀਂ ਕਰਦਾ। ਉਸ (ਗੁਰੂ ਗੋਬਿੰਦ ਸਿੰਘ) ਨੇ (ਗੁਰੂ) ਨਾਨਕ ਦੇ ਧਰਮ ਸੰਬੰਧੀ (ਗੁਰੂ) ਅਰਜਨ ਅਤੇ (ਗੁਰੂ) ਤੇਗ ਬਹਾਦਰ ਦੀਆਂ ਮੌਤਾਂ ਦਾ ਸੰਕੇਤ ਕੀਤਾ। ਉਸਨੇ ਅਪਣੇ ਸੰਤਾਨ ਰਹਿਤ ਹੋ ਜਾਣ ਦੀ ਅਪਣੀ ਸਥਿਤੀ ਅਤੇ ਭੁਲਾਂ ਦਾ ਜ਼ਿਕਰ ਕੀਤਾ। ਉਸ (ਗੁਰੂ ਗੋਬਿੰਦ ਸਿੰਘ) ਨੇ ਕਿਹਾ ਕਿ ਉਸਦਾ ਨਾਤਾ ਦੁਨੀਆਂ ਨਾਲੋਂ ਟੁਟ ਚੁਕਾ ਹੈ ਅਤੇ ਉਹ ਹੁਣ ਧੀਰਜ ਨਾਲ ਮੌਤ ਦਾ ਇੰਤਜ਼ਾਰ ਕਰ ਰਿਹਾ ਹੈ। ਉਸਨੂੰ ਹੋਰ ਕਿਸੇ ਦਾ ਡਰ ਨਹੀਂ, ਜੇ ਡਰ ਹੈ ਤਾਂ ਕੇਵਲ ਬਾਦਸ਼ਾਹਾਂ ਦੇ ਬਾਦਸ਼ਾਹ (ਔਰੰਗਜ਼ੇਬ) ਦਾ ਹੈ......

ਅਪਣੇ ਆਖਰੀ ਸੰਘਰਸ਼ ਸਮੇਂ ਬਾਦਸ਼ਾਹ ਬਹਾਦਰ ਸ਼ਾਹ ਨੇ (ਗੁਰੂ) ਗੋਬਿੰਦ (ਸਿੰਘ ਜੀ) ਨੂੰ ਅਪਣੇ ਕੈਂਪ ਵਿਚ ਬੁਲਾਇਆ। ਗੁਰੂ ਜੀ ਉਥੇ ਗਏ ਤਾਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ ਅਤੇ ਗੋਦਾਵਾਰੀ ਦੇ ਇਲਾਕੇ ਵਿਚ ਉਨ੍ਹਾਂ ਨੂੰ ਕੁਝ ਫੌਜ ਦੀ ਕਮਾਂਡ (ਅਧਿਕਾਰ) ਦਿਤੀ ਗਈ। ਬਾਦਸ਼ਾਹ ਨੇ ਸ਼ਾਇਦ ਇਹ ਸੋਚਿਆ ਕਿ ਵਿਦਰੋਹੀ

---

† The Sikh writers seem unanimous in giving to their great teacher a military command in Deccan, while some recent Mahomedan compilers assert that he died at patna. But the liberal conduct of Buhadur Shah is confirmed by the contemporary historian Khafi Khan, who states that he received rank in the Mogul army (see Elphinstone, History of India, II, 566, note) and it is in a degree corroborated by the undoubted fact of the Guru's death, on the banks of the Godavery.

(History of the Sikhs, by J. D. Cunningham, page 86, London 1849)



Sri Satguru Jagjit Singh Ji Elibrary NamdhariElibrary@gmail.com

ਜੱਟਾਂ ਦਾ ਆਗੂ ਬਾਗੀ ਮਰ੍ਹਟਿਆਂ ਨੂੰ ਦਬਾਉਣ ਵਿਚ ਲਾਹਵੰਦ ਸਿਧ ਹੋ ਸਕੇ ਅਤੇ (ਗੁਰੂ) ਗੋਬਿੰਦ (ਸਿੰਘ) ਨੇ ਸ਼ਾਇਦ ਇਹ ਸੋਚਿਆ ਕਿ ਸ਼ਾਹੀ ਸੈਨਾ ਦੀ ਸੇਵਾ ਕਰਨ ਕਰਕੇ ਮੇਰੇ ਤੋਂ ਏਨ੍ਹਾਂ ਨੂੰ ਸ਼ਕ ਹਟ ਜਾਏ ਅਤੇ ਮੈਂ ਸਿੱਖਾਂ ਨੂੰ ਦੋਬਾਰਾ ਸੰਗਠਿਤ ਕਰ ਸਕਾਂ ।

ਸਿੱਖ ਲੇਖਕ ਅਪਣੇ ਗੁਰੂ ਨੂੰ ਦੱਖਣ ਵਿਚ ਫੌਜੀ ਕਮਾਂਡ ਦਿਤੇ ਜਾਣ ਬਾਰੇ ਇਕੋ ਰਾਇ ਰਖਦੇ ਹਨ । ਜਦ ਕਿ ਕੁਛ ਨਵੀਨ ਮੁਸਲਮਾਨ ਰਚਨਾਕਾਰ/ਸੰਪਾਦਿਕ ਨਿਸ਼ਚੇ ਨਾਲ ਕਹਿ ਰਹੇ ਹਨ ਕਿ ਗੁਰੂ ਜੀ ਦਾ ਅੰਤ ਪਟਨੇ ਹੋਇਆ ਹੋਇਆ ਹੈ । ਪਰ ਬਾਦਸ਼ਾਹ ਬਹਾਦਰ ਸ਼ਾਹ ਦਾ ਵਿਸ਼ਾਲ-ਦਿੱਲੀ ਦਾ ਵਰਤਾਓ ਸਮਕਾਲੀ ਇਤਿਹਾਸਕਾਰ ਖਫ਼ੀ ਖਾਨ ਨੇ ਵੀ ਨਿਰਣੇ ਪੂਰਵਕ ਮੰਨਿਆ ਹੈ, ਉਹ (ਖਫ਼ੀ ਖਾਨ) ਲਿਖਦਾ ਹੈ ਕਿ ਗੁਰੂ ਜੀ ਨੂੰ ਮੁਗਲ ਫੌਜ ਵਿਚ ਇਕ ਅਹੁਦਾ ਮਿਲਿਆ ਸੀ । (ਦੇਖੋ ਐਲਫਿਨਸਟਨ ਦਾ 'ਹਿਸਟਰੀ ਆਫ ਇੰਡੀਆ' ਜਿਲਦ ੨, ਪੰਨਾ ਪ੬੬ ਤੇ ਫੁਟ ਨੋਟ) ਅਤੇ ਗੋਦਾਵਰੀ ਦੇ ਕਿਨਾਰੇ ਗੁਰੂ ਜੀ ਦੀ ਮੌਤ ਹੋ ਜਾਣ ਤੋਂ ਕੁਛ ਹਦ ਤਕ ਇਸ ਤੱਥ ਦੀ ਪੂਰੀ ਪੁਸ਼ਟੀ ਹੁੰਦੀ ਹੈ ।

ਕਨਿੰਘਮ ਦਾ ਉਪ੍ਰੋਕਤ "ਸਿੱਖ ਇਤਿਹਾਸ" ਸਿੱਖਾਂ ਵਿਚ ਬਹੁਤ ਪ੍ਰਸਿੱਧ ਹੈ ਇਸੇ ਦੇ ਪੰਜਾਬੀ ਅਨੁਵਾਦ ਦੀ ਕਿਤਾਬ ਵੀ ਛਪ ਚੁਕੀ ਹੈ । ਦਸਮ ਪਾਤਸ਼ਾਹ, ਗੁਰੂ ਗੋਬਿੰਦ ਸਿੰਘ ਜੀ ਨੂੰ ਕਿਤਨੇ ਕਮਜ਼ੋਰ ਵਿਚਾਰਾਂ ਵਾਲੇ ਲਿਖਕੇ ਇਸਨੇ ਗੁਰੂ ਜੀ ਦਾ ਅਪਮਾਨ ਕੀਤਾ ਹੈ (ਏਹ ਲੇਖਕ ਸਿੱਖ-ਇਤਿਹਾਸ ਲੇਖਕਾਂ ਦੀ ਗਿਣਤੀ ਵਿਚ ਵਿਸ਼ੇਸ਼ ਸਥਾਨ ਰੱਖਣ ਵਾਲਾ ਮੰਨਿਆ ਜਾਂਦਾ ਹੈ) ।

**Towards the close of the reign of Aurangzeb. the Guru lived in peace at Anandpur. But the King, who was then in the Dekkan, always felt anxious about him. He therefore, issued a mandate summoning the Guru to his presence. When the messenger reached Govind and delivered the royal firman to him, he kissed it and placed it on his head in token of respect. He treated the messenger with the greatest honour, and told him that he regared himself as a dependent and vassal of the "King of Kings," and that to obey his majesty's command would be an honour to him, but that, before accompanying the messenger, he would like to submit his grievances to emperor in writing,**

**When Govind reached the Dekkan, he saw Bahadur Shah seated on the throne of his ancestor. The new emperor received the Sikh Guru with distinction, and bestowed on him presents, consisting of valuable tents, elephants and horses, and appointed him to the command of five thousand men in the army, thus utilising the services of an insurrectionary leader to the benefit of the State,**

**(History Of The Punjab by Syad Muhammad Latif. page. 267-268)**

ਔਰੰਗਜ਼ੇਬ ਦੇ ਰਾਜ ਕਾਲ ਦੇ ਆਖਰੀ ਦਿਨਾ ਵਿਚ ਗੁਰੂ (ਗੋਬਿੰਦ ਸਿੰਘ) ਅਮਨ ਚੈਨ ਨਾਲ ਅਨੰਦਪੁਰ ਰਹਿਣ ਲਗੇ । ਪਰ ਬਾਦਸ਼ਾਹ ਜੋ ਕਿ ਉਸ ਸਮੇਂ ਦੱਖਣ ਵਿਚ ਚਲਿਆ ਗਿਆ ਹੋਇਆ ਸੀ, ਉਨ੍ਹਾ (ਗੁਰੂ ਜੀ) ਬਾਰੇ ਹਰ ਪਲ ਬਿਤਾਬ ਰਹਿੰਦਾ । ਸੋ ਅਪਣੇ ਪਾਸ ਬੁਲਾਉਣ ਵਾਸਤੇ, ਉਸਨੇ ਗੁਰੂ ਜੀ ਨੂੰ ਇਕ ਫੁਰਮਾਨ ਭੇਜਿਆ



Sri Satguru Jagjit Singh Ji Elibrary NamdhariElibrary@gmail.com

ਹਰਕਾਰਾ ਜਦੋਂ (ਗੁਰੂ) ਗੋਬਿੰਦ (ਸਿੰਘ ਜੀ) ਪਾਸ ਸ਼ਾਹੀ ਫੁਰਮਾਨ ਲੈ ਕੇ ਪਹੁੰਚਾ ਤਾਂ ਉਸ (ਗੁਰੂ ਜੀ) ਨੇ ਉਸ (ਫੁਰਮਾਨ) ਦਾ ਸਤਿਕਾਰ ਕਰਦੇ ਹੋਏ ਉਸਨੂੰ ਚੁੰਮਿਆ ਅਤੇ ਸਿਰ ਤੇ ਰਖਿਆ। ਉਨ੍ਹਾਂ (ਗੁਰੂ ਜੀ) ਨੇ ਹਰਕਾਰੇ ਦਾ ਬਹੁਤ ਸਨਮਾਨ ਕੀਤਾ ਅਤੇ ਕਿਹਾ, "ਮੈਨੂੰ ਤਾਂ ਆਸਰਾ ਹੀ ਉਸ ਬਾਦਸ਼ਾਹਾਂ ਦੇ ਬਾਦਸ਼ਾਹ (ਔਰੰਗਜ਼ੇਬ) ਦਾ ਹੈ ਅਤੇ ਮੈਂ ਉਸ ਦੀ ਪਰਜਾ ਹਾਂ। ਉਸ ਦੇ ਹੁਕਮ ਦੀ ਪਾਲਣਾ ਕਰਨੀ ਮੇਰੇ ਲਈ ਗੌਰਵ ਦੀ ਗਲ ਹੈ, ਪਰ ਹਾਲੀ ਮੈਂ ਤੇਰੇ (ਹਰਕਾਰੇ) ਨਾਲ ਜਾਣਾ ਨਹੀਂ ਚਾਹੁੰਦਾ, ਪਹਿਲਾਂ ਮੈਂ ਬਾਦਸ਼ਾਹ ਨੂੰ ਅਪਣੀਆਂ ਦੁਖ ਤਕਲੀਫਾਂ ਲਿਖਕੇ ਭੇਜਦਾ ਹਾਂ।"......

ਜਦ (ਗੁਰੂ) ਗੋਬਿੰਦ (ਸਿੰਘ ਜੀ) ਦੱਖਣ ਪਹੁੰਚੇ, ਉਨ੍ਹਾਂ ਨੂੰ ਪਤਾ ਲਗਿਆ ਕਿ ਬਾਦਸ਼ਾਹ ਬਹਾਦਰ ਸ਼ਾਹ ਆਪਣੇ ਪਿਤਾ ਦੇ ਰਾਜ ਤਖਤ ਤੇ ਬੈਠਾ ਹੋਇਆ ਹੈ। ਬਾਦਸ਼ਾਹ ਨੇ ਗੁਰੂ ਜੀ ਦਾ ਵਿਸ਼ੇਸ਼ ਸਤਿਕਾਰ ਕੀਤਾ। ਉਨ੍ਹਾਂ (ਗੁਰੂ ਜੀ) ਨੂੰ ਕੀਮਤੀ ਤੰਬੂਆਂ, ਵਡਮੁਲੀਆਂ ਭੇਟਾਂ, ਹਾਥੀਆਂ ਅਤੇ ਘੋੜਿਆਂ ਨਾਲ ਸਨਮਾਨਿਤ ਕੀਤਾ, ਤੇ ਨਾਲੇ (ਗੁਰੂ ਜੀ ਨੂੰ) ਪੰਜ ਹਜ਼ਾਰ ਫੌਜੀਆਂ ਦਾ ਕਮਾਂਡਰ ਨਿਯੁਕਤ ਕਰ ਦਿਤਾ। ਆਪਣੇ ਰਾਜ-ਪ੍ਰਬੰਧ ਦੀ ਭਲਾਈ ਵਾਸਤੇ ਇਹ ਕੁਛ ਕਰਕੇ ਬਾਦਸ਼ਾਹ ਨੇ ਇਕ ਵਿਦਰੋਹੀ (ਬਾਗੀ) ਆਗੂ ਤੋਂ ਲਾਭ ਉਠਾਇਆ।

(ਹਿਸਟਰੀ ਆਫ ਦੀ ਪੰਜਾਬ (ਪੰਜਾਬ ਦਾ ਇਤਿਹਾਸ)
ਲੇਖਕ ਸਯਦ ਮੁਹੰਮਦ ਲਤੀਫ ਪੰਨਾ ੨੬੭ ੬੮)

ਇਹ ਲੇਖਕ ਅੰਗਰੇਜ਼ ਤਾਂ ਨਹੀਂ ਪਰ ਉਨ੍ਹਾਂ ਦਾ ਰਾਜ-ਭਗਤ ਜ਼ਰੂਰ ਹੈ। ਅਪਣੀ ਕਿਤਾਬ ਦੇ ਅਰੰਭ ਵਿਚ ਇਸਨੇ — 'God Save the King Emperor' (ਪ੍ਰਮਾਤਮਾ ਬਾਦਸ਼ਾਹ ਨੂੰ ਸੁਰਖਯਤ ਰਖੇ) ਲਿਖ ਕੇ ਅੰਗਰੇਜ਼ ਭਗਤ ਹੋਣ ਦੀ ਪੁਸ਼ਟੀ ਕੀਤੀ ਹੈ।

ਉਹ ਦਸ਼ਮ ਪਾਤਸ਼ਾਹ ਜਿਨ੍ਹਾਂ ਨੇ ਐਸੀ ਸਿਖ ਸ਼ਕਤੀ ਪੈਦਾ ਕੀਤੀ ਜਿਸਨੇ ਅਫਗਾਨਿਸਤਾਨ ਵਲੋਂ ਬਾਰ ਬਾਰ ਭਾਰਤ ਤੇ ਹਮਲੇ ਕਰਨ ਵਾਲੇ ਪਠਾਣਾਂ ਨੂੰ ਅਪਣੇ ਘਰ ਬੈਠਾ ਦਿਤਾ। ਉਹ ਪਠਾਣ ਜੋ ਹਮਲਾਵਰ ਬਣੇ ਬੈਠੇ ਸਨ, ਸਿੱਖ ਜਰਨੈਲ ਸ੍ਰ. ਹਰੀ ਸਿੰਘ ਨਲੂਏ ਤੋਂ ਸਹਿਮੇਂ, ਕਿ ਰੋਂਦੇ ਹੋਏ ਅਪਣੇ ਬੱਚਿਆਂ ਨੂੰ ਚੁੱਪ ਕਰਾਉਣ ਵਾਸਤੇ ਸ੍ਰ: ਹਰੀ ਸਿੰਘ ਨਲੂਏ ਦੇ ਨਾਮ ਨਾਲ ਡਰਾਉਂਦੇ ਸਨ (ਖਾਮੋਸ਼ ਬਾਸ਼ ਕਿ ਹਰੀਆ ਬਿਆਇਦ) ਐਸੀ ਸ਼ਕਤੀ ਪੈਦਾ ਕਰਨ ਵਾਲੇ ਦਸਮੇਸ਼ ਜੀ ਖੁਦ ਆਪ ਯੁਧ ਕਲਾ ਵਿਚ ਤਤਪਰ ਅਤੇ ਹਰ ਤਰ੍ਹਾਂ ਨਿਪੁੰਨ, ਜਿਨ੍ਹਾਂ ਦੇ ਤੀਰਾਂ ਦੀ ਮਾਰ ਤੋਂ ਡਰਦੇ ਵਿਰੋਧੀ ਸਾਮ੍ਹਣੇ ਹੋਣ ਦਾ ਸਾਹਸ ਨਹੀਂ ਸਨ ਕਰਦੇ, ਉਨ੍ਹਾਂ ਨੂੰ ਇਸ ਲਤੀਫ ਨੇ ਕਿਤਨੇ 'ਬੇਦਿਲ', 'ਡਰਪੋਕ' ਦਰਸਾਇਆ ਹੈ ?

ਇਸ ਤਰ੍ਹਾਂ ਦੇ ਹੋਰ ਕਿਤਨੇ ਹੀ ਲੇਖ ਹੈਨ ਸਥਾਨਾਭਾਵ ਕਰਕੇ ਇਹ ਨਮੂਨੇ ਮਾਤ੍ਰ ਹੀ ਦਿਤੇ ਜਾ ਰਹੇ ਹਨ। ਇਨ੍ਹਾਂ ਨੂੰ ਪੜ੍ਹਨ ਵਾਲੇ ਸਿੱਖ ਗੁਰੂਆਂ ਅਤੇ ਸਿੱਖਾਂ ਬਾਰੇ ਆਪਣੇ ਮਨ ਵਿਚ ਕੀ ਵਿਚਾਰ ਧਾਰਨ ਕਰਦੇ ਹੋਣਗੇ ? ਵਰਤਮਾਨ ਸਮੇਂ ਦੇ ਪ੍ਰਸਿਧ ਸਿਖ ਵਿਦਵਾਨ ਜੋ ਕਈ ਪ੍ਰਕਾਰ ਦੀਆਂ ਉਪਾਧੀਆਂ ਲਈ ਬੈਠੇ ਹਨ। ਇਨ੍ਹਾਂ ਲੇਖਾਂ ਬਾਰੇ ਅਜ ਤਕ ਕਿਉਂ ਚੁੱਪ ਹਨ ? ਇਸ ਦਾ ਕਾਰਣ ਇਹੋ ਹੈ ਕਿ ਅੰਗਰੇਜ਼ਾਂ ਦੀ ਚਾਲੂ ਕੀਤੀ ਹੋਈ ਵਿਦਿਆ ਪ੍ਰਣਾਲੀ ਅਜੇ ਤਕ ਬਿਨਾਂ ਬਦਲੇ ਉਸੇ ਤਰ੍ਹਾਂ ਚਲ ਰਹੀ ਹੈ। ਏਹ ਵਿਦਵਾਨ ਉਸਨੂੰ ਬਦਲਣਾ ਚਾਹੁੰਦੇ ਵੀ ਨਹੀਂ। ਕਿਉਂਕਿ ਇਨ੍ਹਾਂ ਦੇ ਆਪਣੇ ਅੰਦਰ ਉਨ੍ਹਾਂ ਵਿਦੇਸ਼ੀਆਂ, ਜਿਨ੍ਹਾ ਨੇ ਅਜ ਤੋਂ ਤੇਰਾਂ ਦਹਾਕੇ ਪਹਿਲਾਂ ਪੰਜਾਬੀਆਂ ਤੋਂ ਰਾਜ ਖੋਹਿਆ ਅਤੇ ਚਰਿਤ੍ਰਹੀਣ ਹੋ ਚੁਕੇ ਪੰਜਾਬੀਆਂ ਨੂੰ ੧੦੦ ਸਾਲ ਆਪਣੇ ਅਧੀਨ ਕਰੀ ਰਖਿਆ, ਲਈ ਸ਼ੁਭ ਭਾਵਨਾ ਹੈ।



Sri Satguru Jagjit Singh Ji Elibrary NamdhariElibrary@gmail.com

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਰਾਜਨੀਤਿਕ ਸ਼ਾਸਨ ਹੁਣ ਤਕ ਅਕਾਲੀ ਪਾਰਟੀ ਦਾ ਹੈ। ਅੱਜ ਤੋਂ ਕ੍ਰੀਬ ੬੦ ਸਾਲ ਪਹਿਲਾਂ ਗੁਰਦੁਆਰੇ ਮਹੰਤਾਂ, ਪੁਜਾਰੀਆਂ ਅਤੇ ਕਿਤੇ ਉਦਾਸੀ ਸਾਧੂਆਂ ਦੀ ਰਖਵਾਲੀ ਵਿੱਚ ਸਨ। ਏਹ ਗੁਰਦੁਆਰੇ ਪੁਜਾਰੀਆਂ ਮਹੰਤਾਂ ਆਦਿ ਤੋਂ ਮੁਕਤ ਕਰਵਾਉਣ ਵੇਲੇ ਉਨ੍ਹਾਂ ਤੇ ਕਈ ਦੋਸ਼ ਲਗਾਏ ਗਏ ਸਨ। ਪਰ ਪ੍ਰਮੁੱਖ ਦੋਸ਼ ਏਹ ਸੀ ਕਿ ਉਹ ਅੰਗਰੇਜ਼ਾਂ ਨਾਲ ਮਿਲੇ ਹੋਏ ਸਨ। ਏਹ ਦੋਸ਼ ਬਹੁਤ ਹਦ ਤਕ ਠੀਕ ਸੀ। ਇਸਦੇ ਸਹੀ ਹੋਣ ਦਾ ਇਕ ਪ੍ਰਮਾਣ ਇਹ ਵੀ ਮਿਲਦਾ ਹੈ ਜੋ ਇਹ ਹੈ ਕਿ ੨੨ ਮਾਰਚ ਸੰਨ ੧੮੭੨ ਨੂੰ ਦਰਬਾਰ ਸਾਹਿਬ ਵਿਖੇ ਬ੍ਰਿਟੇਨ ਦੇ ਰਾਜ ਕੁਮਾਰ (Prince of Wales) ਦੀ ਰੋਹ ਅਰੋਗਤਾ ਦੀ ਖੁਸ਼ੀ ਮਨਾਈ ਗਈ, ਪੰਜਾਬ ਦੇ ਲੈਫਟੀਨੈਂਟ ਗਵਰਨਰ ਨੂੰ ਅਪਣੇ ਰਾਜ-ਭਗਤ ਹੋਣ ਅਤੇ ਨਾਮਧਾਰੀਆਂ ਨੂੰ ਅਪਣੇ ਵਿਰੋਧੀ ਹੋਣ ਬਾਰੇ ਐਡਰੈੱਸ ਪੇਸ਼ ਕੀਤਾ ਗਿਆ। ਇਸ ਵਿਚ ਅੰਮ੍ਰਿਤਸਰ ਬੁੱਚੜ-ਬਧ ਘਟਨਾਂ ਦਾ ਵਿਸ਼ੇਸ਼ ਵਰਣਨ ਕਰਦੇ ਹੋਏ ਅਪਣੀ ਰਾਜ-ਭਗਤੀ ਇਥੋਂ ਤਕ ਦੱਸੀ ਕਿ ੧੮੫੭ ਦੇ ਫੌਜੀ ਵਿਦਰੋਹ ਸਮੇਂ ਕੀਤੀ ਸਾਡੀ ਬ੍ਰਿਟਿਸ਼ ਸਰਕਾਰ ਦੀ ਸੇਵਾ ਏਨ੍ਹਾਂ ਨਾਮਧਾਰੀਆਂ ਨੇ ਮਿੱਟੀ ਵਿਚ ਮਿਲਾ ਦਿਤੀ ਹੈ। ਅਤੇ ਏਨ੍ਹਾਂ (ਨਾਮਧਾਰੀਆਂ) ਨੂੰ ਦਬਾਉਣ ਦਾ ਤਰੀਕਾ ਜੋ ਸਰਕਾਰ ਨੇ ਅਖਤਿਆਰ ਕੀਤਾ ਹੈ ਇਸ ਨਾਲ ਸਾਡੀ ਦਿਲੀ ਇੱਛਾ ਦੀ ਪੂਰਤੀ ਹੋਈ ਹੈ··· ··· ···ਆਦਿ··· ··· ···ਇਸ ਮੌਕੇ ਤੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਸ੍ਰ: ਮੰਗਲ ਸਿੰਘ ਰਾਮਗੜ੍ਹੀਆ ਨੂੰ ਖਿਲਤ ਦਿੱਤੀ।

ਏਹ ਸਮਾਂ ਐਸਾ ਸੀ ਕਿ ਸਰਕਾਰ ਦੇ ਅਯੋਗ ਵਰਤਾਉ ਦੀ ਕੋਈ ਖਬਰ ਛਾਪਣ ਦਾ ਕੋਈ ਅਖ਼ਬਾਰ ਸਾਹਸ ਨਹੀਂ ਕਰ ਸਕਦਾ ਸੀ। ੧੮੫੭ ਦੇ ਫੌਜੀ ਵਿਦਰੋਹੀਆਂ ਅਤੇ ਨਾਮਧਾਰੀਆਂ ਨੂੰ ਮਲੇਰ ਕੋਟਲੇ ਸ਼ਰੇਆਮ ਸ਼ਹੀਦ ਕੀਤੇ ਜਾਣ ਕਰਕੇ ਅੰਗਰੇਜ਼ਾਂ ਦੀ ਦਹਿਸ਼ਤ ਆਮ ਲੋਕਾਂ ਵਿਚ ਫੈਲ ਚੁਕੀ ਹੋਈ ਸੀ। ਕੁਝ ਸੁਆਰਥੀ ਸਿੱਖਾਂ ਨੇ ਅੰਗਰੇਜ਼ਾਂ ਨੂੰ ਖੁਸ਼ ਕਰਕੇ ਅਪਣੀਆਂ ਲੋੜਾਂ ਦੀ ਪੂਰਤੀ ਵਾਸਤੇ ਉਪ੍ਰੋਕਤ ਐਡਰੈਸ ਪੜ੍ਹਨ ਅਤੇ ਰਾਜਕੁਮਾਰ ਦੀ ਅਰੋਗਤਾ ਦੀ ਖੁਸ਼ੀ ਦਾ ਪ੍ਰਗਟਾਵਾ ਕੀਤਾ। ਇਸ ਘਟਨਾ ਨੂੰ ੧੦੦ ਸਾਲ ਤੋਂ ਉੱਪਰ ਹੋ ਚੁਕੇ ਹਨ। ਅੱਜ ਤੋਂ ਕ੍ਰੀਬ ੫ ਮਹੀਨੇ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਮੁੱਖ ਸ਼ਾਸਕ ਅਕਾਲੀ ਪਾਰਟੀ ਦੇ ਜਥੇਦਾਰ ਸ੍ਰ: ਗੁਰਚਰਨ ਸਿੰਘ ਜੀ ਟੌਹੜਾ ਨੇ ਬ੍ਰਿਟੇਨ ਦੇ ਰਾਜਕੁਮਾਰ ਨੂੰ ਆਪਣੇ ਕੇਂਦਰ ਤੇ ਨਿਮੰਤ੍ਰਤ ਕਰਕੇ ਕੁਰਸੀਆਂ ਤੇ ਬਿਠਾ ਕੇ ਚਾਹ ਪਿਆਈ ਅਤੇ ਤਲਵਾਰ ਸਿਰੋਪਾ ਦਿੱਤੀ ਹੈ। ਉਸ ਵੇਲੇ ਦੇ ਸਿੱਖਾਂ ਨੂੰ ਤਾਂ ਡਰ ਅਤੇ ਕਈ ਲੋੜਾਂ ਸਨ। ਪਰ ਇਹ ਸਮਝ ਨਹੀਂ ਆਈ ਕਿ ਅਜ ਕੇਹੜਾ ਡਰ ਅਤੇ ਕੇਹੜੀਆਂ ਉਹ ਲੋੜਾਂ ਸਨ ਜੋ ਇਸ ਰਾਜਕੁਮਾਰ ਦਾ ਇਸ ਤਰ੍ਹਾਂ ਦਾ ਸਤਿਕਾਰ ਕਰਨ ਨਾਲ ਪੂਰੀਆਂ ਹੋਈਆਂ ਹਨ ਜਾਂ ਹੋਣਗੀਆਂ। ਏਹ ਨਿਮੰਤ੍ਰਣ ਅਤੇ ਸਤਿਕਾਰ ਸੰਨ ੧੮੭੨ ਵਿਚ ਕੀਤੇ ਹੋਏ ਲੈਫਟੀਨੈਂਟ ਗਵਰਨਰ ਦੇ ਸਤਿਕਾਰ ਅਤੇ ਉਸ ਵੇਲੇ ਦੇ ਬ੍ਰਿਟਿਸ਼ ਰਾਜ ਕੁਮਾਰ ਦੀ ਅਰੋਗਤਾ ਦੀ ਖੁਸ਼ੀ ਮਨਾਈ ਹੋਈ ਯਾਦ ਨੂੰ ਤਾਜ਼ਗੀ ਦਿੰਦਾ ਹੈ ਅਤੇ ਇਸ ਤੋਂ ਅੰਗਰੇਜ਼ੀ ਰਾਜ-ਭਗਤੀ ਦੀ ਕੜੀ ਦੀ ਝਲਕ ਸਪਸ਼ਟ ਰੂਪ ਵਿਚ ਨਜ਼ਰ ਆਉਂਦੀ ਹੈ। ਇਸ ਤੋਂ ਇਕ ਏਹ ਤੱਥ ਵੀ ਸਪਸ਼ਟ ਹੁੰਦਾ ਹੈ ਕਿ ਅਕਾਲੀਆਂ ਦੀ ਅਪਣੀ ਭਾਵਨਾਂ ਅੰਗਰੇਜ਼ਾਂ ਵਿਰੁਧ ਨਹੀਂ ਸੀ। ਮਹੰਤਾਂ, ਪੁਜਾਰੀਆਂ ਤੇ ਅੰਗਰੇਜ਼ਾਂ ਨਾਲ ਮਿਲੇ ਹੋਣ ਦਾ ਦੋਸ਼ ਕੇਵਲ ਗੁਰਦੁਆਰੇ ਖੋਹਣ ਵਾਸਤੇ — ਲਾਇਆ ਗਿਆ ਸੀ। ਅਕਾਲੀਆਂ ਵਿਚੋਂ ਕੇਵਲ ਬਬਰ ਅਕਾਲੀ ਸਨ ਜਿਨ੍ਹਾਂ ਨੇ ਜਾਨ ਮਾਲ ਦੀ ਪ੍ਰਵਾਹ ਨਾ ਕਰਦੇ ਹੋਏ ਦੇਸ਼-ਭਗਤੀ ਦੇ ਉਹ ਪ੍ਰਮਾਣ ਦਿਤੇ ਹਨ ਜੋ ਸਦਾ ਲਈ ਚਮਕਦੇ ਰਹਿਣਗੇ। ਉਨ੍ਹਾਂ ਦਾ ਗੁਰਦੁਆਰਿਆਂ ਦੀ ਸੰਪਤੀ ਨਾਲ ਕੋਈ ਵਾਸਤਾ ਨਹੀਂ ਸੀ।

ਗੁਰਦੁਆਰਿਆਂ ਨਾਲ ਸਬੰਧ ਰੱਖਣ ਵਾਲੀ ਅਕਾਲੀ ਪਾਰਟੀ ਨੇ ਦੂਜੇ ਵਿਸ਼ਵ-ਯੁੱਧ ਵੇਲੇ ਅੰਗਰੇਜ਼ਾਂ



Sri Satguru Jagjit Singh Ji Elibrary NamdhariElibrary@gmail.com

ਦੀ ਸਹਾਇਤਾ ਕੀਤੀ ਦਾ ਅਕੱਟ ਸਬੂਤ ਹੈ। ਜਦੋਂ ਮਾਸਟਰ ਤਾਰਾ ਸਿੰਘ ਜੀ ਦੀਆਂ ਤਸਵੀਰਾਂ ਛਾਪਕੇ ਗੁਟਕੇ ਸਿੱਖ ਫੌਜੀਆਂ ਵਿਚ ਵੰਡੇ ਗਏ ਸਨ।

ਅੰਗਰੇਜ਼ੀ ਢੰਗ ਦੀ ਵਿਦਿਆ ਪ੍ਰਣਾਲੀ ਦਾ ਸਾਡੇ ਦੇਸ਼ ਵਿਚ ਜਮਾਉ ਐਸਾ ਹੋ ਚੁੱਕਾ ਹੈ ਕਿ ਇਸ ਨੂੰ ਬਦਲਣ ਬਾਰੇ ਕਿਸੇ ਰਾਜਨੀਤਿਕ ਸ਼ਰੇਣੀ ਨੇ ਕੋਈ ਕਦਮ ਨਹੀਂ ਉਠਾਇਆ। ਇਸੇ ਦੇ ਪਰਿਣਾਮ ਹਨ ਕਿ ਦੱਖਣ ਭਾਰਤ ਦੇ ਵਸਨੀਕ ਅੰਗਰੇਜ਼ੀ ਨੂੰ ਅਪਣਾ ਰਹੇ ਹਨ ਅਤੇ ਹਿੰਦੀ ਨੂੰ ਘ੍ਰਿਣਾ ਦੀ ਦ੍ਰਿਸ਼ਟੀ ਨਾਲ ਦੇਖਦੇ ਹਨ।

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਸ਼ਤਾਬਦੀ ਰਾਜ ਪੱਧਰ ਤੇ ਮਨਾਈ ਗਈ ਹੈ ਪਰ ਉਨ੍ਹਾਂ ਦੇ ਨਾਮ ਮੈਕਾਲਿਫ ਨੇ ਜੋ ਅਪਣੇ ਸਵਾਰਥ ਲਈ ਝੂਠੀ 'ਭਵਿਖ ਬਾਣੀ' ਲਿਖ ਦਿੱਤੀ ਹੈ ਇਸ ਨੂੰ ਯੂਨੀਵਰਸਿਟੀਆਂ ਅਤੇ ਹੋਰ ਵਿਦਿਯਕ ਅਤੇ ਕਈ ਪ੍ਰਕਾਰ ਦੇ ਉੱਚ ਅਦਾਰਿਆਂ ਵਿਚ ਬੈਠੇ ਕਿਸੇ ਸਿੱਖ ਵਿਦਵਾਨ ਨੇ ਝੂਠੀ ਆਖਣ ਦਾ ਸਾਹਸ ਨਹੀਂ ਕੀਤਾ। ਮੈਕਾਲਿਫ ਦੀ ਕਿਤਾਬ ਦਾ ਦਸ਼ਮੇਸ਼ ਜੀ ਦੀ ੩੦੦ ਸਾਲਾ ਯਾਦ ਮਨਾਉਣ ਵੇਲੇ ਬਲਕਿ ਪ੍ਰਚਾਰ ਕੀਤਾ ਗਿਆ ਹੈ।

ਇਹ ਲਿਖਤਾਂ ਸਿਖੀ ਦੀ ਗਲਤ ਤਸਵੀਰ ਹੀ ਪੇਸ਼ ਨਹੀਂ ਕਰਦੀਆਂ ਬਲਕਿ ਪਾਠਕਾਂ ਦੇ ਮਨ ਤੇ ਸਿਖਾਂ ਬਾਰੇ ਚਰਿਤ੍ਰ-ਹੀਨਤਾ ਦਾ ਅਤੇ ਸਿੱਖ ਸਤਿਗੁਰੂਆਂ ਬਾਰੇ ਮਾਨਸਿਕ ਕਮਜ਼ੋਰੀ ਦਾ ਪ੍ਰਭਾਵ ਪਾਉਂਦੀਆਂ ਹਨ। ਇਸ ਕਰਕੇ ਦੋਨਾਂ ਦੀ ਨਿਖੇਧੀ ਕੀਤੀ ਜਾਣੀ ਜ਼ਰੂਰੀ ਹੈ ਅਤੇ ਹਰ ਇਕ ਐਸੀ ਲਿਖਤ ਵਿਰੁਧ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਲਿਖਕੇ ਸਚਾਈ ਸਾਮ੍ਹਣੇ ਲਿਆਂਦੀ ਜਾਵੇ। ਸਿੱਖੀ ਦੀ ਭਾਵਨਾ ਰੱਖਣ ਵਾਲੇ ਹਰ ਸਿਖ ਵਿਦਵਾਨ ਦਾ ਏਹ ਅਤਿ ਜ਼ਰੂਰੀ ਕਰਤ੍ਰਵ ਹੋਣਾ ਚਾਹੀਦਾ ਹੈ।

●

# ਦਹੀਂ ਇਕ ਦਵਾ

**ਪੰਮੀ ਗੁਪਤਾ**

ਦੁੱਧ ਤੇ ਉਸ ਤੋਂ ਬਣੀਆਂ ਚੀਜ਼ਾਂ ਖਾਣ ਲਈ ਤਾਕਤਵਰ ਤਾਂ ਮੰਨੀਆਂ ਹੀ ਗਈਆਂ ਹਨ ਪਰ ਹੁਣ ਵਿਗਿਆਨਕਾਂ ਨੇ ਇਹ ਸਾਬਤ ਕਰ ਦਿਤਾ ਹੈ ਕਿ 'ਹਾਰਟ ਅਟੈਕ' ਦੀ ਰੋਕ ਥਾਮ ਲਈ ਦਹੀਂ ਕਾਫੀ ਲਾਹੇਵੰਦ ਹੋ ਸਕਦਾ ਹੈ। ਆਇਜਟ ਨਗਰ ਦੇ ਇਕ ਕਾਲਜ ਵਿਚ ਕੁਝ ਖਰਗੋਸ਼ਾਂ ਤੇ ਇਹ ਤਜਰਬਾ ਕੀਤਾ ਗਿਆ। ਉਹਨਾਂ ਨੂੰ ਲਗਾਤਾਰ ਕਲੌਰੋਸਟੌਰੋਲ ਖੁਆਇਆ ਗਿਆ। ਜਿਨ੍ਹਾਂ ਖਰਗੋਸ਼ਾਂ ਨੂੰ ਦਹੀਂ ਨਹੀਂ ਖੁਆਇਆ ਗਿਆ ਸੀ ਉਹਨਾਂ ਤੇ ਇਸ ਦਾ ਅਸਰ ਘੱਟ ਹੋਇਆ ਪਰ ਹੋਰਾਂ ਦੇ ਇਸ ਨਾਲ ਕਾਫੀ ਨੁਕਸਾਨ ਹੋਇਆ।

ਅਜੇ ਹੋਰ ਤਜਰਬੇ ਚਲ ਰਹੇ ਹਨ। ਜੇ ਦਹੀਂ ਨਾਲ ਦਿਲ ਦਾ ਰੋਗ ਪੂਰੀ ਤਰ੍ਹਾਂ ਠੀਕ ਹੋ ਸਕੇ ਤਾਂ ਮਰੀਜ਼ ਇਸ ਨੂੰ ਬੜੇ ਚਾਓ ਨਾਲ ਲੈ ਸਕਣਗੇ।



ਤੁਧ ਅੱਖੀਆਂ ਵਿਚ ਤਕਿਆ, ਸੁਹਣੇ ! ਸੁਆਦ ਸੁਆਦ ਹੋ ਜਾਈਏ
ਯੁਗ ਯੁਗਾਂਤਰਾਂ ਦੀ ਅਰਾਧਨਾ, ਇਕ ਪਲ-ਛਿਣ ਵਿਚ ਪਾਈਏ
ਛੁਹ ਤੇਰੀ ਸੁਰਗਾਂ ਦੀ ਦਾਤੀ, ਸੁਰਗ ਨ ਲੋੜ ਅਸਾਡੀ :
ਚਰਨ ਕਮਲ ਦੀ ਮੌਜ ਚਿ ਰਹਿ ਕੇ, ਸਦਾ ਅਨੰਦ ਉਠਾਈਏ ॥ ੬੮ ॥

—ਪ੍ਰੀਤਮ ਸਿੰਘ ਕਵੀ



Sri Satguru Jagjit Singh Ji Elibrary NamdhariElibrary@gmail.com

# ਯਾਦ ਰਹੇਗਾ ਸਦਾ ਪਿਆਰ ਤੇਰਾ

ਮਾਸਟਰ ਕਰਤਾਰ ਸਿੰਘ 'ਪੰਛੀ'
ਮਲੇਰ ਕੋਟਲਾ

ਰੱਬੀ ਨੂਰ 'ਪ੍ਰਤਾਪ' ਪਰਤਾਪ ਵਾਲੇ,
ਮਾਹੀ ਵਾਂਗ ਨਗੀਨੇ ਤੂੰ ਦੱਸਦਾ ਸੈਂ ।
ਨਾਮਧਾਰੀ ਤਾਂ ਤੈਨੂੰ ਮਹਿਬੂਬ ਆਖਣ,
ਐਪਰ ਯਾਰ ਤਾਂ ਤੂੰ ਸਾਰੇ ਜੱਗ ਦਾ ਸੈਂ ।
ਲੋਕੀ ਚੰਨ ਨੂੰ ਬੜਾ ਹੁਸੀਨ ਸਮਝਣ,
ਮੈਨੂੰ ਚੰਨ ਤੋਂ ਸੋਹਣਾ ਤੂੰ ਲਗਦਾ ਸੈਂ ।
ਚੰਨ ਤਾਰਿਆਂ ਵਿਚ ਕੀ ਸੋਭ ਸਕਦੇ,
ਜਿੰਨਾ ਸੰਗਤਾਂ ਵਿਚ ਤੂੰ ਫੱਬਦਾ ਸੈਂ ।
ਮੋਹ ਲੈਂਦੀ ਸੀ ਸੋਹਣੀ ਤਸਵੀਰ ਮਨ ਨੂੰ,
ਨਾਲੇ ਬੋਲ ਸੀ ਕੇਡਾ ਗ਼ਮਖ਼ਾਰ ਤੇਰਾ ।
ਪਹਿਲੀ ਝਲਕ ਹੀ ਮੇਰਾ ਦਿਲਦਾਰ ਬਣਿਓਂ,
ਯਾਦ ਰਹੇਗਾ ਸਦਾ ਪਿਆਰ ਤੇਰਾ ।

ਹਰੀ ਸਿੰਘ ਦਾ ਨਿੱਘਾ ਪਿਆਰ ਹੈਸੈਂ,
ਜੀਵਨ ਕੌਰ ਦੀ ਅੱਖਾਂ ਦਾ ਨੂਰ ਸੀ ਤੂੰ ।
ਭੈਣੀ ਸਾਹਿਬ ਦੀ ਧਰਤ ਦਾ ਲਾਲ ਹੀਰਾ,
'ਬੰਦੀ ਛੋੜ' ਤੇ ਵੱਡਾ ਹਜ਼ੂਰ ਸੀ ਤੂੰ ।
ਤੈਨੂੰ ਵੇਖ ਕੇ ਮਸਤ ਹੋ ਜਾਏ ਦੁਨੀਆਂ,
ਸਾਕੀ ਨਾਮ ਦਾ ਨਿਰਾ ਸਰੂਰ ਸੀ ਤੂੰ ।
ਸਾਰੇ ਜੱਗ ਦਾ ਭਲਾ ਮਨਾਉਣ ਵਾਲੇ,
ਸਾਰੇ ਜੱਗ ਦੇ ਵਿਚ ਮਸ਼ਹੂਰ ਸੀ ਤੂੰ ।
ਸਾਰੇ ਭੇਖਾਂ ਨੇ ਤੈਨੂੰ ਹਜ਼ੂਰ ਮੰਨਿਆ,
ਚਰਨ ਛੋਹ ਕੇ ਕੀਤਾ ਸਤਿਕਾਰ ਤੇਰਾ ।
ਮੈਨੂੰ ਨਾਮ ਦੀ ਪੁੱਠ ਚੜ੍ਹਾਣ ਵਾਲੇ,
ਯਾਦ ਰਹੇਗਾ ਸਦਾ ਪਿਆਰ ਤੇਰਾ ।

ਦੀਨਾ ਨਾਥ, ਗਰੀਬ ਨਿਵਾਜ਼ ਪ੍ਰੀਤਮ,
ਰਾਖਾ ਗਊਆਂ ਦਾ ਸਾਡੜਾ ਕਾਨ੍ਹ ਸੀ ਤੂੰ ।
ਨਾਮ ਦਾਨ ਇਸ਼ਨਾਨ ਕਰਾਉਣ ਵਾਲੇ,
ਕੂਕੇ ਪੰਥ ਦੀ ਉਚੜੀ ਸ਼ਾਨ ਸੀ ਤੂੰ ।
ਮਾਲਾ ਫੇਰਦਾ ਨਿਰਾ ਭਗਵਾਨ ਜਾਪੇਂ,
ਖੀਵੇ ਮਸਤਾਂ ਦੀ ਧੜਕਦੀ ਜਾਨ ਸੀ ਤੂੰ ।
ਤੇਰਾ ਦਿਲ ਪਿਆਰ ਭੰਡਾਰ ਸੀ ਗਾ,
ਚੰਨਾ ਪ੍ਰੀਤ ਦੀ ਡੂੰਗੜੀ ਖਾਨ ਸੀ ਤੂੰ ।
ਕਿੰਨਾ ਗਊ-ਗਰੀਬ ਲਈ ਲੂਝਦਾ ਸੈਂ,
ਇਹੋ ਸਭ ਤੋਂ ਵੱਡਾ ਉਪਕਾਰ ਤੇਰਾ ।
ਤੇਰੇ ਆਖਿਆਂ ਮੋਏ ਵੀ ਜਾਗ ਪੈਂਦੇ,
ਯਾਦ ਰਹੇਗਾ ਸਦਾ ਪਿਆਰ ਤੇਰਾ ।

ਤੇਰੀ ਯਾਦ ਵਿਚ ਜਦੋਂ ਕੁਝ ਲਿਖਣ ਲਗਦਾਂ,
ਮੇਰੀ ਕਲਮ ਨੂੰ ਬੜਾ ਹੀ ਮਾਣ ਹੁੰਦੈ ।
ਮੈਂ ਤਾਂ ਐਦਾਂ ਮਦਹੋਸ਼ ਹੋ ਨੱਚ ਉਠਦਾਂ,
ਜਿਵੇਂ ਲੱਭਿਆ ਨਵਾਂ ਜਹਾਨ ਹੁੰਦੈ ।
ਜਦੋਂ ਸਾਹਮਣੇ ਸੋਹਣੀ ਤਸਵੀਰ ਹੁੰਦੀ,
ਮਾਲਾ ਫੇਰਦਾ ਨਿਰਾ ਭਗਵਾਨ ਹੁੰਦੈ ।
ਤੇਰੇ ਪਿਆਰ 'ਚੋਂ ਕਣੀ ਇਕ ਮਾਣਦਾ ਜੋ,
ਉਹ ਜੱਗ ਵਿਚ ਪੂਰਾ ਇਨਸਾਨ ਹੁੰਦੈ ।
'ਪੰਛੀ' ਭਾਵੇਂ ਤੂੰ ਨਹੀਂ ਅੱਜ ਕੋਲ ਸਾਡੇ,
ਅੱਖਾਂ ਸਾਹਵੇਂ ਹੈ. ਜੋਤ ਆਕਾਰ ਤੇਰਾ ।
ਮੇਰੇ ਦਿਲ ਵਿਚ ਜ਼ਿੰਦਾ ਪ੍ਰੀਤ ਤੇਰੀ,
ਯਾਦ ਰਹੇਗਾ ਸਦਾ ਪਿਆਰ ਤੇਰਾ ।



Sri Satguru Jagjit Singh Ji Elibrary NamdhariElibrary@gmail.com

# ਵੱਡਾ ਪ੍ਰਤਾਪ ਡਿੱਠਾ ਵੱਡੇ ਪ੍ਰਤਾਪੀ ਦਾ

**ਬੀਬੀ ਸਤਨਾਮ ਕੌਰ ਕੰਵਲ**
ਰਮੇਸ਼ ਨਗਰ, ਨਵੀਂ ਦਿੱਲੀ

ਭੈਣੀ ਵਿਚ ਆਈਆਂ ਵੇਖੋ ਸੂਰ ਸੰਪ੍ਰਦਾਵਾਂ ਨੇ ।
ਸਭ ਤਾਈਂ ਮੋਹ ਲਿਆ ਸੀ ਸਤਿਗੁਰ ਦਿਆਂ ਭਾਵਾਂ ਨੇ ।
ਸਾਰਿਆਂ ਦੀ ਧਰਮਾਂ ਵਿਚ ਨਾਨਕ ਦੀਆਂ ਥਾਵਾਂ ਨੇ ।
ਨਾਨਕ ਨਾਮ ਚੜ੍ਹਦੀ ਕਲਾ, ਸਰਬ ਭਲਾ ਥਾਪੀ ਦਾ । ਵੱਡਾ ਪ੍ਰਤਾਪ......
ਨਿਰਮਲੇ ਉਦਾਸੀ ਸਿੰਘ ਸਭਾ ਤੇ ਅਕਾਲੀ ਪਿਆਰੇ ।
ਕੂਕੇ ਵਾ ਨਿਹੰਗ ਸਿੰਘ ਸੇਵਾ ਪੰਥੀ ਗੁਰੂ ਡਾਰੇਂ ।
ਅੱਡਣ ਸ਼ਾਹੀਏ ਰਾਮ ਰਾਈਏ, ਸੁਥਰੇ ਧੀਰ ਮਲੀ ਸਾਰੇ ।
ਨਾਨਕ ਦੇ ਘਰ ਇਕੋ ਸੱਚਾ ਨਾਮ ਜਾਪੀ ਦਾ । ਵੱਡਾ ਪ੍ਰਤਾਪ......
ਨਾਨਕ ਦੇ ਨਾਮ ਲੇਵਾ ਏਕਤਾ 'ਚ ਬਹਿੰਦੇ ਗਏ ।
ਸਤਿਗੁਰੂ ਪ੍ਰਤਾਪ ਸਿੰਘ ਨੂੰ ਨਾਨਕ ਹੀ ਵੇਹੰਦੇ ਗਏ ।
ਸ਼ਹਿਰਾਂ ਅਤੇ ਪਿੰਡਾਂ ਵਿਚ ਥਾਂ ਥਾਂ ਜਸ ਕਹਿੰਦੇ ਗਏ ।
ਹੋ ਗਿਆ ਮਿਲਾਪ ਰੱਟਾ ਮੁਕਾ ਆਪੋ ਧਾਪੀ ਦਾ । ਵੱਡਾ ਪ੍ਰਤਾਪ......
ਰਾਗਾਂ ਵਿਚ ਬਾਣੀ ਗੁਰੂ ਸਾਹਿਬਾਂ ਨੇ ਉਚਾਰੀ ਏ ।
ਸ਼ੁੱਧ ਰਾਗ ਲਈ ਸੱਦੀ ਰਾਗ ਸਭਾ ਭਾਰੀ ਏ ।
ਗਾਈਆਂ ਮੱਝਾਂ ਨਕਦੀ ਦੇ ਕੀਤੀ ਸਭ ਦੀ ਦਾਰੀ ਏ ।
ਸੁਰ ਗੁਰ ਤਾਲ ਰਾਗ ਵੇਲੇ ਦਾ ਅਲਾਪੀ ਦਾ । ਵੱਡਾ ਪ੍ਰਤਾਪ......
ਬਾਣੀ ਦੇ ਪ੍ਰਕਾਸ਼ ਸੰਦਾ ਵੱਡਾ ਸਤਿਕਾਰ ਏ ।
ਲੱਖਾਂ ਹੀ ਅਖੰਡ ਪਾਠ ਹੋਈ ਜੈ ਜੈ ਕਾਰ ਏ ।



Sri Satguru Jagjit Singh Ji Elibrary NamdhariElibrary@gmail.com

ਵਰਨੀਆਂ ਤੇ ਹਵਨ ਯੱਗ ਦੇਵਤਾਈ ਕਾਰ ਏ।

ਬੇਦਾਂ ਗ੍ਰੰਥਾਂ ਵਿਚ, ਉੱਤਮ ਕਰਮ ਏਹੋ ਭਾਪੀ ਦਾ। ਵੱਡਾ ਪ੍ਰਤਾਪ......

ਖਰਚ ਵਾਲੇ ਵਿਆਹਾਂ ਦੀਆਂ ਰਸਮਾਂ ਵੀ ਹਟਾ ਗਏ।

ਸਰਸੇ ਵਿਚ ਸੰਗਤ ਦਾ ਬਗੀਚਾ ਵੀ ਖਿੜਾ ਗਏ।

ਦੇਸ਼ ਤੇ ਵਿਦੇਸ਼ ਘੋੜੇ ਰੇਸਾਂ 'ਚ ਜਿਤਾ ਗਏ।

ਜਿਉਂ ਜਿਉਂ ਤੱਕੋ ਬਾਦਸ਼ਾਹ, ਦਰਵੇਸ਼ ਰੂਪੀ ਜਾਪੀ ਦਾ। ਵੱਡਾ ਪ੍ਰਤਾਪ......

ਖੱਦਰ ਪਹਿਨ ਦੇਸ਼ ਨੂੰ ਆਜ਼ਾਦੀ ਵੀ ਦਿਵਾ ਗਏ।

ਗਾਂਧੀ ਤੇ ਜਵਾਹਰ ਨਾਲ, ਸਭਾ ਵੀ ਜਮਾ ਗਏ।

ਨਾ-ਮਿਲਵਰਤਨ ਗੋਰੇ ਨਾਲ ਅਮਲੀ ਵੀ ਵਿਖਾ ਗਏ।

ਵਡਿਆਂ ਦੇ ਨਕਸ਼ੇ ਕਦਮ ਤੁਰਨਾ ਇਉਂ ਨਾਪੀ ਦਾ। ਵੱਡਾ ਪ੍ਰਤਾਪ......

ਆਪਣੀ ਉਹ ਜੋਤ ਜਗਜੀਤ 'ਚ ਜਗਾ ਗਏ।

ਆਪਣਾ ਸਰੂਪ ਜ਼ਾਹਿਰਾ ਛੱਡੀ ਤੇ ਬੈਠਾ ਗਏ।

ਨਾਮ ਬਾਣੀ ਸਤਿਸੰਗ ਕਾਰ ਉਹ ਚਲਾ ਗਏ।

ਉਹੀ ਹੈ ਸਰੂਪ ਅੱਜ ਵੱਡੇ ਪ੍ਰਤਾਪੀ ਦਾ। ਵੱਡਾ ਪ੍ਰਤਾਪ......

ਸਤਿਗੁਰਾਂ ਦੀ ਮਹਿਮਾਂ ਦਾ ਇਹ ਬੋਹਲ ਵਿਚੋਂ ਦਾਣਾ ਏ।

ਸਤਿਗੁਰਾਂ ਦਾ ਜੀਵਨ ਅਮੋਲਕ ਖਜ਼ਾਨਾ ਏ।

ਮਹਿਮਾਂ ਕਰੇ ਕੌਣ 'ਕੰਵਲ' ਸ਼ਿਸ਼ ਵੀ ਨਿਮਾਣਾ ਏ।

ਜਗ ਦਾ ਸਹਾਰਾ ਅਵਤਾਰ ਸਰਬ ਬਿਆਪੀ ਦਾ। ਵੱਡਾ ਪ੍ਰਤਾਪ......

●

ਜਿਉਂ ਅੰਬਰਾਂ ਤੇ ਦੀਪਕ ਜਗਦੇ, ਪੈਣ ਜਦੋਂ ਤਰਕਾਲਾਂ
ਜਿਵੇਂ ਚੰਮੇਲੀ ਖਿੜ ਖਿੜ ਮਹਿਕੇ, ਆਇਆ ਵੇਖ ਹੁਨਾਲਾਂ
ਤਿਵੇਂ ਪੂਰਬਲੇ ਜਾਗਣ ਨਰ ਦੇ, ਸਤਿਗੁਰ ਜਦ ਤੁਠ ਪੈਂਦਾ :
ਸੁਖ ਸਵਰਗ ਧਰਤੀ ਤੇ ਰਚਦਾ, ਸ਼ਾਹ ਕਰੇ ਕੰਗਾਲਾਂ ॥੬੬॥

—ਪ੍ਰੀਤਮ ਸਿੰਘ ਕਵੀ



Sri Satguru Jagjit Singh Ji Elibrary NamdhariElibrary@gmail.com

# ਕੁਦਰਤੀ ਇਲਾਜ ਪ੍ਰਣਾਲੀ

ਚੰਦਰ ਦੀਪ ਵਰਮਾ

ਸਰੀਰ ਦੀ ਮੰਗ ਨੂੰ ਪੂਰਾ ਕਰਨਾ ਨੈਚਰੋਪੈਥੀ ਦਾ ਮੁੱਖ ਉਦੇਸ਼ ਹੈ। ਇਹ ਚਿਕਿਤਸਾ ਕੁਦਰਤ ਵਿਚ ਮੌਜੂਦ ਤੱਤਾਂ ਨਾਲ ਹੀ ਕੀਤੀ ਜਾਂਦੀ ਹੈ। ਆਯੁਰ-ਵੇਦ ਦਾ ਪ੍ਰਭਾਵ ਇਸ ਤੇ ਸਾਫ ਨਜ਼ਰ ਆਉਂਦਾ ਹੈ ਕਿਉਂਕਿ ਆਯੁਰਵੇਦ ਅਨੁਸਾਰ ਮਨੁੱਖੀ ਸਰੀਰ ਪੰਜਾਂ ਤੱਤਾਂ ਅਰਥਾਤ ਪ੍ਰਿਥਵੀ, ਜਲ, ਅੱਗ, ਹਵਾ, ਅਕਾਸ਼ ਦਾ ਬਣਿਆ ਹੋਇਆ ਹੈ ਅਤੇ ਇਹਨਾਂ ਦੇ ਸੰਤੁਲਨ ਵਿਗੜਨ ਨਾਲ ਹੀ ਰੋਗ ਪੈਦਾ ਹੁੰਦੇ ਹਨ। ਇਸੇ ਤਰ੍ਹਾਂ ਨੈਚਰੋਪੈਥੀ ਵਿਚ ਇਲਾਜ ਇਹਨਾਂ ਪੰਜਾਂ ਤੱਤਾਂ (ਮਿਟੀ, ਪਾਣੀ, ਧੁੱਪ, ਹਵਾ ਤੇ ਅਕਾਸ਼ (ਦੁਆਰਾ ਹੀ ਕੀਤਾ ਜਾਂਦਾ ਹੈ। ਮਨੁੱਖ ਨੂੰ ਤੰਦਰੁਸਤ ਹਾਲਤ ਅਤੇ ਪ੍ਰਕ੍ਰਿਤਕ ਹਾਲਤ ਵਿਚ ਬਣਾਏ ਰੱਖਣਾ ਹੀ ਨੈਚਰੋਪੈਥੀ ਹੈ।

**ਇਤਿਹਾਸ :**

ਇਸ ਚਿਕਿਤਸਾ ਦਾ ਇਤਿਹਾਸ ਵੀ ਆਯੁਰਵੇਦ ਜਿੰਨਾ ਹੀ ਪੁਰਾਣਾ ਹੈ। ਇਸ ਢੰਗ ਨਾਲ ਇਲਾਜ 3000 ਸਾਲ ਪਹਿਲਾਂ ਵੀ ਕੀਤਾ ਜਾਂਦਾ ਸੀ। ਭਾਰਤ, ਗਰੀਸ, ਅਤੇ ਮਿਸਰ ਦੇ ਲੋਕਾਂ ਲਈ ਇਹ ਕੋਈ ਨਵਾਂ ਢੰਗ ਨਹੀਂ। ਹੁਣ ਵੀ ਕਈ ਕਬੀਲਿਆਂ ਵਿਚ ਇਲਾਜ ਇਸੇ ਢੰਗ ਨਾਲ ਕੀਤਾ ਜਾਂਦਾ ਹੈ। ਮਹੰਜੋਦੜੋ ਦੀ ਸਭਿਅਤਾ ਵਿਚ ਮਿਲੇ ਇਸ਼ਨਾਨ ਘਰ ਅਤੇ ਮੁਗਲ ਕਾਲ ਦੇ ਹਮਾਮਾਂ ਤੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਉਦੋਂ ਇਹ ਪ੍ਰਣਾਲੀ ਪ੍ਰਚਲਤ ਸੀ। 19ਵੀਂ ਸਦੀ ਵਿਚ ਕੁਝ ਵਿਗਿਆਨੀਆਂ ਦਾ ਖਿਆਲ ਇਸ ਚਿਕਤਿਸਾ ਪ੍ਰਣਾਲੀ ਵਲ ਗਿਆ ਅਤੇ ਉਹਨਾਂ ਨੇ ਇਸ ਤੇ ਖੋਜ ਕਰਕੇ ਮੌਜੂਦਾ ਹਾਲਤਾਂ ਦੇ ਅਨੁਸਾਰ ਢਾਲਣ ਦਾ ਯਤਨ ਕੀਤਾ। ਇਹਨਾਂ ਵਿਚੋਂ ਪਰੀਏਸਟਿਨਜ਼, ਸਕਰੋਥ, ਲੂਈ ਕੂਹਨੇ, ਫਾਦਰ ਨੈਪੀ, ਬਿਲਜ, ਇਹਰਟ ਅਤੇ ਪਲਾਟੇਨ ਦੇ ਨਾਂ ਮੁਖ ਹਨ। ਲੂਈ ਕੂਹਨੇ ਨੇ ਤਾਂ ਇਸ ਚਿਕਿਤਸਾ ਨੂੰ ਨਵਾਂ ਹੀ ਰੂਪ ਦੇ ਦਿੱਤਾ। ਉਸ ਨੇ ਇਸ ਪ੍ਰਣਾਲੀ ਵਿਚ ਪ੍ਰਯੋਗ ਹੋਣ ਯੰਤਰ ਬਣਾਏ ਜਿਸ ਦੀ ਜ਼ਰੂਰਤ ਬਹੁਤ ਦੇਰ ਤੋਂ ਮਹਿਸੂਸ ਕੀਤੀ ਜਾ ਰਹੀ ਸੀ। ਉਸਨੇ ਇਸ ਨੂੰ "ਨਵੀਂ ਚਿਕਿਤਸਾ ਪ੍ਰਣਾਲੀ" ਦਾ ਨਾਂ ਦਿਤਾ।

ਇਸ ਚਿਕਿਤਸਾ ਵਿਚ ਕਿਸੇ ਵੀ ਦਵਾ ਦਾਰੂ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ ਕੇਵਲ ਮਿਟੀ, ਪਾਣੀ, ਧੁੱਪ, ਹਵਾ, ਅਕਾਸ਼ ਤੇ ਸੰਤੁਲਨ ਭੋਜਨ ਨਾਲ ਕੀਤਾ ਜਾਂਦਾ ਹੈ। ਸਰੀਰ ਦੀ ਸਫਾਈ, ਕਸਰਤ ਅਤੇ ਆਸਨਾਂ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ।

**ਭੋਜਨ**

ਇਸ ਇਲਾਜ ਸਮੇਂ ਭੋਜਨ ਦਾ ਵਿਸ਼ੇਸ਼ ਖਿਆਲ ਰਖਿਆ ਜਾਂਦਾ ਹੈ। ਸੰਤੁਲਨ ਭੋਜਨ ਵਿਚ



Sri Satguru Jagjit Singh Ji Elibrary NamdhariElibrary@gmail.com

ਸਭ ਜ਼ਰੂਰੀ ਤੱਤ ਜਿਵੇਂ ਪ੍ਰੋਟੀਨ, ਕਾਰਬੋਹਾਈਡਰੇਟ, ਚਰਬੀ, ਵਿਟਾਮਿਨ, ਖਣਿਜ ਦੀ ਮੌਜੂਦਗੀ ਰੋਗ ਅਨੁਸਾਰ ਅਤੇ ਮਾਤਰਾ ਅਨੁਸਾਰ ਦਿਤੀ ਜਾਂਦੀ ਹੈ। ਸ਼ਰੀਰ ਵਿਚ ਅਮਲ ਅਤੇ ਖਾਰ ਨੂੰ ਸਹੀ ਮਾਤਰਾ ਵਿਚ ਬਣਾਏ ਰੱਖਣਾ ਭੋਜਨ ਰਾਹੀਂ ਹੀ ਸੰਭਵ ਹੈ।

**ਪਾਣੀ**

ਇਸ ਪ੍ਰਣਾਲੀ ਵਿਚ ਪਾਣੀ ਦਾ ਬਹੁਤ ਮਹੱਤਵ ਹੈ ਅਤੇ ਇਸ ਨੂੰ ਵੱਖ ਵੱਖ ਤਾਪਮਾਨਾਂ ਵਿਚ ਪ੍ਰਯੋਗ ਕੀਤਾ ਜਾਂਦਾ ਹੈ। ਕਈ ਤਰ੍ਹਾਂ ਦੇ ਇਸ਼ਨਾਨ ਕਰਨ ਦੇ ਢੰਗ ਹਨ ਅਤੇ ਵੱਖ ਵੱਖ ਰੋਗਾਂ ਲਈ ਵੱਖ ਵੱਖ ਤਰ੍ਹਾਂ ਦੇ ਇਸ਼ਨਾਨ ਹਨ ਜਿਵੇਂ ਇਸ਼ਨਾਨ, ਟੱਬ ਇਸ਼ਨਾਨ, ਮਿਹਨ ਇਸ਼ਨਾਨ, ਪਾਦ ਇਸ਼ਨਾਨ, ਚੱਦਰ ਇਸ਼ਨਾਨ ਆਦਿ ਮੁੱਖ ਹਨ। ਪਾਣੀ ਨੂੰ ਭਾਫ ਦੇ ਤੌਰ ਤੇ ਵੀ ਵਰਤਿਆ ਜਾਂਦਾ ਹੈ ਜਿਸ ਨੂੰ ਵਾਸ਼ਪ ਇਸ਼ਨਾਨ ਵੀ ਕਹਿੰਦੇ ਹਨ।

**ਮਿੱਟੀ**

ਮਿੱਟੀ ਦਾ ਪ੍ਰਯੋਗ ਕਬਜ਼, ਸਿਰ ਦਰਦ, ਫੋੜਾ-ਫਿਨਸੀ, ਬਿੱਛੂ ਡੰਗ, ਸੱਪ ਡੰਗ, ਟਾਈਫਾਈਡ ਵਿਚ ਕੀਤਾ ਜਾਂਦਾ ਹੈ।

**ਹਵਾ**

ਆਮ ਤੌਰ ਤੇ ਜਿਥੇ ਅਸੀਂ ਰਹਿੰਦੇ ਹਾਂ ਘਰ ਵਿਚ ਹਵਾ ਅਤੇ ਪ੍ਰਕਾਸ਼ ਦੇ ਦਾਖਲੇ ਨੂੰ ਬੰਦ ਕਰਕੇ ਖਤਰਾ ਸਹੇੜਦੇ ਹਾਂ। ਸੱਚ ਇਹ ਹੈ ਕਿ ਅਗਰ ਅਸੀਂ ਬਚਪਨ ਤੋਂ ਹੀ ਹਵਾ ਦਾ ਡਰ ਨਾ ਰੱਖੀਏ ਤਾਂ ਸ਼ਰੀਰ ਨੂੰ ਹਵਾ ਸਹਿਨ ਕਰਨ ਦੀ ਆਦਤ ਪੈ ਜਾਂਦੀ ਹੈ ਅਤੇ ਅਸੀਂ ਜ਼ੁਕਾਮ, ਬਲਗਮ ਆਦਿ ਤੋਂ ਬਚ ਸਕਦੇ ਹਾਂ।

**ਧੁੱਪ**

ਸੂਰਜ ਦੀਆਂ ਕਿਰਨਾਂ ਵੀ ਸਾਡੇ ਸਰੀਰ ਲਈ ਬਹੁਤ ਲਾਭਦਾਇਕ ਹਨ। ਧੁੱਪ ਸਾਡੇ ਸਰੀਰ ਤੇ ਤਿੰਨਾਂ ਤਰ੍ਹਾਂ ਨਾਲ ਅਸਰ ਕਰਦੀ ਹੈ। ਪਹਿਲਾ ਤਾਂ ਇਹ ਕਿ ਧੁੱਪ ਨਾਲ ਚਮੜੀ ਵਿਚਲਾ ਖੂਨ ਤੇਜ਼ੀ ਨਾਲ ਗਤੀ ਕਰਨ ਲਗਦਾ ਹੈ। ਇਸ ਨਾਲ ਖੂਨ ਵਿਚਲਾ 'ਆਰਗੇਸਟੋਲ' ਨਾਂ ਦਾ ਪਦਾਰਥ ਧੁੱਪ ਦੇ ਸੰਪਰਕ ਵਿਚ ਆਉਂਦਾ ਰਹਿੰਦਾ ਹੈ। ਦੂਜਾ ਇਹ ਧੁੱਪ ਆਰਗੇਸਟੋਲ ਨੂੰ ਵਿਟਾਮਿਨ ਡੀ. ਵਿਚ ਬਦਲ ਦਿੰਦੀ ਹੈ। ਤੀਜਾ ਖੂਨ ਦੇ ਦੌਰੇ ਨੂੰ ਤੇਜ਼ ਕਰਕੇ ਇਹ ਵਿਟਾਮਿਨ ਡੀ. ਨੂੰ ਸਰੀਰ ਵਿਚ ਜਿਥੇ ਹੈ ਉਥੇ ਪਹੁੰਚਾਉਂਦਾ ਹੈ। ਇਸੇ ਕਾਰਨ ਮਿਟਾਮਿਨ ਡੀ. ਨੂੰ "ਧੁੱਪ ਦਾ ਵਿਟਾਮਿਨ" ਵੀ ਆਖਿਆ ਜਾਂਦਾ ਹੈ। ਇਹ ਵਿਟਾਮਿਨ ਭੋਜਨ ਵਾਲੀਆਂ ਆਂਦਰਾਂ ਵਿਚ ਪਹੁੰਚ ਕੇ ਕੈਲਸ਼ੀਅਮ ਅਤੇ ਫਾਸਫੋਰਸ ਭੋਜਨ ਵਿਚੋਂ ਕੱਢਣ ਲਈ ਸਹਾਇਤਾ ਕਰਦਾ ਹੈ ਇਸ ਤੋਂ ਬਿਨਾਂ ਭੋਜਨ ਵਿਚੋਂ ਕੈਲਸ਼ੀਅਮ ਅਤੇ ਫਾਸਫੋਰਸ ਜੋ ਕਿ ਹੱਡੀਆਂ ਲਈ ਜ਼ਰੂਰੀ ਹਨ ਸਰੀਰ ਨੂੰ ਪ੍ਰਾਪਤ ਨਹੀਂ ਹੋ ਸਕਦੇ। ਧੁੱਪ ਨਾਲ ਚਿਕਿਤਸਾ ਕਰਨ ਦੇ ਢੰਗ ਨੂੰ "ਹੀਲਿਓ ਥਰੇਪੀ" ਵੀ ਕਹਿੰਦੇ ਹਨ।

●

ਢੱਠਾ ਆਣ ਦੁਆਰੇ ਤੇਰੇ, ਹੁਣ ਨਾ ਪੈਣ ਵਿਛੋੜੇ
ਪਛਤਾਵਾ ਉਹਨਾਂ ਦਾ ਲੱਗਾ, ਬੀਤ ਗਏ ਜੋ ਥੋੜੇ
ਅੰਦਰੋਂ ਪਲ ਨ ਦਈਂ ਜੁਦਾਈ, ਡਰਦੇ ਡਰਦੇ ਆਖਾਂ :
ਨਿਰਮਾਣਾਂ ਦਾ, ਕਹਿਣ, ਮਾਣ ਤੂੰ, ਯਾਦ ਰੱਖੀਂ ਹੱਥ ਜੋੜੇ ॥੪੦॥

—ਪ੍ਰੀਤਮ ਸਿੰਘ ਕਵੀ



Sri Satguru Jagjit Singh Ji Elibrary NamdhariElibrary@gmail.com

# ਬੁਲ੍ਹੇਸ਼ਾਹ ਅਤੇ ਉਹਦੇ ਅੰਲਕਾਰ

ਪ੍ਰੋ: ਇੰਦਰਜੀਤ ਕੌਰ, ਲੁਧਿਆਣਾ

ਸਯੱਦ ਜਾਂ ਸਾਂਈ ਬੁਲ੍ਹੇਸ਼ਾਹ ਪੰਜਾਬੀ ਸੂਫੀ ਕਵੀਆਂ ਵਿਚੋਂ ਇਕ ਸਿਰਕੱਢ ਕਵੀ ਹੋਇਆ ਹੈ। ਉਹ ਸਮੁੱਚੇ ਪੰਜਾਬ ਦਾ ਗੌਰਵ ਅਤੇ ਸੂਫੀਆਂ ਦਾ ਸਿਰਤਾਜ ਕਵੀ ਹੈ। ਉਹਦੀਆਂ ਕਾਫੀਆਂ ਪੜ੍ਹਕੇ ਪੰਜਾਬੀ ਸੂਫੀ ਕਵਿਤਾ ਦੀ ਤਿੱਖੜ ਦੁਪਹਿਰ ਦਾ ਅਹਿਸਾਸ ਹੁੰਦਾ ਹੈ। ਪ੍ਰੋ: ਹਰਨਾਮ ਸਿੰਘ ਸ਼ਾਨ ਤਾਂ ਉਹਨੂੰ ਗੁਰੂ ਨਾਨਕ ਤੇ ਵਾਰਸਸ਼ਾਹ ਦੇ ਬਰਾਬਰ ਦਾ ਕਵੀ ਕਹਿੰਦਾ ਹੈ। ਬੁਲ੍ਹੇਸ਼ਾਹ ਦੀਆਂ ਕਾਫੀਆਂ ਸਿਰਫ ਮੁਸਲਮਾਨਾਂ ਤਕ ਹੀ ਸੀਮਤ ਨਹੀਂ ਸਗੋਂ ਉਹ ਅਜੋਕੇ ਪੂਰਬੀ ਪੰਜਾਬ ਦੇ ਪੰਜਾਬੀਆਂ ਦੇ ਦਿਲਾਂ ਨੂੰ ਵੀ ਧੂਹ ਪਾਉਂਦੀਆਂ ਹਨ।

ਆਪਣੇ ਕਾਬਿਲ ਮੁਰਸ਼ਦ ਸ਼ਾਹ ਅਨਾਇਤ ਦਾ ਇਹ ਚੇਲਾ, ਆਖਰੀ ਸਾਹ ਲੈ ਰਹੇ ਮੁਗਲ ਸਾਮਰਾਜ ਦੇ ਸਮੇਂ ਪੰਜਾਬ ਦਿਆਂ ਪਿੰਡਾਂ ਵਿਚ ਥੱਈਆ ਥੱਈਆ ਨੱਚਦਾ ਫਿਰਿਆ ਉਹਦੀਆਂ ਕਾਫੀਆਂ ਵਿਚ ਇਸ਼ਕ ਮਿਜਾਜ਼ੀ ਦੇ ਤੇ ਹਕੀਕੀ ਇਸ਼ਕ ਦੇ ਜਲਵੇ ਲਭਦੇ ਹਨ। ਉਹ ਰੋਜ਼ਿਆਂ ਨਿਮਾਜ਼ਾਂ ਤੋਂ ਆਕੀ ਹੋਇਆ ਕਲਮੇਂ ਤੇ ਸਿਆਹੀ ਫੇਰਦਾ ਤੁਰਿਆ ਜਾਂਦਾ ਹੈ ਅਤੇ ਉਹਨੂੰ ਹਰ ਥਾਂ ਇਸ਼ਕ ਦੀ ਨਵੀਂ ਹੀ ਬਹਾਰ ਨਜ਼ਰ ਆਉਂਦੀ ਹੈ। ਉਹਨੂੰ ਆਪਣੇ ਆਪ ਤੇ ਉਸ ਮਾਲਕ ਵਿਚ ਕੋਈ ਅੰਤਰ ਨਜ਼ਰ ਨਹੀਂ ਆਉਂਦਾ। ਇਨ੍ਹਾਂ ਸਾਰੀਆਂ ਗੱਲਾਂ ਨੂੰ ਬੁਲ੍ਹੇਸ਼ਾਹ ਨੇ ਬਹੁਤ ਹੀ ਸੋਹਣੇ ਢੰਗ ਨਾਲ ਸਾਡੇ ਤਕ ਪੁਚਾਇਆ ਹੈ। ਉਹਦੀ ਹਰ ਗੱਲ ਰੂਪਕਾਂ ਤੇ ਅੰਲਕਾਰਾਂ ਜੜੀ ਹੈ।

ਅੰਲਕਾਰ ਜਿਸ ਨੂੰ ਅਸੀਂ ਕਾਵਿ-ਰਸ ਨੂੰ ਚਮਕਾਉਣ ਵਾਲਾ ਅਤੇ ਅੰਲਕ੍ਰਿਤ-ਕਾਵਿ ਨੂੰ ਇਕ ਗਹਿਣਿਆਂ ਲੱਦੀ ਸੁੰਦਰੀ ਨਾਲ ਤੁਲਨਾਂ ਦਿੰਦੇ ਹਾਂ। ਉਹ ਬੁਲ੍ਹੇਸ਼ਾਹ ਦੀਆਂ ਕਾਫ਼ੀਆਂ ਵਿਚ ਕਾਫੀ ਮਿਲਦੇ ਹਨ ਅਤੇ ਉਹ ਵੀ ਬੜੇ ਹੀ ਸਪਸ਼ਟ ਅਤੇ ਆਮ ਜੀਵਨ ਵਿਚੋਂ। ਸੂਫੀ ਕਵੀਆਂ ਨੇ ਆਪਣੀ ਕਵਿਤਾ ਵਿਚ ਜੋ ਅੰਲਕਾਰ ਵਰਤੇ ਉਹ ਫ਼ਾਰਸੀ ਦੇ ਘਿਸੇ ਪਿਟੇ ਅੰਲਕਾਰ ਨਹੀਂ ਸਨ ਸਗੋਂ ਇਕ ਦਮ ਮੌਲਿਕ ਅਤੇ ਲੋਕਾਂ ਦੇ ਨੇੜੇ ਦੇ ਸਨ। ਪੰਜਾਬ ਵਿਚ ਰਹਿੰਦੇ ਸੂਫ਼ੀਆਂ ਨੇ ਪੰਜਾਬੀ ਜੀਵਨ ਨੂੰ ਜ਼ਿਆਦਾ ਅਪਣਾਇਆ। ਜਿੱਥੇ ਚਰਖੇ ਦੀਆਂ ਘੂਕਰਾਂ, ਚੂਰੀਆਂ ਦੇ ਢੰਗ ਤੇ ਕਾਹਨ ਦੀ ਬੰਸਰੀ ਕਵਿਤਾ ਵਿਚ ਦਾਖਿਲ ਹੋਈਆਂ ਉੱਥੇ ਹੀਰ ਰਾਂਝਾ ਤੇ ਸੋਹਣੀ ਮਹੀਂਵਾਲ ਵੀ ਪਰਮਾਰਥ ਦੀਆਂ ਰਮਜ਼ਾਂ ਸਮਝਾਉਣ ਲਈ ਵਰਤੇ ਜਾਣ ਲੱਗੇ। ਭਾਵੇਂ ਬੁਲ੍ਹੇਸ਼ਾਹ ਤੋਂ ਪਹਿਲਾਂ ਸ਼ਾਹ ਹੁਸੈਨ ਇਹ ਅੰਲਕਾਰ ਵਰਤ ਚੁੱਕਾ ਸੀ ਪਰ ਫਿਰ ਵੀ ਬੁਲ੍ਹੇਸ਼ਾਹ ਦੀ ਆਪਣੀ ਹੀ ਮੌਲਿਕਤਾ ਹੈ। ਉਹਦੀਆਂ ਕਾਫ਼ੀਆਂ ਅੰਲਕਾਰਾਂ ਨਾਲ ਲੱਦੀਆਂ ਹੋਈਆਂ ਹਨ, ਕਈ ਤਾਂ ਪੂਰੀਆਂ ਦੀਆਂ ਪੂਰੀਆਂ ਕਾਫ਼ੀਆਂ ਹੀ ਚਿੰਨ੍ਹਾਤਮਕ ਹਨ। ਉਹ ਸਹੁਰਾ, ਸਾਗ, ਦਾਜ, ਚਰਖਾ, ਤੰਦ, ਜੰਞ, ਸਹੇਲੀਆਂ, ਪੂਣੀਆਂ, ਗੋਹੜੇ, ਅੱਟੀ, ਤਾਣਾ, ਪੇਟਾ ਮੁਕਲਾਵਾ ਆਦਿ ਨੂੰ



Sri Satguru Jagjit Singh Ji Elibrary NamdhariElibrary@gmail.com

ਅਲੰਕਾਰ ਦੇ ਤੌਰ ਤੇ ਵਰਤਦਾ ਹੈ।

ਬੁਲੇਸ਼ਾਹ ਨੇ ਆਪਣੀਆਂ ਕਾਫੀਆਂ ਵਿਚ ਥਾਂ ਥਾਂ ਕੱਤਣ-ਤੁੰਮਣ ਦੀਆਂ ਝਾਕੀਆਂ ਨੂੰ ਬੜਾ ਸੋਹਣਾ ਪੇਸ਼ ਕੀਤਾ ਹੈ। ਚਰਖੇ ਦੇ ਅਲੰਕਾਰ ਰਾਹੀਂ ਦਸਿਆ ਹੈ ਕਿ ਦੁਨੀਆਂ ਦਾ ਜੀਵਨ ਚਰਖੇ ਦੇ ਸਮਾਨ ਹੈ ਤੇ ਬੁਲ੍ਹਾ ਦੁਨਿਆਵੀ ਖੇਡਾਂ ਵਿਚ ਮਸਤ ਬੰਦੇ ਨੂੰ ਚਿਤਾਵਨੀ ਦਿੰਦਾ ਹੈ:—

ਤੂੰ ਸੁਤਿਆਂ ਉਮਰ ਵੰਜਾਈ ਹੈ।
ਤੇਰੇ ਸਾਹਿਤ ਨੇੜੇ ਆਈ ਹੈ।
ਤੂੰ ਚਰਖੇ ਤੰਦ ਨਾ ਪਾਈ ਹੈ।
ਕੀ ਕਰਸੇਂ ਦਾਜ ਤਿਆਰ ਨਹੀਂ।
ਉਠ ਜਾਗ ਘੁਰਾੜੇ ਮਾਰ ਨਹੀਂ।

ਇਓਂ ਹੀ ਚੰਗੇ ਕਰਮਾਂ ਨੂੰ 'ਮੁੱਢਾ' ਅਤੇ ਅਮਲਾਂ ਦੇ ਦਾਜ ਨੂੰ ਕੱਤਿਆ ਸੂਤਰ ਆਖਦਾ ਹੈ। ਜੀਵ ਰੂਪੀ ਇਸਤਰੀ ਮੌਤ ਰੂਪੀ ਲਾੜੇ ਨੂੰ ਵਰ ਲਿਆਉਣ ਲਈ ਤਿਆਰ ਹੈ ਪਰ ਚੰਗੇ ਅਮਲਾਂ ਬਿਨਾਂ ਸਭ ਅਸੰਭਵ ਹੈ। ਤਦੇ ਬੁਲ੍ਹਾ ਚਿਤਾਵਨੀ ਦਿੰਦਾ ਹੈ:—

ਕੱਤ ਕੁੜੇ ਨਾ ਵੱਤ ਕੁੜੇ,
ਛੱਲੀ ਲਾਹ ਭਰੋਟੇ ਘੱਤ ਕੁੜੇ।
ਜਾਂ
ਬਾਬਲ ਮੈਨੂੰ ਦਾਜ ਜੁ ਦਿੱਤਾ,
ਇਕ ਚੋਲ਼ੀ ਇਕ ਚੁੰਨੀ
ਦਾਜ ਤਿਨ੍ਹਾਂ ਦਾ ਦੇਖ ਕੇ
ਮੈਂ ਹੰਝੂ ਭਰ ਭਰ ਰੁੰਨੀ।

ਤੇ ਅਖੀਰ ਜਦ ਧਰਮਰਾਜ ਦੇ 'ਖੇੜੇ' ਜ਼ਬਰੀ 'ਡੋਲ਼ੀ' ਪਾ ਕੇ ਲੈ ਜਾਂਦੇ ਹਨ ਤਾਂ 'ਜਿੰਦ ਵਹੁਟੀ' ਦਾ ਕੋਈ ਜ਼ੋਰ ਨਹੀਂ ਚੱਲਦਾ। ਇਉਂ ਹੀ ਵੇਖੋ:—

ਬੁਲੇਸ਼ਾਹ ਦਾ ਇਸ਼ਕ ਬਘੇਲਾ,
ਰੱਤ ਪੀਂਦਾ ਗੋਸ਼ਤ ਚਰਦਾ।

ਇਸ਼ਕ ਬਘੇਲਾ ਕਹਿਣਾ ਬੜਾ ਹੀ ਮੌਲਿਕ ਅਲੰਕਾਰ ਹੈ। ਇਸੇ ਤਰ੍ਹਾਂ ਹੀ ਬੁੱਲੇਸ਼ਾਹ ਦਾ ਚੋਰ ਉਸਦੇ ਘਰ ਵਿਚ ਨਹੀਂ ਸਗੋਂ ਉਸਦੀ ਬੁੱਕਲ ਵਿਚ ਹੀ ਆ ਵੜਿਆ ਹੈ ਤੇ ਬੁਲ੍ਹਾ ਰੱਬ ਨੂੰ ਚੋਰ-ਚੋਰ ਕਹਿ ਕੂਕ ਉੱਠਦਾ ਹੈ:—

ਮੇਰੀ ਬੁੱਕਲ ਦੇ ਵਿੱਚ ਚੋਰ,
ਕਿਤੇ ਰਾਮਦਾਸ ਕਿਤੇ ਫਤੇਹਿ ਮੁਹੰਮਦ,
ਇਹੋ ਕਦੀਮੀ ਸ਼ੋਰ।

ਤੇ ਫਿਰ ਜਦ ਉਸਦਾ ਪ੍ਰਮਾਤਮਾਂ ਨਾਲ ਮਿਲਾਪ ਹੋ ਜਾਂਦਾ ਹੈ ਤੇ 'ਰਾਂਝਾ ਰਾਂਝਾ ਕਰਦੀ ਹੀਰ ਆਪ ਹੀ ਰਾਂਝਾ ਰੂਪ ਹੋ ਗਈ' ਤਾਂ ਉਹਨੂੰ ਘੜਿਆਲ ਦੀ ਆਵਾਜ਼ ਵੀ ਬੁਰੀ ਲਗਦੀ ਹੈ। ਉਹ ਘੜਿਆਲ ਨੂੰ ਸਮੇਂ ਦਾ ਪ੍ਰਤੀਕ ਮੰਨ ਕਹਿੰਦਾ ਹੈ:—

ਘੜੀ ਘੜੀ ਘੜਿਆਲ ਵਜਾਵੇ,
ਰਾਤ ਵਸਲ ਦੀ ਪਿਆ ਘਟਾਵੇ,
ਘੜਿਆਲੀ ਦਿਓ ਨਿਕਾਲ।

ਰੱਬ ਨਾਲ ਅਭੇਦਤਾ ਨੂੰ ਬੁਲ੍ਹਾ ਇਓਂ ਪ੍ਰਗਟ ਕਰਦਾ ਹੈ:—

ਰਾਂਝਣ ਮੇਰਾ, ਮੈਂ ਰਾਂਝਣ ਦੀ,
ਖੇੜਿਆਂ ਦੀ ਕੀ ਮਜਾਲ।
ਸਦੋ ਨੀ ਮੈਨੂੰ ਧੀਦੋ ਰਾਂਝਾ,
ਹੀਰ ਨਾ ਆਖੋ ਕੋਈ।

ਪ੍ਰਮਾਤਮਾ ਦੀ ਸਰਬ-ਵਿਆਪਕਤਾ ਨੂੰ ਉਹ ਕਿੱਡੀ ਸੋਹਣੀ ਤਰ੍ਹਾਂ ਚਿਤਾਰਦਾ ਹੈ:—

ਬੁਲ੍ਹਾ ਸ਼ਾਹ ਸ਼ਹੁ ਘਟਿ ਘਟਿ ਰਵਿਆ,
ਜਿਉਂ ਆਟੇ ਵਿਚ ਲੂਣ।

ਆਟੇ ਵਿਚ ਸਮਾਏ ਲੂਣ ਦੀ ਤਰ੍ਹਾਂ ਪ੍ਰਮਾਤਮਾ ਦੀ ਹੋਂਦ ਸਰਬ ਵਿਆਪੀ ਹੈ ਪਰ ਇਹ ਦੁਨੀਆ ਨਿਰਾ ਤਿਲਕਣਾ ਵਿਹੜਾ ਹੈ। ਜਿਵੇਂ ਬੁਲ੍ਹਾ ਕਹਿੰਦਾ ਹੈ:—

ਇਥੇ ਦੁਨੀਆਂ ਵਿਚ ਹਨੇਰਾ ਹੈ,
ਅਤੇ ਤਿਲਕਣ ਬਾਜ਼ੀ ਵਿਹੜਾ ਹੈ।

ਦੁਨੀਆਂ ਦੇ ਆਵਾਗੌਣ ਚੱਕਰ ਨੂੰ ਬੁਲੇਸ਼ਾਹ



Sri Satguru Jagjit Singh Ji Elibrary NamdhariElibrary@gmail.com

ਖੂਹ ਤੇ ਪਾਣੀ ਭਰਨ ਆਈਆਂ ਮੁਟਿਆਰਾਂ ਨਾਲ ਤੁਲਣਾਉਂਦਾ ਹੈ :—

ਪਾਣੀ ਭਰ ਭਰ ਆਈਆਂ,
ਸੱਭੇ ਆਪੋ ਆਪਣੀ ਵਾਰ,
ਇਕ ਭਰਨ ਆਈਆਂ ਇਕ ਭਰਨ ਚਲੀਆਂ
ਇਹ ਖੜੀਆਂ ਬਾਂਹ ਪਸਾਰ।

ਸੋ ਇਓਂ ਅਸੀਂ ਦੇਖਦੇ ਹਾਂ ਕਿ ਬੁਲ੍ਹੇਸ਼ਾਹ ਨੇ ਬੜੇ ਹੀ ਘਰੋਗੀ ਅਤੇ ਠੇਠ ਅਲੰਕਾਰ ਆਪਣੀਆਂ ਕਾਫ਼ੀਆਂ ਵਿਚ ਵਰਤੇ ਹਨ। ਉਹਦੀ ਕਵਿਤਾ ਦੀ ਹਰ ਸਤਰ ਵਿਚ ਅਲੰਕਾਰ ਤੇ ਰੂਪਕ ਨਗੀਨਿਆਂ ਦੀ ਤਰ੍ਹਾਂ ਜੜੇ ਜਗਮਗਾਉਂਦੇ ਹਨ ਜਿਨ੍ਹਾਂ ਦੀ ਚਮਕ ਸਦੀ ਬੀਤ ਜਾਣ ਤੇ ਵੀ ਘਟੀ ਨਹੀਂ ਸਗੋਂ ਵਧੀ ਹੀ ਹੈ। ਬੁਲ੍ਹੇ ਨੂੰ ਜੀਵਨ ਵਿਚਲੀ ਨਿੱਕੀ ਗੱਲ ਵਿਚੋਂ ਵੀ ਕੋਈ ਡੂੰਘਾ ਰਹੱਸ ਲੱਭ ਪੈਂਦਾ ਸੀ। ਅਤੇ ਜਿਨ੍ਹਾਂ ਨੂੰ ਉਸਨੇ ਆਪਣੀਆਂ ਕਾਫ਼ੀਆਂ ਵਿਚ ਵਰਤ ਕੇ ਪੰਜਾਬੀ ਕਾਵਿ-ਸਾਹਿਤ ਦਾ ਇਕ ਅਨਿੱਖੜਵਾਂ ਅੰਗ ਬਣਾ ਦਿੱਤਾ।

●

# ਭੇਟਾ

ਰਮੇਸ਼ ਮਨੋਹਰਾ

ਆਖਿਰ ਮੈਂ ਫੇਰ ਇੰਟਰਵਿਊ ਦੇਣ ਪੁੱਜਾ। ਚਾਰ ਸਾਲ ਪਹਿਲਾਂ ਮੈਂ ਐਮ. ਏ. ਕੀਤੀ ਸੀ। ਪਰ ਉਸ ਵੇਲੇ ਤੋਂ ਬੇਕਾਰ ਹਾਂ। ਚਪੜਾਸੀ ਦੇ ਬੁਲਾਉਣ ਤੇ ਮੈਂ ਨਿਰਸੰਕੋਚ ਅੰਦਰ ਚਲਾ ਗਿਆ। ਇੰਟਰਵਿਊ ਲੈਣ ਵਾਲੇ ਦੇ ਸਾਹਮਣੇ ਨਿਧੜਕ ਖੜ੍ਹਾ ਗਿਆ। ਕਿਉਂਕਿ ਇੰਜ ਖੜ੍ਹੇ ਰਹਿਣ ਦਾ ਮੈਂ ਆਦੀ ਹੋ ਚੁੱਕਾ ਸਾਂ। ਉਸ ਨੇ ਮੇਰਾ ਨਾਂ, ਪਤਾ ਪੁੱਛਣ ਪਿਛੋਂ ਤੁਰੰਤ ਪੁੱਛਿਆ, "ਜਾਣਦੇ ਹੋ ਤੁਸੀਂ, ਕ੍ਰਿਸ਼ਨ ਸੁਦਾਮਾ ਦੀ ਕਹਾਣੀ ?" ਮੈਂ ਆਖਿਆ, "ਜੀ ਸਰ ! ਕ੍ਰਿਸ਼ਨ ਅਵਤਾਰ ਸਨ। ਸੁਦਾਮਾ ਇਕ ਗਰੀਬ ਬ੍ਰਾਹਮਣ। ਦੋਵੇਂ ਨਿੱਕੇ ਹੁੰਦੇ ਇਕ ਜਮਾਤ ਵਿਚ ਪੜ੍ਹਦੇ ਹਨ। ਅਗੇ ਚਲ ਕੇ ਕ੍ਰਿਸ਼ਨ ਜੀ ਨੇ ਸੁਦਾਮਾ ਦੀ ਸਹਾਇਤਾ ਕੀਤੀ ਸੀ।" ਉਹ ਫਿਰ ਬੋਲਿਆ, "ਕੀ ਤੁਸੀਂ ਇਹ ਵੀ ਜਾਣਦੇ ਹੋ ਕਿ ਸੁਦਾਮੇ ਨੇ ਕ੍ਰਿਸ਼ਨ ਜੀ ਨੂੰ ਕੀ ਭੇਟਾ ਕੀਤਾ ਸੀ ?" ਮੈਂ ਆਖਿਆ, ਸਰ ! ਚਾਵਲ ਜਿਹੜੇ ਉਸ ਦੀ ਪਤਨੀ, ਆਪਣੀ ਗਵਾਂਢਣ ਤੋਂ ਮੰਗ ਕੇ ਲਿਆਈ ਸੀ।" ਉਹ ਫਿਰ ਆਖਣ ਲੱਗਾ, "ਠੀਕ ! ਜੇ ਸੁਦਾਮਾ ਕ੍ਰਿਸ਼ਨ ਜੀ ਨੂੰ ਚਾਵਲ ਭੇਟ ਨਾ ਕਰਦੇ ਤਾਂ ਉਹ ਸੁਦਾਮੇ ਦੀ ਕਦੇ ਵੀ ਸਹਾਇਤਾ ਨਾ ਕਰਦੇ। ਦਸੋ, ਤੁਸੀਂ ਮੈਨੂੰ ਭੇਟਾ ਦੇਣ ਲਈ ਕਿਹੜੇ ਚਾਵਲ ਲਿਆਂਦੇ ਹਨ ?"

ਜਦ ਮੈਂ ਇਸ ਕਟੀਲੇ ਸਵਾਲ ਦਾ ਉੱਤਰ ਨਾ ਦੇ ਸਕਿਆ ਤਾਂ ਉਹ ਆਪਣਾ ਫੈਸਲਾ ਸੁਣਾਉਂਦੇ ਹੋਏ ਬੋਲਿਆ, "ਤੁਸੀਂ ਜਾ ਸਕਦੇ ਹੋ ?"

ਅਤੇ ਮੈਂ ਪਹਿਲਾਂ ਵਾਂਗੂ ਹੀ ਬਾਹਰ ਨਿਕਲ ਆਇਆ।

[ਪੰਜਾਬੀ ਰੂਪ—ਡਾ: ਅਮਰ ਕੋਮਲ]

●



Sri Satguru Jagjit Singh Ji Elibrary NamdhariElibrary@gmail.com

# The Awakening of India—II

## A new type of struggle

**—Sukhdarshan Singh Matharu, Delhi**

Farsightedness of Sri Satguru Ram Singh ji revealed that unless the bad characteristics, (prevailing amongst the Indian people) are eradicated, the Britishers will find easy to crush their unity and sentiments under the treacherous British Rule. So in order to struggle against the rulers, having up-to-date weapons, manpower and cunningness it was very necessary to equip the down-trodden masses with a strong religious faith, descipline and determination for non-cooperation with the Rulers in all aspects of their administration. Had all the Indians responded to the call of Sri Satguru Ram Singh Ji, the British Yoke could have been removed 75 years earlier from the Indian Soil. The same type of struggle i.e., non-cooperation movement (Satayagraha) had to be adopted by the Indian National Congress with the help of Namdharis in order to awaken the Indians & check the impact of European mentality.

The awakened, self-reliant & united Indians could free their motherland from the Imperialists & set an example for other struggling nations abroad.

It was only the grace of His Holiness Sri Satguru Ram Singh Ji that a sect. of Indians under his command called Kukas or Namdharis, had attained so much of spritual enlightenment that 66 of them faced the Ruler's cannon blows so boldly on 18th of Jan. 1872 at Malerkotla that has no comparable incident in the history so far.

In the year 1857, the rulers were also to find many traitors to crush the mutiny and to help the establishment of British Rule with deeper roots on Indian soil, which was made impossible in the year 1947 due to the awakening struggle launched in the year 1872 by the Harbinger Sri Satguru Ram Singh ji called the Kuka movement. The stooges, like Rajas, Maharajas, Nawabs, Jagirdars and Sardars were loyal to the Imperialists but had lost their place amongst the Indian masses due to the awakening efforts and sacrifices made during the Kuka movement. The common man in India had been mentally uplifted by Sri Satguru ji when he realised that it was better to born again and again to struggle for the freedom of mother-land rather than to live a slave life.

The Britishers, in the year 1857 having crushed the mutineers with the help of loyal Punjabis, annexed Punjab under their Direct Rule counting Punjabis most dependable. But within Punjab, in the same year on Baisakhi Day, a spark occurred for National Freedom in the form of 'Kuka movement' with all the new types of weapons like



Sri Satguru Jagjit Singh Ji Elibrary NamdhariElibrary@gmail.com

self-confidence, self-reliance and non-cooperation for the removal of bad elements e.g.

(1) getting rid of bad customs.

(2) use of swadeshi goods.

(3) leading a spiritual, simple life.

(4) loving brotherhood.

(5) weening out anti-social traitors.

(6) realising the necessity of sacrifice for their freedom.

Thus the Rulers were so much perturbed due to the actions of the Kuka movement that all the rules and regulations known to the mankind, those days, were set aside to curb the 'Kuka movement'.

(1) Kukas were hanged/blown away with guns without proper judicial proceedings.

(2) Sri Satguru Ram Singh ji and many other Kukas were deported away to unknown places and tortured.

(3) The priesthood and loyal classes were inspired to oppose the Namdharis and other freedom fighters.

(4) Creating hatred among Hindus and Muslims for disturbing the unity.

(5) All records and religious books were tampered to claim their Rules in India for ever.

(6) Spreading christianity among the poor Indians for changing Indian mentality to have loyal people in support of British Rule in India.

Namdharis are very much alive even today after facing boldly all sorts of tortures/attacks of the British Rulers. The history reveals about unique type of struggle and the sacrifices made by the Kukas during their movement under the command of Sri Satguru Ram Singh ji, Sri Satguru Hari Singh ji, Sri Satguru Pratap Singh ji and now under the command of Satguru Jagjit Singh ji for the maintenance of Freedom in India.

All credit goes to the grace of His Holiness Satguru Ram Singh ji, who was the pioneer to enlighten the Indians for their self-realisation and the values of simplicity, unity and spiritual adherence.

Even today, a Namdhari, is a symbol and a platform where all the mankind in this world gets inspired to lead a happy and prosperous life fully devoted to their National cause.

★



Sri Satguru Jagjit Singh Ji Elibrary NamdhariElibrary@gmail.com

# *Teaching of Satguru Partap Singh Ji*

## In the words of Master Nihal Singh

*[ These teachings were conveyed to All India Newspapers Editors Conference held in The Indian International Hall, 40-Lodhi Estate, N. Delhi, on 21-2-81. ]*

*—Editor.*

I feel privileged amidst the man of letters and dignity who have assembled here to discuss how the ills of the society can be remedied. In my humble opinion Indianism and imparting of true education can undo all not. Press can render valuable services to the ailing generation. With your pen which is mightier than sword can force even the Government to do justice to the common man. It is a pity in the dazzing light of Science and vast knowledge there is pitch dark inside the souls but your pen can create wonders.

Passing through the present circumstances one is shocked, what is state of such ill ? Whether at home or abroad, there is a general slaughter of morals. Man, the crown of creation, does not feel low of his conduct. Who is to be blamed ? I think it is India, the land of Rishis and sages on which the responsibility for this all degradation falls. It is so because the press and the pen have totally failed to spread the light. Our Dailies, Weeklies and Monthlies are heedless to the happenings around,

Bharat has lost her rich heritage and is bankrupt of her culture. No pride is felt on those treasurers of ethics of ancient times. It was a glorious time. What a fine literature was ours. The society was contented and care-free. But now the splendour is fast disappearing. I think it is so, as the Lord Macauley is procuring and becoming the master of minds. The path shown by the sages is lost in the wilderness. There is another sad fact that our sources of inspiration is diverted. It was Bharat to guide and teach. It was the light-house for the world. But at present it is very painful to note that the new generation is blindly plunging into deep, dirty and dark ditch, and calling the West to pull them out. What a mental slavery ?



Sri Satguru Jagjit Singh Ji Elibrary NamdhariElibrary@gmail.com

Eagerness to learn from Shakespeare, Tennyson, Shalley or Milton is growing popular, while little love for Kalidas, Vyas, Tulsidas and Bhai Gurdas is manifested. Our rich lore of the Vedas, Upanishads and the Holy Granth is lying in negligence. It does not mean that we are enemies of those western scholars at all. We pay due regards to them. They did awaken the conscience in slumber Science is the most useful knowledge for humanity, but its usefulness can be enjoyed only if there is softness in the corner of the heart. Once Vinoba Bhave warned the elders that science plus religion is peace and prosperity, while science minus religion is nothing more than total destruction. It is only the enlightened who can make the best use of this gift.

No doubt, techniques and mechanism are yo be gained from the West, but it should not be at the cost of Indianism. If this goes on so, Bharat will kiss the dust and world abroad mook at. Bharat kept alive under aggressive invasion and tyrany of the Mughals, the Turks, the Huns and underwent mountains of hardships, but did not yield. Her moral courage made swim across the ocean of sufferings. In free India the youth is cowardly turning back towards the Godmen, like Rama, Krishna, Guru Nanak, Guru Gobindi and Guru Ram Singh. Even Gandhij whose man-sized portraits are tastefully decorating the walls of Parliament and other public places. But the path shown by them is badly rejected. Big statues of Shivaji and Rana Pratap are erected, but their pious ideals are seen nowhre practised. Today Bharat is marching fast towards sandy deserts. O' Wise ! Save ! Save ! Save !

During the British regime we fought against drinking. Lioivor shops were boycotted. So a multatc young men and women bore the pangs of imprisonment. Thousands breathed their last in the dark cells. But today wine shops with attractive sign-boards, are found in every nook and corner of the towns near educational institutions, bus-stops and near hospitals. Messrs I request you to raise world-wide voice against them. them. Many die of adulterated alchoholic drinks. Instead of discouraging this voice practice compensation for such moral-less deaths is suggested. It is the press to condemn.

Encouraging the poultries, piggeries and fisheries is contrary to our heritage. Rather these would disturb our minds and make us behave unfriendly with each other. There is plenty of vegetables, milk products, etc., for our meals. Ending the lives of the animals and birds in any manner is a direct crulety, it is beyond our right and which is deadly against the natural justice.

The road accidents, broad-daylight robbery, murder and general rapes, should be the common topics to reprove. Some Weeklies give publicity to films



Sri Satguru Jagjit Singh Ji Elibrary NamdhariElibrary@gmail.com

once a week. It is not proper for them. At the same time, these dailies bring forth some incidents of morality, This is commendable. But the film editions are much more fascinating. This industry can be helpful in agriculture production, improving the health. Discouraging of blue films must be on the increase. That is huge waste of health, wealth and morals.

Governments make lawe about abortion. Such laws must be sharply criticised. It is the duty of the Press to raise a voice against the enactment of such unhealthy laws. Bad journalism faulters on such occasions. There is sky rending cries about black money. It is a pity that Lords of Black Money have commanding influence in every walk of life. Such persons should be exposed,

There is dire need of family planning, But the techniques are borrowed from the West. Why does not India encourage Brahmacharya. Adoption of such saintly steps can set things right and can lessen the burden on National exchequer. Millions of dollars can be saved by taking the advantage of this device.

Worthy Journalists ! Come forward to remove the big blots on the Society and inject the sound quality. Make a little sacrifice of money. This will help you earning much more. Your precious writings may change the whole image. Mr. R.W. Emerson has rightly said :

Not gold but men can make
A people great and strong
Man who for truth and honour sake
Stand fast and suffer long.

The Government on one hand advised and persuade the people to have fish or eggs in meals and on the other hand loops or undergo operation for sterilisation. What a strange logic ? It is merely adding fuel to the fire. It is all unhealthy, unnatural and unwise. Why does not India encourage Brahmcharya.

In the end, I would request the elders, the young and the well-wishers of humanity to follow the path of those who suffered for their convictions and discarded earthly pleasures. This, I am sure, will lead us to a peaceful life and overlasting glory here and hereafter.

*



Sri Satguru Jagjit Singh Ji Elibrary NamdhariElibrary@gmail.com

# ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਿੱਖ ਦੀ ਕਰਾਮਾਤ

ਡਾ: ਦਰਸ਼ਨ ਸਿੰਘ
ਰਾਇਕੋਟ

ਕੋਈ ਦੋ ਸਾਲ ਪਹਿਲਾਂ ਮੈਂ ਬੜੌਦੇ ਸ਼ਹਿਰ ਵਿਚ ਸਰਵਿਸ ਕਰਦਾ ਸਾਂ। ਬੱਚਿਆਂ ਸਮੇਤ ਰਾਮ ਬਾਗ ਮਕਰਪੁਰ ਕਲੋਨੀ ਵਿਚ ਰਹਿੰਦਾ ਸਾਂ। ਮੇਰੇ ਗੁਆਂਢ ਬੀਬੀ ਪ੍ਰੀਤਮ ਕੌਰ ਜੀ ਰਹਿੰਦੇ ਸਨ। ਉਹਨਾਂ ਦੇ ਪਿਤਾ ਜੀ ਉਨ੍ਹਾਂ ਨੂੰ ਮਿਲਣ ਲਈ ਉਥੇ ਆਏ ਬਜ਼ੁਰਗਾਂ ਦਾ ਸੁਭਾਅ ਬੜਾ ਮਿਲਾਪੜਾ ਸੀ ਅਤੇ ਬੀਬੀ ਪ੍ਰੀਤਮ ਕੌਰ ਨਾਲ ਅਸੀਂ ਰਲ ਮਿਲ ਕੇ ਰਹਿੰਦੇ ਸਾਂ। ਇਹਨਾਂ ਦੇ ਪਿਆਰ ਤੇ ਸਤਿਕਾਰ ਨਾਤੇ ਪਿਤਾ ਜੀ ਨੂੰ ਘਰ ਜਲ ਪਾਣੀ ਤੇ ਬੁਲਾਇਆ। ਜਦੋਂ ਘਰ ਆਏ ਤਾਂ ਘਰ ਵਿਚ ਲਗੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਸਵੀਰ ਨੂੰ ਦੇਖ ਕੇ ਕਹਿਣ ਲਗੇ, "ਕੀ ਇਹ ਬਾਬਾ ਜਗਜੀਤ ਸਿੰਘ ਜੀ ਦੀ ਤਸਵੀਰ ਹੈ ?"

ਮੈਂ ਜੁਆਬ ਦਿਤਾ "ਜੀ ਹਾਂ। ਹੁਣ ਇਹ ਗੱਦੀ ਤੇ ਬਿਰਾਜਮਾਨ ਹਨ ਤੇ ਸਾਡੇ ਸਤਿਗੁਰੂ ਹਨ।"

ਪਿਤਾ ਜੀ ਕਹਿਣ ਲਗੇ ਇਹਨਾਂ ਦੇ ਦਰਸ਼ਨ ਮੈਂ ਪਾਕਿਸਤਾਨ ਵਿਚ ਕੀਤੇ ਸਨ ਤੇ ਇਹ ਛੋਟੀ ਉਮਰ ਦੇ ਸਨ। ਤੇ ਫਿਰ ਕਹਿਣ ਲਗੇ ਕਿ ਤੁਸੀਂ ਸੰਤ ਤੇਜਾ ਸਿੰਘ ਨਾਮਧਾਰੀ ਡਿਪਟੀ ਇੰਨਸਪੈਕਟਰ ਨੂੰ ਜਾਣਦੇ ਹੋ ?

ਮੈਂ ਜੁਆਬ ਦਿਤਾ "ਜੀ ਨਹੀਂ।"

ਉਹਨਾਂ ਨੇ ਫਿਰ ਦਸਣਾ ਸ਼ੁਰੂ ਕੀਤਾ।

ਸੰਤ ਤੇਜਾ ਸਿੰਘ ਜੀ ਦਾ ਪਿੰਡ ਜੈਕਬਾ ਬਾਅਦ ਸਿੰਧ ਸੀ। ਉਹ ਨਾਮਧਾਰੀ ਪੰਥ ਦੇ ਚੰਗੇ ਪ੍ਰਚਾਰਕ ਹੀ ਨਹੀਂ ਸਨ ਸਗੋਂ ਅਪਣੇ ਪ੍ਰਚਾਰ ਤੋਂ ਪਹਿਲਾਂ ਹਰ ਇਕ ਅੰਸ਼ ਨੂੰ ਅਪਣੀ ਜ਼ਿੰਦਗੀ ਵਿਚ ਅਮਲੀ ਰੂਪ ਦੇਂਦੇ ਸਨ। ਮੈਂ ਉਨ੍ਹਾਂ ਨਾਲ ਬਹੁਤ ਦੀਵਾਨ ਲਾਏ ਹਨ ਸਾਨੂੰ ਹਮੇਸ਼ਾਂ ਸ਼ਰਧਾਈ ਨਾਲ ਰਜ਼ਾ ਕੇ ਕਿਹਾ ਕਰਦੇ ਸਨ ਕਿ ਭਾਈ ਇਹ ਦੇ ਵਿਚ ਨਸ਼ਾ ਬਾਕੀ ਨਸ਼ਿਆਂ ਨਾਲੋਂ ਜ਼ਿਆਦਾ ਹੈ। ਤੇ ਘਰ ਵਿਚ ਹਰ ਰੋਜ ਦੀਵਾਨ ਦਾ ਪ੍ਰੋਗਰਾਮ ਬਣਿਆ ਰਹਿੰਦਾ ਸੀ। ਜੋ ਕੁਝ ਵੀ ਉਹ ਪ੍ਰਚਾਰ ਕਰਦੇ ਜਾ ਕਹਿੰਦੇ ਉਸੇ ਤਰ੍ਹਾਂ ਅਪਣਾ ਜੀਵਨ ਬਤੀਤ ਕਰਦੇ ਸਤਿਗੁਰੂ ਦੇ ਹੁਕਮਾਂ ਨੂੰ ਮੰਨਣ ਵਾਸਤੇ ਕਹਿੰਦੇ।

ਉਨ੍ਹਾਂ ਦੇ ਅਪਣੇ ਦੋ ਵਿਆਹ ਸਨ। ਕਾਰਨ ਇਹ ਕਿ ਪਹਿਲੇ ਵਿਆਹ ਵਿਚੋਂ ਕੋਈ ਬੱਚਾ ਨਹੀਂ ਸੀ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਦੂਜਾ ਵਿਆਹ ਹੋਇਆ ਅਤੇ ਉਸ ਘਰ ਲੜਕਾ ਹੋਇਆ ਜੋ ਬਹੁਤ ਹੀ ਸੋਹਣਾ ਸੁਨਖਾ ਸੀ ਅਤੇ ਜੋ 16, 17 ਸਾਲ ਦੀ ਉਮਰ ਵਿਚ ਪੂਰਾ ਜਵਾਨ ਲਗਦਾ ਸੀ। ਜਿਵੇਂ 22, 23 ਸਾਲ ਦਾ ਹੋਵੇ। ਉਸ ਦਾ ਨਾਮ ਅਜੀਤ ਸਿੰਘ ਸੀ।

ਇਕ ਦਿਨ ਅਚਾਨਕ ਉਸ ਨੂੰ ਬੁਖਾਰ ਹੋ ਗਿਆ ਸੰਤ ਤੇਜਾ ਸਿੰਘ ਨੂੰ ਟੈਲੀਫੂਨ ਕਰ ਕੇ ਸਦਿਆ ਗਿਆ ਸੰਤ ਜੀ ਆਏ ਤੇ ਚੁਪ ਕਰ ਗਏ ਕੁਝ ਦਵਾਈ



Sri Satguru Jagjit Singh Ji Elibrary NamdhariElibrary@gmail.com

ਬੂਟੀ ਘਰ ਦਿਆ ਨੇ ਕੀਤੀ ਡਾਕਟਰ ਆਇਆ ਤੇ ਚਲਾ ਗਿਆ। ਸੰਤਾ ਨੇ ਸਾਨੂੰ ਸਾਰਿਆ ਨੂੰ ਇਕੱਠਾ ਕੀਤਾ ਤੇ ਦੀਵਾਨ ਲਗਾਇਆ ਸਾਰੇ ਦੀਵਾਨ ਵਿਚ ਵੈਰਾਗ ਦੇ ਹੀ ਸ਼ਬਦ ਪੜੇ। ਜਦੋਂ ਦੀਵਾਨ ਲਗਾ ਹਟੇ ਤਾਂ ਅਸੀਂ ਸੰਤਾ ਨੂੰ ਪੁਛਿਆ ਅਜ ਸਾਰੇ ਸ਼ਬਦ ਵੈਰਾਗ ਦੇ ਕਿਉਂ ਪੜੇ ਹਨ ਉਨ੍ਹਾਂ ਕਿਹਾ ਅਜ ਏਦਾ ਦਾ ਹੀ ਹੁਕਮ ਸੀ।

ਉਨ੍ਹਾਂ ਅਪਣੀਆਂ ਦੋਹਾਂ ਪਤਨੀਆਂ ਨੂੰ ਅਲੱਗ ਹੋ ਕੇ ਕਹਿ ਦਿਤਾ ਕਿ 'ਅੱਜ ਰਾਤ ਨੂੰ ਕਾਕੇ ਨੇ ਸਰੀਰ ਛੱਡ ਦੇਣਾ ਹੈ ਤੁਸੀਂ ਬਿਲਕੁਲ ਨਹੀਂ ਰੋਣਾ। ਇਹ ਸਤਿਗੁਰੂ ਨੇ ਸਾਨੂੰ ਦਿਤਾ ਸੀ ਉਸ ਨੇ ਵਾਪਸ ਲੈ ਲੈਣਾ ਹੈ। ਜਿਵੇਂ ਚੀਜ਼ ਲੈਣ ਵੇਲੇ ਖੁਸ਼ ਹੁੰਦੇ ਹਾਂ ਉਸ ਨੂੰ ਵਾਪਸ ਦੇਣ ਵੇਲੇ ਵੀ ਖੁਸ਼ ਰਹਿਣਾ ਚਾਹੀਦਾ ਹੈ। ਮੈਂ ਆਮ ਦੀਵਾਨਾ ਵਿਚ ਅਜਿਹਾ ਪ੍ਰਚਾਰ ਕਰਦਾ ਰਹਿੰਦਾ ਹਾਂ। ਦੇਖਣਾ ਤੁਸੀਂ ਰੋਣਾ ਨਹੀਂ ਕਿਤੇ ਮੈਨੂੰ ਸਤਿਗੁਰੂ ਅਗੇ ਸਰਮਿੰਦਾ ਹੋਣਾ ਪਵੇ। ਜੇ ਅਜਿਹੀ ਗਲਤੀ ਕੀਤੀ ਮੈਨੂੰ ਘਰ ਬਾਰ ਛੱਡਣਾ ਪਵੇਗਾ।'

ਦੂਜੀ ਗੱਲ ਸੰਤ ਜੀ ਨੇ ਇਹ ਕਹੀ ਜੇ 'ਉਸ ਵਕਤ ਮੈਂ ਨਿਤਨੇਮ ਕਰਦਾ ਹੋਇਆ ਤਾਂ ਮੈਨੂੰ ਬੁਲਾਣਾ ਨਹੀਂ ਮੈਂ ਅਪਣੇ ਆਪ ਬਾਹਰ ਆਵਾਂਗਾ।

ਭਾਣਾ ਉਹੀ ਵਰਤਿਆ ਜੋ ਸਤਿਗੁਰੂ ਨੂੰ ਮਨਜ਼ੂਰ ਸੀ। ਕੋਈ 2, 3 ਵਜੇ ਸਵੇਰ ਦੇ ਕਰੀਬ ਕਾਕਾ ਜੀ ਸਰੀਰ ਛੱਡ ਗਏ ਪਰ ਦੋਵੇਂ ਬੀਬੀਆਂ (ਸੰਤਾ ਦੀਆ ਸਿੰਘਣੀਆਂ) ਚੁਪ ਚਾਪ ਸਾਹਮਣੇ ਬੈਠੀਆਂ ਰਹੀਆਂ. ਅੱਖਾਂ ਵਿਚ ਇਕ ਅਥਰੂ ਵੀ ਨਹੀਂ ਵਗਾਇਆ। ਬਾਕੀ ਸਭ ਆਦਮੀਆਂ ਜ਼ਨਾਨੀਆਂ ਅੱਖਾਂ ਵਿਚ ਪਾਣੀ ਸੀ ਪਰ ਉਨ੍ਹਾਂ ਨੇ ਸਬਰ ਦੀ ਘੁਟ ਭਰੀ ਰਖੀ ਤੇ ਸਤਿਗੁਰੂ ਦੀ ਮੇਹਰ ਦੇ ਸਦਕੇ ਚੁਪ ਚਾਪ ਭਾਣਾ ਮੰਨੀ ਗਈਆਂ।

ਸਵੇਰੇ 4 ਵਜੇ ਦੇ ਕਰੀਬ ਸੰਤ ਜੀ ਅਪਣੇ ਨਿਤਨੇਮ ਤੋਂ ਉੱਠ ਕੇ ਬਾਹਰ ਆਏ। ਆਉਂਦੇ ਹੀ ਅਜੀਤ ਸਿੰਘ ਦੇ ਮੂੰਹ ਤੋਂ ਕਪੜਾ ਲਾਹਿਆ ਤੇ ਕਿਹਾ 'ਅਜੀਤ ਸਿੰਘ ਸੋ ਗਿਐਂ' ਤੇ ਅਜੀਤ ਸਿੰਘ ਉਸੇ ਵਕਤ ਬੋਲ ਪਿਆ, ਜੀ ਹਾਂ, ਅਤੇ ਅਸੀਂ ਸਭ ਹੈਰਾਨ ਹੋ ਗਏ। ਫਿਰ ਸੰਤ ਜੀ ਨੇ ਪੁਛਿਆ "ਹੁਣ ਫਿਰ? ਅਜੀਤ ਸਿੰਘ ਨੇ ਕਿਹਾ "ਮੈਂ ਕੁੜੀ ਬਣ ਕੇ ਤੁਹਾਡੇ ਘਰ ਜਨਮ ਲਵਾਂਗਾ ਤੇ ਮੇਰਾ ਨਾਮ ਅਜੀਤ ਹੀ ਰਖਣਾ।" ਸੰਤ ਜੀ ਨੇ ਨਿਸ਼ਾਨੀ ਪੁਛੀ ਤਾਂ ਉਸ ਕਿਹਾ "ਮੇਰੇ ਕੰਨ ਪਿਛੇ ਕਾਲਾ ਤਿਲ ਹੋਵੇਗਾ" ਇਹ ਕਹਿ ਕੇ ਅਜੀਤ ਸਿੰਘ ਪ੍ਰਲੋਕ ਸਿਧਾਰ ਗਿਆ।

ਉਸ ਤੋਂ ਦੋ ਸਾਲ ਬਾਦ ਸੰਤਾਂ ਦੇ ਗ੍ਰਹਿ ਵਿਖੇ ਇਕ ਲੜਕੀ ਨੇ ਜਨਮ ਲਿਆ ਜਿਸ ਦੇ ਕੰਨ ਪਿਛੇ ਕਾਲਾ ਤਿਲ ਸੀ ਜਿਸ ਦਾ ਨਾਉਂ ਵੀ ਅਜੀਤ ਰਖਿਆ ਗਿਆ। ਸੰਤ ਜੀ 1947 ਤੋਂ ਬਾਦ ਭੈਣੀ ਸਾਹਿਬ ਚਲੇ ਗਏ।

ਇਹ ਸੱਚ ਹੈ ਸੰਤ ਤੇਜਾ ਸਿੰਘ ਜੀ ਨੇ ਜੋ ਅਪਣੀ ਜ਼ਿੰਦਗੀ ਵਿਚ ਪ੍ਰਚਾਰਿਆ ਤੇ ਉਹੋ ਅਮਲੀ ਰੂਪ ਵਿਚ ਵੀ ਕਰ ਵਿਖਾਇਆ। ਉਨ੍ਹਾਂ ਪ੍ਰਚਾਰਕਾ ਦਾ ਪ੍ਰਭਾਵ ਹੀ ਸੰਗਤ ਤੇ ਪੈਂਦਾ ਹੈ ਜਿਨ੍ਹਾਂ ਦਾ ਅਪਣਾ ਜੀਵਨ ਸਤਿਗੁਰੂ ਦੇ ਹੁਕਮਾਂ ਵਿਚ ਅਮਲੀ ਰੂਪ ਹੋਵੇ ਨਹੀਂ ਤੇ ਨਹੀ।



Sri Satguru Jagjit Singh Ji Elibrary NamdhariElibrary@gmail.com

# ਮਹਾਰਾਜਾ ਰਣਜੀਤ ਸਿੰਘ

**ਸ੍ਰੀ ਮਹਾਰਾਜ ਬੀਰ ਸਿੰਘ ਜੀ**
ਸ੍ਰੀ ਭੈਣੀ ਸਾਹਿਬ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਧਰਮ ਸਥਾਪਿਤ ਕਰਨ ਤੋਂ ਹੁਣ ਤਕ ਦੇ ਸਮੇਂ ਵਿਚ ਸੰਮਤ ੧੮੫੬ ਤੋਂ ੯੬ ਤਕ (੪੦ ਸਾਲ) ਦਾ ਸਮਾਂ ਐਸਾ ਹੈ ਜਿਸ ਨੂੰ ਸਿੱਖ ਰਾਜ ਦੇ ਨਾਮ ਨਾਲ ਪੁਕਾਰਿਆ ਜਾ ਸਕਦਾ ਹੈ। ਉਂਞ ਇਸ ਤੋਂ ਪਹਿਲਾਂ ਵੀ ਸੰਮਤ ੧੮੧੫ ਵਿਚ ਸ: ਜੱਸਾ ਸਿੰਘ ਆਹਲੂਵਾਲੀਆ ਨੇ ਲਾਹੌਰ ਤੇ ਕਬਜ਼ਾ ਕਰਕੇ ਸਿੱਖ ਰਾਜ ਦੀ ਨੀਂਹ ਰੱਖ ਦਿੱਤੀ ਸੀ।

ਆਪਣਾ ਸਿੱਕਾ ਵੀ ਚਲਾਇਆ ਸੀ। ਅਭਿਮਾਨ ਤੋਂ ਬਚਣ ਲਈ ਸਿੱਕੇ ਦੀ ਲਿਖਤ ਦੇ ਅੰਤ ਵਿਚ... "ਜੱਸਾ ਕਲਾਲ" ਲਿਖਿਆ। ਭਾਵੇਂ ਇਹ ਨੀਂਹ ਰੱਖੀ ਗਈ ਸੀ ਪਰ ਇਸ ਤੇ ਉਸਾਰੀ ਨਾ ਹੋ ਸਕੀ ਕਿਉਂਕਿ ਅਹਮਦ ਸ਼ਾਹ ਅਬਦਾਲੀ (ਜਿਸ ਨੇ ਸੰਮਤ ੧੮੦੪ ਤੋਂ ੨੪ ਤਕ ਪੰਜਾਬ ਤੇ ੯ ਹਮਲੇ ਕੀਤੇ) ਨੇ ਇਹ ਰਾਜ ਚਲਣ ਨਹੀਂ ਦਿਤਾ। ਬਲਕਿ ਆਪਣੇ ਅਹਲਕਾਰ ਕਲੰਦਰ ਖਾਂ ਦੀ ਮਾਰਫ਼ਤ ਸੰਮਤ ੧੮੧੮ ਵਿਚ ਹਰਿਮੰਦਰ (ਸ੍ਰੀ ਅੰਮ੍ਰਿਤਸਰ) ਢਹਾ ਦਿਤਾ। ਫੇਰ ੧੮੨੧ ਵਿਚ ਸ: ਜੱਸਾ ਸਿੰਘ ਆਹਲੂਵਾਲੀਏ ਨੇ ਹਰਿਮੰਦਰ (ਦਰਬਾਰ ਸਾਹਿਬ) ਦੀ ਨੀਂਹ ਰੱਖੀ ਅਤੇ ਇਮਾਰਤ ਬਣਾਈ ਗਈ।

ਇਸ ਤੋਂ ਬਿਨਾਂ ਸ: ਬਘੇਲ ਸਿੰਘ ਨੇ ੧੮੪੭ ਵਿਚ ਦਿੱਲੀ ਫਤਹਿ ਕਰ ਲਈ ਸੀ (ਇਹ ਸਰਦਾਰ ਬਘੇਲ ਸਿੰਘ ਕਰੋੜੀਆ ਮਿਸਲ ਦਾ ਸਥਾਪਿਤ ਹੋਇਆ ਹੈ) ਪਰ ਸ਼ਾਹ ਆਲਮ (ਬਹਾਦਰ ਸ਼ਾਹ) ਪਾਸੋਂ ੩ ਲੱਖ ਭੇਟਾ ਲੈ ਕੇ ਦਿੱਲੀ ਦੇ ਗੁਰਦਵਾਰੇ ਬਣਵਾ ਕੇ ਸ: ਬਘੇਲ ਸਿੰਘ ਪੰਜਾਬ ਵਾਪਸ ਆ ਗਿਆ।

ਇਨ੍ਹਾਂ ਦਿਨਾਂ ਵਿਚ ਸਿੱਖਾਂ ਨੇ ਬੜੇ ਲੰਬੇ ਸੰਘਰਸ਼ ਅਤੇ ਅਦੁੱਤੀ ਬਲੀਦਾਨ ਤੋਂ ਬਾਅਦ ਮੁਗ਼ਲ ਰਾਜ ਨੂੰ ਬਹੁਤ ਹੱਦ ਤਕ ਪੰਜਾਬ ਵਿਚੋਂ ਖ਼ਤਮ ਕਰ ਦਿਤਾ ਸੀ ਅਤੇ ਸਿੱਖ ਆਪ ਆਪਣੇ ਪਰਗਣੇ ੧੨ ਮਿਸਲਾਂ ਦੇ ਰੂਪ ਵਿਚ ਬਣਾ ਬੈਠੇ ਸਨ। ਇਹਨਾਂ ਮਿਸਲਾਂ ਦੇ ਜੰਗ ਕਈ ਵਾਰ ਆਪਸ ਵਿਚ ਹੋਏ ਅਤੇ ਕਈ ਵੱਡੀਆਂ ਕੀਮਤੀ ਜਾਨਾਂ ਦਾ ਨੁਕਸਾਨ ਵੀ ਹੋਇਆ।

ਰਣਜੀਤ ਸਿੰਘ 'ਸੁਕ੍ਰਚਕੀਆ' ਮਿਸਲ ਦਾ ਪਰਗਣੇਦਾਰ ਸੀ ਪਰ ਇਸ ਨੂੰ ਕੁਦਰਤ ਵਲੋਂ ਹਰ ਮੈਦਾਨ ਫਤਹਿ ਕਰ ਸਕਣ ਦੀ ਬਖਸ਼ਸ਼ ਸੀ। ਸੋ ਇਸ ਨੇ ਸੰਮਤ ੧੮੫੬ ਵਿਚ ਸ: ਚੇਤ ਸਿੰਘ, ਮੋਹਰ ਸਿੰਘ ਅਤੇ ਸਾਹਿਬ ਸਿੰਘ ਤੋਂ ਲਾਹੌਰ ਆਪਣੇ ਕਬਜ਼ੇ ਵਿਚ ਲੈ ਕੇ ਰਾਜਧਾਨੀ ਸਥਾਪਿਤ ਕੀਤੀ ਅਤੇ ੧੮੫੮ ਵਿਚ ਮਹਾਰਾਜਾ ਦੀ ਪਦਵੀ ਧਾਰਨ ਕੀਤੀ। ਇਸਦੇ ਅੰਦਰ ਸਿੱਖੀ ਭਾਵਨਾ ਸੀ ਇਸ ਕਰਕੇ ਇਹ "ਸਿੰਘ ਸਾਹਿਬ" ਅਖਵਾਉਣਾ ਬਹੁਤ ਪਸੰਦ ਕਰਦਾ ਸੀ।

ਮਹਾਰਾਜੇ ਦੇ ਅੰਦਰ ਸਿੱਖੀ ਭਾਵਨਾ ਹੋਣ ਦੀ ਪੁਸ਼ਟੀ ਬਾਬਾ ਪ੍ਰੇਮ ਸਿੰਘ ਜੀ ਹੋਤੀ ਮਰਦਾਨ ਦੇ ਨਿਮਨ ਲਿਖਤ ਸ਼ਬਦਾਂ ਤੋਂ ਹੁੰਦੀ ਹੈ :—



Sri Satguru Jagjit Singh Ji Elibrary NamdhariElibrary@gmail.com

"ਮਹਾਰਾਜਾ ਸਾਹਿਬ ਦੇ ਗੁਰਦਰਸ਼ਨ ਦੀਆਂ ਰੀਝਾਂ ਨਾਲ ਭਰੇ ਹੋਏ ਦਿਲ ਦੀ ਇਹ ਬੜੀ ਹੀ ਤੀਬਰ ਸਿੱਕ ਸੀ ਕਿ ਕਦੀ ਕੋਈ ਐਸਾ ਬ੍ਰਿਧ ਪੁਰਖ ਮਿਲ ਜਾਏ ਜਿਸ ਨੇ ਸ੍ਰੀ ਦਸਮੇਸ਼ ਜੀ ਦੇ ਆਪ ਦਰਸ਼ਨ ਕੀਤੇ ਹੋਣ ਤਦ ਉਸ ਦੇ ਦੀਦਾਰ ਕਰਕੇ ਮਨ ਦੀ ਲੋਚਾ ਪੂਰੀ ਕੀਤੀ ਜਾਏ । ਕਹਿੰਦੇ ਹਨ ਕਿ ਬੜੀ ਲੰਮੀ ਢੂੰਡ-ਭਾਲ ਪਿਛੋਂ ਇਕ ਬ੍ਰਿਧ ਜਿਸ ਦੀ ਉਮਰ ਸੌ ਸਾਲ ਤੋਂ ਕਾਫੀ ਵਧ ਸੀ, ਜਿਸ ਨੇ ਸ੍ਰੀ ਕਲਗੀਧਰ ਜੀ ਦੇ ਆਪ ਸਾਂਗੋਪਾਂਗ ਦਰਸ਼ਨ ਕੀਤੇ ਸਨ, ਮਿਲ ਗਿਆ, ਅਤੇ ਮਹਾਰਾਜਾ ਸਾਹਿਬ ਦੇ ਪਾਸ ਲਿਆਂਦਾ ਗਿਆ । ਸ਼ੇਰੇ ਪੰਜਾਬ ਉਸ ਦੇ ਦਰਸ਼ਨ ਕਰਕੇ ਇੰਨੇ ਗਦ-ਗਦ ਹੋਏ ਕਿ ਜਿਸ ਦੀ ਕੋਈ ਹੱਦ ਨਹੀਂ ਸੀ । ਸ੍ਰੀ ਹਜ਼ੂਰ ਜੀ ਪਿਆਰ ਤੇ ਸਤਿਕਾਰ ਭਰੇ ਹਿਰਦੇ ਨਾਲ ਉਠੇ ਅਤੇ ਭੱਜ ਕੇ ਬੜੇ ਚਾਅ ਨਾਲ ਉਸ ਦੀਆਂ ਅੱਖਾਂ ਨੂੰ ਬੇ-ਗਿਣਤ ਵਾਰੀ ਚੁੰਮਿਆ ਅਤੇ ਮੂੰਹ ਤੋਂ ਕਿਹਾ, "ਗੁਰਮੁਖਾ ! ਤੂੰ ਧੰਨ ਹੈਂ ਜਿਸ ਨੇ ਮੇਰੇ ਦੀਨ ਦੁਨੀ ਦੇ ਵਾਲੀ ਸ਼ਹਿਨ ਸ਼ਾਹ ਜੀ ਦੇ ਇਹਨਾਂ ਪਾਵਨ ਅੱਖਾਂ ਨਾਲ ਦਰਸ਼ਨ ਦੀਦਾਰੇ ਕੀਤੇ ਸਨ । ਕਈ ਵਾਰੀ ਉਹਨਾਂ ਦੇ ਚਰਨਾਂ ਦੀ ਧੂੜ ਲੈ ਲੈ ਕੇ ਆਪਣੇ ਮੱਥੇ ਪਰ ਲਾਈ ਅਤੇ ਉਸ ਦੀਆਂ ਪ੍ਰਕਰਮਾਂ ਕੀਤੀਆਂ, ਉਸ ਨੂੰ ਬਹੁਤ ਸਾਰਾ ਸਮਾਂ ਆਪਣੇ ਪਾਸ ਸ਼ੀਸ਼ ਮਹੱਲ ਵਿਚ ਰਖਿਆ । ਛੇਕੜ ਬਹੁਤ ਸਾਰੀ ਮਾਇਆ ਬਸਤ੍ਰ ਆਦਿ ਦੇ ਕੇ ਹਾਥੀ ਦੀ ਸਵਾਰੀ ਪੁਰ ਵਿਦਾ ਕੀਤਾ ।"

(ਮਹਾਰਾਜਾ ਰਣਜੀਤ ਸਿੰਘ : ਲੇਖਕ — ਬਾਬਾ ਪ੍ਰੇਮ ਸਿੰਘ ਜੀ ਹੋਤੀ ਮਰਦਾਨ, ਗਿਆਰਵੀਂ ਛਾਪ, ਪੰਨਾ ੨੦੪)

ਕੋਈ ਸਿੱਖ ਜਿਸ ਨੇ ਪੂਰਵ ਸਤਿਗੁਰਾਂ ਦੇ ਦਰਸ਼ਨ ਨਾ ਕੀਤੇ ਹੋਣ, ਉਹ ਆਪਣੇ ਵਰਤਮਾਨ ਸਤਿਗੁਰੂ ਤੇ ਬਹੁਤ ਸ਼ਰਧਾ ਰੱਖਦਾ ਹੈ । ਭਾਵੇਂ ਉਹ ਪੂਰਣ ਸਤਿਗੁਰੂ ਨੂੰ ਪੂਰਣ ਸਤਿਕਾਰ ਪੂਰਬਕ ਮੰਨਦਾ ਹੋਵੇ ਪਰ ਜਿੰਨੀ ਸ਼ਰਧਾ ਤੇ ਪਿਆਰ ਉਸ ਦੀ ਆਪਣੇ ਵਰਤਮਾਨ ਸਤਿਗੁਰੂ ਤੇ ਹੁੰਦੀ ਹੈ, ਉਹ ਕੁਦਰਤੀ ਪੂਰਣ ਸਤਿਗੁਰੂ ਨਾਲੋਂ ਵਧ ਹੁੰਦੀ ਹੈ । ਉਪ੍ਰੋਕਤ ਸਤਰਾਂ ਤੋਂ ਇਕ ਇਹ ਤੱਥ ਉਘੜ ਕੇ ਸਾਹਮਣੇ ਆਉਂਦਾ ਹੈ, ਦਸਮੇਸ਼ ਜੀ ਵਲੋਂ ਆਦਿ ਸ੍ਰੀ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਵਾਲੀ ਘਟਨਾ ਮਨ-ਘੜਤ ਅਤੇ ਬਾਅਦ ਦੀ ਕਲਪੀ ਹੋਈ ਹੈ ! ਜੇ ਗੁਰਿਆਈ ਗ੍ਰੰਥ ਸਾਹਿਬ ਨੂੰ ਦਿਤੀ ਹੋਈ ਹੁੰਦੀ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਆਦਿ ਸ੍ਰੀ ਗ੍ਰੰਥ ਸਾਹਿਬ ਨੂੰ ਦਸਮ ਪਾਤਸ਼ਾਹ ਦੇ ਉਤ੍ਰਾਧਿਕਾਰੀ ਮੰਨਦਿਆਂ, ਸ੍ਰੀ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਕੇ ਮਨ ਦੀ ਤ੍ਰਿਪਤੀ ਕਰ ਲੈਣੀ ਸੀ । ਪਰ ਦਸਮੇਸ਼ ਜੀ ਵਲੋਂ ਗ੍ਰੰਥ ਸਾਹਿਬ ਨੂੰ ਗੱਦੀ ਦੇਣ ਵਾਲੀ ਘਟਨਾ ਹੋਈ ਹੀ ਨਹੀਂ ਸੀ ਜਿਸ ਕਰਕੇ ਮਹਾਰਾਜਾ ਰਣਜੀਤ ਸਿੰਘ ਨੂੰ ਗ੍ਰੰਥ ਸਾਹਿਬ ਜੀ ਦੇ ਦਰਸ਼ਨਾਂ ਵਿਚ ਦਸਮੇਸ਼ ਵਾਲੀ ਜੋਤ ਨਾ ਲੱਭੀ ਅਤੇ ਨਾ ਹੀ ਗ੍ਰੰਥ ਸਾਹਿਬ ਜੀ ਦੇ ਦਰਸ਼ਨਾਂ ਲਈ ਖਿੱਚ ਪੈਦਾ ਹੋਈ । ਉਹਨਾਂ ਨੇ ਦਸਮ ਪਾਤਸਾਹ ਜੀ ਦੇ ਦਰਸ਼ਨ ਕੀਤੇ ਹੋਏ ਵਿਅਕਤੀ ਦੀ ਭਾਲ ਕਰਕੇ, ਉਸ ਨੂੰ ਆਪਣੇ ਪਾਸ ਬੁਲਾਇਆ ਅਤੇ ਉਸ ਦੇ ਨੇਤਰ ਚੁੰਮੇ ਕਿ ਇਹਨਾਂ ਨਾਲ ਉਸ ਨੇ ਮੇਰੇ ਪਿਆਰੇ ਸਤਿਗੁਰੂ ਦੇ ਦਰਸ਼ਨ ਕੀਤੇ ਹਨ ।

ਜੇ ਗ੍ਰੰਥ ਸਾਹਿਬ ਨੂੰ ਗੁਰਗੱਦੀ ਦੇਣ ਦੀ ਘਟਨਾ ਵਾਪਰੀ ਹੁੰਦੀ ਤਦ ਉਪ੍ਰੋਕਤ ਬ੍ਰਿਧ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਜ਼ਰੂਰ ਹੀ ਇਹ ਦੱਸ ਦੇਣਾ ਸੀ ਕਿ ਦਸਮ ਪਾਤਸ਼ਾਹ ਜੀ ਦੀ ਗੱਦੀ ਤੇ ਹੁਣ ਗੁਰੂ ਗ੍ਰੰਥ ਸਾਹਿਬ ਜੀ ਬਿਰਾਜਮਾਨ ਹਨ । ਚੂੰਕਿ ਇਹ ਘਟਨਾ ਹੋਈ ਹੀ ਨਹੀਂ ਸੀ । ਸੋ ਉਸ ਬ੍ਰਿਧ ਨੇ ਮਹਾਰਾਜਾ ਨੂੰ ਇਸ ਸੰਬੰਧ ਵਿਚ ਕੋਈ ਸੰਕੇਤ ਨਹੀਂ ਕੀਤਾ ।



Sri Satguru Jagjit Singh Ji Elibrary NamdhariElibrary@gmail.com

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ 'ਆਦਿ' ਅਤੇ 'ਦਸਮ ਗਰੰਥ ਸਾਹਿਬ' ਦੀਆਂ ਬੀੜਾਂ ਦਾ ਅਦਬ ਅਤੇ ਮਾਨਤਾ ਸਿੱਖ ਪੰਥ ਵਿਚ ਬਰਾਬਰ ਸੀ। ਇਹ ਤਦ ਹੀ ਸੀ ਕਿਉਂਕਿ ਆਦਿ ਸ੍ਰੀ ਗਰੰਥ ਸਾਹਿਬ ਨੂੰ ਗੁਰਗਦੀ ਦੇਣ ਵਾਲੀ ਘਟਨਾ ਹੋਈ ਹੀ ਨਹੀਂ ਸੀ ਅਤੇ ਨਾ ਹੀ ਇਸ ਘਟਨਾਂ ਨੂੰ ਉਸ ਵੇਲੇ ਤਕ ਕਲਪਿਆ ਗਿਆ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਵਿਚ ਹੋਈ ਇਕ ਮਹਤ੍ਵ ਪੂਰਨ ਘਟਨਾਂ ਤੋਂ ਉਪਰ ਲਿਖੇ ਤੱਥ ਦੀ ਪ੍ਰੋੜਤਾ ਹੁੰਦੀ ਹੈ।

"ਕੋਹਨੂਰ ਹੀਰਾ" ਜਗਤ ਪ੍ਰਸਿਧ ਹੈ। ਇਹ ਗਵਾਲੀਅਰ ਦੇ ਮਹਾਰਾਜੇ ਪਾਸੋਂ ਬਾਬਰ, ਫੇਰ ਨਾਦਰ ਸ਼ਾਹ, ਉਸਦੇ ਪੋਤਰੇ ਸ਼ਾਹ ਰੁਖ ਮਿਰਜ਼ਾ ਪਾਸੋਂ ਅਹਮਦ ਸ਼ਾਹ ਦੁਰਾਨੀ ਅਤੇ ਉਸਤੋਂ ਸ਼ਾਹ ਸੁਜਾ (ਅਮੀਰ ਕਾਬੁਲ) ਪਾਸ ਆਇਆ। ਸ਼ਾਹ ਸੁਜਾ ਨੂੰ ਇਕ ਸਮੇਂ ਬਿਪਤਾ ਬਣੀ ਤਦ ਉਹ ਮਹਾਰਾਜਾ ਰਣਜੀਤ ਸਿੰਘ ਦੀ ਸਰਣ ਆਇਆ। ਮਹਾਰਾਜੇ ਨੇ ਇਸ ਤੋਂ ਜਦੋਂ 'ਕੋਹਨੂਰ' ਮੰਗਿਆ, ਬਾਵਜੂਦ ਇਸ ਦੀ ਬਦਲ ਵਿਚ ਬਹੁਤ ਸਾਰਾ ਧਨ ਅਤੇ ਹੋਰ ਕੀਮਤੀ ਵਸਤਾਂ ਦੇਣ ਦੇ, ਸ਼ਾਹ ਸੁਜਾ ਨੇ ਹੀਰਾ ਦੇਣ ਤੋਂ ਹੇਰਾ ਫੇਰੀ ਕਰਨ ਦਾ ਜਤਨ ਕੀਤਾ। ਇਸ ਤੇ ਮਹਾਰਾਜੇ ਨੇ ਇਸਨੂੰ ਹਿਰਾਸਤ ਵਿਚ ਰਖਿਆ ਅਤੇ ਐਸੀ ਸਥਿਤੀ ਪੈਦਾ ਕੀਤੀ ਕਿ ਸ਼ਾਹ ਸੁਜਾ ਹੀਰਾ ਦੇ ਦੇਵੇ। ਸ਼ਾਹ ਨੇ ਹੀਰਾ ਦੇਣਾ ਮੰਨ ਲਿਆ ਪਰ ਮਹਾਰਾਜੇ ਤੋਂ ਸਦਾ ਮਿਤਰ ਰਹਿਣ ਦਾ ਬਚਨ ਲਿਆ। ਇਹ ਹੀਰਾ ੧ ਜੂਨ ੧੮੧੩ ਈ: ਨੂੰ ਮਹਾਰਾਜੇ ਦੇ ਹਥ ਲਗਾ। ਲੇਪਲ ਗ੍ਰਿਫਿਨ ਆਪਣੀ ਕਿਤਾਬ ਮਹਾਰਾਜਾ ਰਣਜੀਤ ਸਿੰਘ' ਦੇ ਪੰਨਾ ੧੦੧ ਤੇ ਇਸ ਘਟਨਾਂ ਨੂੰ ਇਨ੍ਹਾਂ ਸ਼ਬਦਾਂ ਨਾਲ ਲਿਖਦਾ ਹੈ—

**The Shah was threatened with imprisonment in the fortress of Govindgarh, and at length, after two months' resistance, wearied out with perpetual harassing, seeing his family and servants half-starving and appreciating that longer refusal would only end in this captivity or death, he promtised to give up the diamond if the Maharaja, on his Part, would promise him protection and friendship in the most solemn manner. This the Maharaja did, having a document drawn up in which he promised on the Adi Granth and the Granth of the 10th Reign, to be ever the friend of Shah Suja and to endeavour to restore him to the thorne of Kabul. The Afghan then invited Ranjit Singh to come and receive the Diamond in person.**

RANJIT SINGH
(by Lepel Griffin page 191)

ਭਾਵ ਅਰਥ—

"ਸ਼ਾਹ ਨੂੰ ਧਮਕੀ ਦਿਤੀ ਗਈ ਕਿ ਉਸਨੂੰ ਗੋਬਿੰਦ ਗੜ੍ਹ ਦੇ ਕਿਲੇ ਵਿਚ ਕੈਦ ਰਖਿਆ ਜਾਵੇਗਾ। ਅਖੀਰ ਦੋ ਮਹੀਨੇ ਦੀ ਰੁਕਾਵਟ ਤੋਂ ਸ਼ਾਹ ਥਕ ਗਿਆ। ਨਿਤ ਦੀਆਂ ਪ੍ਰੇਸ਼ਾਨੀਆਂ ਅਤੇ ਅਪਣੇ ਪਰਿਵਾਰ ਅਤੇ ਨੌਕਰਾਂ ਸਮੇਤ ਅਧ-ਭੁਖੇ ਰਹਿਣ ਕਰਕੇ ਉਸਨੇ ਸੋਚਿਆ ਹੋਰ ਜਿਆਦਾ ਦੇਰ ਇਨਕਾਰ ਕਰਦੇ ਰਹਿਣ ਦਾ ਨਤੀਜਾ ਮੇਰੀ ਕੈਦ



Sri Satguru Jagjit Singh Ji Elibrary NamdhariElibrary@gmail.com

ਜਾਂ ਮੌਤ ਹੀ ਨਿਕਲੇਗਾ । ਉਸਨੇ ਵਾਅਦਾ ਕੀਤਾ, ਉਹ ਹੀਰਾ ਦੇ ਦੇਵੇਗਾ ਪਰ ਰਣਜੀਤ ਸਿੰਘ ਅਪਣੇ ਵਲੋਂ ਸਚੇ ਦਿਲੋਂ ਵਾਅਦਾ ਕਰੇ ਕਿ ਉਹ ਮੇਰੀ ਹਿਫ਼ਾਜ਼ਤ ਕਰੇਗਾ ਤੇ ਮੇਰਾ ਸਚਾ ਦੋਸਤ ਰਹੇਗਾ ।

ਮਹਾਰਾਜ ਨੇ ਇਸੇ ਤਰ੍ਹਾਂ ਕੀਤਾ । ਉਸਨੇ ਇਕ ਲਿਖਤ ਲਿਖੀ ਜਿਸ ਵਿਚ 'ਆਦਿ' ਅਤੇ 'ਦਸਮ ਪਾਤਸ਼ਾਹ ਦੇ ਗਰੰਥ' ਦੀ ਸਹੁੰ ਦੇ ਕੇ ਇਹ ਵਾਇਦਾ ਕੀਤਾ ਕਿ ਉਹ ਸਦਾ ਸ਼ਾਹ ਸ਼ੁਜਾ ਦਾ ਮਿਤਰ ਰਹੇਗਾ ਅਤੇ ਕਾਬਲ ਦਾ ਤਖ਼ਤ ਉਸਨੂੰ ਵਾਪਸ ਦਿਵਾਉਣ ਵਿਚ ਪੂਰਾ ਜਤਨ ਕਰੇਗਾ । ਅਫ਼ਗਾਨ (ਸ਼ਾਹ) ਨੇ ਰਣਜੀਤ ਸਿੰਘ ਨੂੰ ਦਾਅਵਤ ਤੇ ਬੁਲਾਇਆ ਤਾ ਕਿ ਉਹ ਆਪ ਵਿਅਕਤੀ ਗਤ ਰੂਪ ਵਿਚ ਹੀਰਾ ਪ੍ਰਾਪਤ ਕਰ ਲਵੇ ।"

ਉਪ੍ਰੋਕਤ ਲੇਖ ਤੋਂ ਦੋਹਾਂ ਗਰੰਥ ਸਾਹਿਬਾਂ ਦਾ ਸਮ-ਸਤਿਕਾਰ ਹੋਣਾ ਪੂਰੀ ਤਰ੍ਹਾਂ ਸਪਸ਼ਟ ਹੁੰਦਾ ਹੈ । ਆਦਿ ਸ੍ਰੀ ਗਰੰਥ ਸਾਹਿਬ ਨੂੰ ਸੰਨ ੧੭੦੮ ਈ: ਵਿਚ ਗੁਰਿਆਈ ਦੇਣ ਵਾਲੀ ਕਲਪਿਤ ਘਟਨਾਂ ਕੋਹਨੂਰ ਹੀਰਾ" ਮਹਾਰਾਜੇ ਦੇ ਹੱਥ ਆਉਣ ਤੋਂ ੧੦੫ ਸਾਲ ਪਹਿਲਾਂ ਦੀ ਹੈ । ਇਸ ਤੋਂ ਏਹ ਨਿਰਣਯ ਹੋ ਜਾਂਦਾ ਹੈ ੧੦੫ ਸਾਲ ਪਿਛੋਂ ਤਕ ਆਦਿ ਸ੍ਰੀ ਗਰੰਥ ਸਾਹਿਬ ਨੂੰ ਗੁਰਿਆਈ ਦੇਣ ਬਾਰੇ ਸਿੱਖਾਂ ਨੂੰ ਕੋਈ ਪਤਾ ਨਹੀਂ ਸੀ । ਜੇ ਆਦਿ ਗਰੰਥ ਸਾਹਿਬ ਨੂੰ ਗੁਰਿਆਈ ਮਿਲੀ ਹੋਈ ਹੁੰਦੀ, ਤਾਂ ਸ਼ਾਹ ਨੂੰ ਤਸੱਲੀ ਦੇਣ ਵਾਸਤੇ ਕੇਵਲ ਆਦਿ ਗਰੰਥ ਸਾਹਿਬ ਦੀ ਸਹੁੰ ਦੇ ਦੇਣੀ ਕਾਫ਼ੀ ਸੀ ।

ਮਹਾਰਾਜੇ ਵਿਚ ਊਣਤਾਈਆਂ ਵੀ ਬਹੁਤ ਸਨ । ਖਾਸ ਕਰਕੇ ਆਚਰਣ ਦੀ ਅਤੇ ਸ਼ਰਾਬ ਪੀਣ ਦੀ, ਇਹ ਦੋ ਬਹੁਤ ਵਧ ਚੁਕੀਆਂ ਸਨ । ਮੋਰਾਂ ਨਾਮ ਦੀ ਵੇਸ਼ਯਾ ਘਰ ਲਿਆਉਣ ਦੀ ਗਲਤੀ ਮਹਾਰਾਜੇ ਨੇ ਕੀਤੀ ਜਿਸ ਤੋਂ ਨਾਰਾਜ਼ ਹੋ ਕੇ ਅਕਾਲੀ ਫੂਲਾ ਸਿੰਘ ਜੀ ਨੇ ਕੋਰੜੇ ਮਾਰਨ ਦੀ ਸਜ਼ਾ ਦਿਤੀ ।

ਮਹਾਰਾਜੇ ਵਿਚ, ਇਹ ਊਣਤਾਈਆਂ ਆ ਜਾਣੀਆਂ ਬਹੁਤ ਅਸਾਧਾਰਣ ਨਹੀਂ ਸਨ । ਸਿੱਖ ਹੋਣ ਦੇ ਨਾਤੇ ਤਾਂ ਇਹ ਦੋਵੇਂ ਅਤਿ ਨੀਚ ਕਰਮ ਹਨ । ਪਰ ਏਡੇ ਵਡੇ ਪੰਜਾਬ ਦੀ ਪਾਤਸ਼ਾਹੀ ਦਾ ਮਾਲਕ ਹੁੰਦਾ ਹੋਇਆ, ਹਕੂਮਤ ਦੇ ਨਸ਼ੇ ਅੰਦਰ ਇਹ ਗਲਤੀਆਂ ਕਰ ਦੇਣੀਆਂ, ਸੰਸਾਰਕ ਪ੍ਰਭਾਵ ਹੇਠ ਕੁਦਰਤੀ ਸਮਝੀਆਂ ਜਾ ਸਕਦੀਆਂ ਹਨ । ਕਰੋੜਾਂ ਵਿਚ ਇਕ ਅੱਧ ਨੂੰ ਛਡ ਕੇ ਕੌਣ ਐਸਾ ਮਿਲ ਸਕਦਾ ਹੈ ਜਿਸ ਦੇ ਪਾਸ ਕੁਛ ਅਧਿਕਾਰ ਅਤੇ ਮਾਇਆ ਹੋਵੇ ਫਿਰ ਵੀ ਉਹ ਕਿਸੇ ਪ੍ਰਕਾਰ ਦੀ ਊਣਤਾਈ ਵਿਚ ਨਾ ਫਸਿਆ ਹੋਵੇ ? ਗਲਤੀ ਕਰਕੇ ਉਸਨੂੰ ਮੰਨ ਲੈਣਾ । ਇਹ ਮਹਾਰਾਜੇ ਦੀ ਵਡਿਆਈ ਸੀ । ਬਾਬਾ ਫੂਲਾ ਸਿੰਘ ਜੀ ਨੇ ਜਦੋਂ ਕੋਰੜੇ ਮਾਰਨ ਦੀ ਸਜਾ ਦਿਤੀ ਤਾਂ ਮਹਾਰਾਜੇ ਨੇ ਅਪਣਾ ਅਪਰਾਧ ਮੰਨਦਿਆਂ ਪਿਠ ਨੰਗੀ ਕਰ ਦਿਤੀ ।

ਮਹਾਰਾਜੇ ਨੇ ਬਾਬਾ ਫੂਲਾ ਜੀ ਨੂੰ ਆਖਿਆ—

"ਆਪ ਦਾ ਡਾਂਟਣਾ ਮੇਰੇ ਲਈ ਬੜਾ ਗੁਣਕਾਰੀ ਹੈ । ਮੈਂ ਰਾਜ ਦੇ ਧੰਦਿਆਂ ਵਿਚ ਗਾਫ਼ਲ ਹੋ ਕੇ ਆਪਣੇ ਆਪ ਨੂੰ ਭੁਲਾ ਰਹਿੰਦਾ ਹਾਂ ਤੇ ਇਹ ਆਪ ਦੀ ਤਾੜਨਾ ਦਾ ਹੀ ਫਲ ਜੋ ਮੈਨੂੰ ਮੁੜ ਸਿੱਖੀ ਦੇ ਪੱਧਰ ਤੇ ਲੈ ਆਉਂਦੀ ਹੈ । ਆਪ ਗੁਰੂ ਦੀ ਨਗਰੀ ਤੇ ਸਿੱਖੀ ਦੇ ਰਾਖੇ ਹੋ, ਆਪ ਦਾ ਹੁਕਮ ਸਿਰ ਮਥੇ ਪਰ ਹੈ ।"

(ਮਹਾਰਾਜਾ ਰਣਜੀਤ ਸਿੰਘ-ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ)

ਮੁਲਤਾਨ, ਲਾਹੌਰ, ਕਸ਼ਮੀਰ ਅਤੇ ਪੇਸ਼ਾਵਰ, ਚਾਰ ਸੂਬਿਆਂ ਵਾਲਾ ਇਤਨਾ ਵੱਡਾ ਦੇਸ਼ ਜਿਸਦਾ ਉਹ ਜਮਹੂਰੀ ਮੁਖੀ ਨਹੀਂ ਸੀ, ਸਗੋਂ ਮਾਲਕ ਦੇ ਰੂਪ ਵਿਚ ਸੀ । ਜਦ ਚਾਹੇ ਕਿਤਨੇ ਪਿੰਡਾਂ ਦੀ ਜਾਗੀਰ ਕਿਸੇ ਨੂੰ ਦੇ ਦੇਵੇ ਅਤੇ ਜਦ ਚਾਹੇ ਖੋਹ ਲਵੇ । ਇਸ ਤਰ੍ਹਾਂ ਦਾ ਅਧਿਕਾਰ ਰਖਣ ਵਾਲੇ ਮਹਾਰਾਜੇ ਨੇ ਅਪਣਾ ਅਪਰਾਧ ਸਵੀਕਾਰ ਕੀਤਾ ਅਤੇ ਡੰਨ ਲਈ ਆਪਣੇ ਆਪ ਨੂੰ ਪਿਠ ਨੰਗੀ ਕਰਕੇ ਪੇਸ਼ ਕੀਤਾ, ਇਹ ਉਸਦੀ



Sri Satguru Jagjit Singh Ji Elibrary NamdhariElibrary@gmail.com

ਵਿਸ਼ੇਸ਼ ਵਡਿਆਈ ਹੈ ।[1]

ਮਹਾਰਾਜੇ ਦੇ ਅੰਦਰ ਗੁਰਸਿਖਾਂ ਪ੍ਰਤੀ ਐਸੀ ਸ਼ਰਧਾ ਸੀ ਕਿ ਇਕ ਵਾਰੀ ਦਿੱਲੀ ਦੇ ਗੁਰਦਵਾਰਿਆ ਦੇ ਪੁਜਾਰੀ ਮਹਾਰਾਜੇ ਨੂੰ ਮਿਲਣ ਗਏ। ਉਨ੍ਹਾਂ ਦਾ ਇਨ੍ਹਾਂ ਸਤਿਕਾਰ ਕੀਤਾ ਕਿ ਭਰੇ ਦਰਬਾਰ ਵਿਚ ਅਪਣੀ ਦਾੜ੍ਹੀ ਨਾਲ ਉਨ੍ਹਾਂ ਦੇ ਚਰਨ ਸਾਫ ਕੀਤੇ ।

ਮਹਾਰਾਜਾ ਨੂੰ ਏਡੀ ਵਡੀ ਸਲਤਨਤ ਦੀ ਪਾਤਸ਼ਾਹੀ ਸਤਿਗੁਰੂ ਦੀ ਬਖਸ਼ਿਸ਼ ਨਾਲ ਹੀ ਮਿਲੀ ਸੀ ਅਤੇ ਉਹ ਸਤਿਗੁਰੂ ਦਾ ਨਾਮ ਸਰਬ-ਸ਼ਰੇਸ਼ਟ ਮੰਨਦਾ ਸੀ। ਆਪਣੇ ਵਕਤ ਦੇ ਸਿੱਕੇ ਤੇ ਉਸਨੇ "ਰਣਜੀਤ ਸਿੰਘ" ਨਹੀਂ ਲਿਖਾਯਾ । ਸਿਕੇ ਦੀ ਲਿਖਤ—

ਦੇਗੋ ਤੇਗੋ ਫਤਹਿ ਨੁਸਰਤ ਬੇਦਰੰਗ
ਯਾਫਤਜ਼ ਨਾਨਕ ਗੁਰੂ ਗੋਬਿੰਦ ਸਿੰਘ

**ਭਾਵ**—ਦੇਗ ਦਾ ਅਤੁਟ ਵਰਤਣਾ, ਤੇਗ ਨਾਲ ਵੈਰੀ ਨੂੰ ਫਤਹਿ ਕਰਨਾ (ਜਿਤਣਾ) ਨੁਸਰਤ=ਸਹਾਇਤਾ, ਬੇ ਦਰੰਗ=ਬਿਨਾਂ ਦੇਰ ਤੋਂ, ਯਾਫਤ=ਪ੍ਰਾਪਤੀ ਅਜ਼= ਤੋਂ(ਸੇ) ਯਾਨੀ, ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਕਿਰਪਾ (ਸਹਾਇਤਾ) ਨਾਲ ਦੇਗ ਸਦਾ ਅਤੁਟ ਵਰਤੇ ਅਤੇ ਵੈਰੀ ਤੇ ਤੁਰੰਤ ਜਿਤ ਹੋਵੇ। ਸਤਿਗੁਰਾਂ ਦੇ ਨਾਮ ਦਾ ਸਿੱਕਾ ਚਲਾਕੇ ਮਹਾਰਾਜਾ ਰਣਜੀਤ ਸਿੰਘ ਨੇ ਅਪਣੇ ਰਾਜ ਨੂੰ 'ਸਿੱਖ ਰਾਜ' ਹੋਣ ਦਾ ਦ੍ਰਿੜ੍ਹ ਪ੍ਰਮਾਣ ਦਿਤਾ ਹੈ ।[2]

ਮਹਾਰਾਜਾ ਦਾ ਗੁਰਬਾਣੀ ਦਾ ਪਾਠ ਸੁਣਨ ਦਾ ਨਿਯਮ ਸੀ। ਇਹ, ਹੋਰ ਲੇਖਕਾਂ ਤੋਂ ਬਿਨਾਂ, ਲੇਪਲ ਗ੍ਰਿਫਿਨ ਵੀ ਮੰਨਦਾ ਹੈ। ਮਹਾਰਾਜੇ ਦੀ ਯੁੱਧ ਕਲਾ ਵਿਚ ਪ੍ਰਬੀਨਤਾ ਕਮਾਲ ਦਰਜੇ ਦੀ ਸੀ। ਗ੍ਰਿਫਿਨ ਲਿਖਦਾ ਹੈ ਕਿ ਰੋਪੜ ਦੇ ਮੁਕਾਮ ਤੇ ਸੰਨ ੧੮੩੧ ਵਿਚ ਅਪਣੇ ਸਿਪਾਹੀਆਂ ਅਤੇ "ਸਕਿਨਰਜ਼ ਹਾਰਸ" (ਅੰਗਰੇਜ਼ ਫੌਜੀਆਂ) ਨਾਲ ਮੁਕਾਬਲੇ ਵਿਚ ਮਹਾਰਾਜੇ ਨੇ ਨੇਜੇ ਬਾਜੀ ਵਿਚ ਜਿਤ ਪ੍ਰਾਪਤ ਕੀਤੀ। ਮਹਾਰਾਜਾ ਬਹੁਤਾ ਪੜ੍ਹਿਆ ਹੋਇਆ ਨਹੀਂ ਸੀ ਪਰ ਸੂਝ ਏਨੀ ਸੀ ਕਿ ਅਪਣੇ ਹਰ ਘੋੜੇ ਦੀ ਨਾਲ-ਬੰਦੀ ਤੋਂ ਲੈਕੇ ਅਪਣੇ ਵਡੇ ਤੋਂ ਵੱਡੇ ਅਹਿਲਕਾਰ ਦੀ ਵਰਦੀ, ਮਹਾਰਾਜੇ ਦੀ ਨਿਜੀ ਜਾਣਕਾਰੀ ਵਿਚ ਹੁੰਦੀ।

ਅੰਗਰੇਜ਼ਾਂ ਨਾਲ ਮਿਤ੍ਰਤਾ ਰਖਦੇ ਹੋਇਆਂ ਉਨ੍ਹਾਂ ਤੇ ਏਹ ਪਾਬੰਦੀ ਸੀ ਕਿ ਮਹਾਰਾਜੇ ਦੇ ਰਾਜ ਵਿਚ ਗਊ-ਕਸ਼ੀ ਨਹੀਂ ਕਰਨਗੇ। ਗਊ ਹਤਿਆਰੇ ਵਾਸਤੇ ਮੌਤ ਦੀ ਸਜਾ ਮੁਕਰਰ ਸੀ। ਮਹਾਰਾਜੇ ਦੇ ਅਫਗਾਨਿ-ਸਤਾਨ ਨੂੰ ਸਿਖ ਰਾਜ ਨਾਲ ਮਿਲਾਉਣ ਦਾ ਜਤਨ ਵੀ ਅਰੰਭਿਆ ਸੀ, ਉਥੋਂ ਦੇ ਅਮੀਰ ਨਾਲ ਗਲ ਏਥੋਂ ਆਰੋ ਟੁਰ ਗਈ। ਜਦੋਂ ਅਮੀਰ ਨੇ ਮਹਾਰਾਜੇ ਦੀ ਇਛਾ ਅਨੁਸਾਰ ਓਥੇ ਗਊ-ਹਤਿਆ ਤੇ ਪਾਬੰਦੀ ਤੋਂ ਇਨਕਾਰ ਕਰ ਦਿਤਾ।

ਬੈਰਨ ਹਿਊਗਲ ਲਿਖਦਾ ਹੈ ਕਿ ਬਾਵਜੂਦ ਅਧਰੰਗ ਰੋਗ ਦੇ ਮਹਾਰਾਜਾ ਜਦ ਘੋੜੇ ਦੀ ਸਵਾਰੀ ਕਰਦਾ ਸੀ, ਉਸ ਤੇ ਐਸੀ ਕਿਰਪਾ ਹੁੰਦੀ ਕਿ ਜੋ ਮੰਨੀ ਨਹੀਂ ਜਾ ਸਕਦੀ। ਢਾਲ ਆਦਿਕ ਨਾਲ ਸੁਸਜਿਤ ਹੋ ਕੇ ਜਦ ਘੋੜੇ ਤੇ ਬੈਠਦਾ ਤਦ ਬਹੁਤ ਹੀ ਆਸਾਨੀ ਨਾਲ ਘੋੜੇ ਨੂੰ ਅਪਣੇ ਕਾਬੂ ਵਿਚ ਰਖਦਾ। ਗ੍ਰਿਫਿਨ

---

1 ਹੁਣ ਜੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਕਿਸੇ ਸਿਖ ਲੀਡਰ ਨੂੰ ਪੰਥਕ ਜਥੇਬੰਦੀ ਵਿਰੁਧ ਕੀਤੇ ਹੋਏ ਗੁਨਾਹ ਦਾ ਡੰਨ ਲੌਣ ਤਾਂ ਉਨ੍ਹਾਂ ਨੂੰ ਕਈ ਵਾਰ ਆਪਣੇ ਭਵਿਖ ਬਾਰੇ ਸੋਚਣਾ ਪੈਂਦਾ ਹੈ ਡੰਨ ਭਾਵੇਂ ਜੋੜੇ ਝਾੜਨ ਜਾਂ ਬਾਲੀਆਂ ਮਾਂਜਣ ਦਾ ਹੀ ਹੋਵੇ, ਪਰ ਜਥੇਦਾਰ ਸਾਹਿਬ ਨੂੰ ਅਪਣੇ ਬਾਰੇ ਸੋਚਣਾ ਜ਼ਰੂਰੀ ਹੋ ਜਾਂਦਾ ਹੈ।

2 ਜੇ ਦਸਮੇਸ਼ ਜੀ ਵਲੋਂ ਆਦਿ ਗਰੰਥ ਸਾਹਿਬ ਨੂੰ ਗੁਰਗੱਦੀ ਮਿਲੀ ਹੋਈ ਹੁੰਦੀ ਤਾਂ ਇਸ ਸਿੱਕੇ ਵਿਚ, ਵਰਤਮਾਨ ਗੁਰੂ ਦਾ ਸੰਕੇਤ ਜ਼ਰੂਰ ਹੁੰਦਾ।



Sri Satguru Jagjit Singh Ji Elibrary NamdhariElibrary@gmail.com

ਅਨੁਸਾਰ ਮਹਾਰਾਜੇ ਦਾ ਘੋੜਿਆਂ ਨਾਲ ਬਹੁਤ ਪਿਆਰ ਸੀ। ਉਸਨੇ ਨਿਜੀ ਵਰਤੋਂ ਵਾਸਤੇ ਭਾਰਤ, ਅਰਬ ਅਤੇ ਇਰਾਨ ਤੋਂ ਹਰ ਚੰਗੇ ਘੋੜੇ ਇਕਤ੍ਰਤ ਕੀਤੇ ਸਨ । ਉਹ ਇਕ ਤਕੜਾ ਖਿਡਾਰੀ ਅਤੇ ਤਲਵਾਰ ਦਾ ਧਨੀ ਸੀ।

(ਗ੍ਰਿਫਿਨ ਪੰਨਾ ੯੦)

ਮਹਾਰਾਜੇ ਵਲੋਂ ਭੇਜਿਆ ਫ਼ਕੀਰ ਅਜ਼ੀਜ਼ ਦੀਨ ਕਝ ਹੋਰ ਅਹਿਲਕਾਰਾਂ ਸਮੇਤ ੧੯੩੧ ਵਿਚ ਲਾਰਡ ਵਿਲਿਅਮ ਬੈਂਟਿਕ ਨੂੰ ਸ਼ਿਮਲੇ ਜਾਕੇ ਮਿਲਿਆ। ਅੰਗਰੇਜ਼ ਅਫਸਰ ਨੇ ਪੁਛਿਆ ਕਿ ਮਹਾਰਾਜੇ ਦੀ ਕੇਹੜੀ ਅੱਖ ਕਾਣੀ ਹੈ। ਫਕੀਰ ਸਾਹਿਬ ਨੇ ਉਤਰ ਦਿਤਾ ਕਿ ਮਹਾਰਾਜੇ ਦਾ ਤੇਜ ਐਸਾ ਹੈ ਕਿ ਉਸਨੂੰ ਨੇੜਿਓਂ ਹੋ ਕੇ ਮੈਂ ਕਦੇ ਨਹੀਂ ਦੇਖ ਸਕਿਆ।...

(ਗ੍ਰਿਫਿਨ ਪੰਨਾ—੯੧)

ਮਹਾਰਾਜੇ ਦੇ ਖਾਸ ਨਿਕਟ ਵਰਤੀ ਸਰਦਾਰਾਂ ਵਿਚੋਂ ਸਰਦਾਰ ਲੈਹਣਾ ਸਿੰਘ ਮਜੀਠੀਆ ਸੀ ਜੋ ਕਈ ਜ਼ਬਾਨਾਂ ਬੋਲਣ ਜਾਣਦਾ ਸੀ। ਸਰਦਾਰ ਲੈਹਣਾ ਸਿੰਘ ਨੇ ਇਕ ਘੜੀ ਤਿਆਰ ਕੀਤੀ ਸੀ ਜਿਸ ਵਿਚੋਂ ਘੰਟੇ ਤਾਰੀਖ, ਮਹੀਨਾ, ਅਤੇ ਚੰਦ੍ਰਮਾ ਦੀ ਚਾਲ ਜਾਣੀ ਜਾ ਸਕਦੀ ਸੀ।

(ਗ੍ਰਿਫਿਨ ਪੰਨਾ ੧੩੧)

ਸਿਖਾਂ ਦੀ ਬਿਖਰੀ ਹੋਈ ਕਮਜ਼ੋਰ ਤਾਕਤ ਮਹਾਰਾਜਾ ਰਣਜੀਤ ਸਿੰਘ ਨੇ ਇਕੱਠੀ ਕੀਤੀ। ਮਰਹਟੇ, ਅੰਗਰੇਜ਼, ਡੋਗਰੇ, ਗੋਰਖੇ ਅਤੇ ਅਫਗਾਨਾਂ ਵਿਚ ਘਿਰੇ ਹੋਏ ਸਿਖ ਰਾਜ ਨੂੰ ਤਾਕਤਵਰ ਬਣਾਉਣ ਦਾ ਨਿਸ਼ਾਨਾ ਉਸਦੇ ਸਾਹਮਣੇ ਸੀ ਜਿਸ ਵਿਚ ਉਹ ਸਫਲ ਹੋਇਆ। ਇਸ ਸਫਲਤਾ ਨੂੰ ਉਸਨੇ "ਰਣਜੀਤ ਸਿੰਘ" ਜਾਂ "ਸ਼ੁਕ੍ਰਚਕੀਆ" ਦਾ ਨਾਮ ਨਹੀਂ ਬਲਕਿ ਸਿਖ ਰਾਜ ਜਾਂ "ਖਾਲਸਾ-ਰਾਜ" ਦਾ ਨਾਮ ਦਿਤਾ—

(ਦੀ ਸਿਖਜ਼ ਖੁਸ਼ਵੰਤ ਸਿੰਘ—ਪੰਨਾ੫੬)

ਬਹੁਤ ਸਾਰੇ ਲੇਖਕਾਂ ਨੇ ਆਪਣੇ ਆਪਣੇ ਦ੍ਰਿਸ਼ਟੀ ਕੋਣ ਤੋਂ ਮਹਾਰਾਜੇ ਦੇ ਜੀਵਨ ਨੂੰ ਉਲੀਕਿਆ ਹੈ। ਇਸ ਲੇਖ ਵਿਚ ਮਹਾਰਾਜੇ ਦੇ ਜੀਵਨ ਦੇ ਕੁਝ ਉਹ ਅੰਸ਼, ਜਿਨ੍ਹਾਂ ਬਾਰੇ ਖਿਆਲ ਹੈ ਕਿ ਮਹਾਰਾਜੇ ਦੀ ਇਸ ਦੂਜੀ ਜਨਮ-ਸ਼ਤਾਬਦੀ ਦੇ ਸੰਬੰਧ ਵਿਚ ਲਿਖੇ ਹੋਏ ਲੇਖਾਂ ਵਿਚ, ਚਰਚਾ ਨਹੀਂ ਆਈ, ਦਿਤੇ ਹਨ। ਆਸ ਹੈ ਇਹ ਪਾਠਕਾਂ ਦੀ ਜਾਣਕਾਰੀ ਵਿਚ ਵਾਧਾ ਕਰਨਗੇ।

●

ਕੀ ਕੀਤਾ ਈ ਸਤਿਗੁਰ ਮੇਰੇ, ਜੁੱਗਾਂ ਦੀ ਭੁੱਖ ਜਾਗੀ
ਜੀ ਕਰਦਾ ਏ, ਦਰਸ਼ਨ ਕਰ ਕਰ, ਜਿੰਦ ਕਰਾਂ ਵਡਭਾਗੀ
ਰੋਮ ਰੋਮ ਅੱਖੀਆਂ ਜਿਉਂ ਮਾਣੇ, ਅੰਮ੍ਰਿਤ-ਦਰਸ਼ਨ ਤੇਰਾ :
ਕਣ ਕਣ ਵਿਚੋਂ ਤੂੰਹੀਂ ਦਿੱਸੇਂ, ਦੁਬਿਧਾ ਜਾਇ ਤਿਆਗੀ ॥੭੧॥

× × ×

ਸਮਝ, ਸੁਰਤ, ਨਹੀਂ ਮੇਰੇ ਪੱਲੇ, ਸਾਰ ਨ ਜਾਣਾਂ ਤੇਰੀ
ਤੂੰ ਸੁਮੇਰ, ਮੈਂ ਨਿਕੜੀ ਕੀੜੀ, ਪਹੁੰਚ ਕੀ ਹੋਣੀ ਮੇਰੀ
ਮੈਂ ਤਾਂ ਤੇਰੇ ਛਿੱਦਰ ਵੇਖਾਂ, ਪਰ ਤੂੰ ਸਦਾ ਦਇਆਲੂ :
ਵੇਖ ਹਿਮਾਕਤ ਮੇਰੀ, ਤਦ ਵੀ, ਬਖਸ਼ੇਂ ਲਾਇੰ ਨ ਡੇਰੀ ॥੭੩॥

—ਪ੍ਰੀਤਮ ਸਿੰਘ ਕਵੀ



Sri Satguru Jagjit Singh Ji Elibrary NamdhariElibrary@gmail.com

# ਨਾਮ–ਧਨ

ਹਰਦੇਵ ਸਿੰਘ ਨਾਮਧਾਰੀ

ਧਨ ਤਿੰਨ ਪ੍ਰਕਾਰ ਦਾ ਹੁੰਦਾਂ ਹੈ। ਮਾਇਆ ਧਨ, ਇਸਤਰੀ ਧਨ ਤੇ ਨਾਮ ਧਨ। ਇਨ੍ਹਾਂ ਸਾਰਿਆਂ ਧਨਾਂ ਦੀ ਆਪਣੀ ਆਪਣੀ ਕੀਮਤ ਜਰੂਰ ਹੈ ਪਰ ਸਾਰਿਆਂ ਧਨਾਂ ਤੋਂ ਸਰਬ ਸਰੇਸ਼ਟ ਧਨ ਹੈ ਨਾਮ ਧਨ। ਅਸੀਂ ਜਦੋਂ ਆਪਣੇ ਘਰੋਂ ਕਿਤੇ ਬਾਹਰ ਪਰਦੇਸ ਵਿਚ ਜਾਂ ਕਿਤੇ ਅਜਿਹੀ ਥਾਂ ਪਹੁੰਚ ਜਾਈਏ ਜਿਥੇ ਸਾਡਾ ਕੋਈ ਵੀ ਰਿਸ਼ਤੇਦਾਰ ਜਾਂ ਕੋਈ ਹੋਰ ਸਜਣ ਮਿਤਰ ਨਾ ਹੋਵੇ ਤਾਂ ਉਥੇ ਸਾਡਾ ਕੀ ਹਾਲ ਹੋਵੇਗਾ ਜੇਕਰ ਸਾਡੇ ਕੋਲ ਮਾਇਆ ਧਨ ਨਾ ਹੋਵੇਗਾ। ਇਸ ਵਿਚ ਕੋਈ ਸ਼ਕ ਨਹੀਂ ਕਿ ਘਰ ਵਿਚ ਰਹਿੰਦਿਆਂ ਵੀ ਮਾਇਆ ਧਨ ਦੀ ਲੋੜ ਪੈਂਦੀ ਹੈ ਪਰ ਨਿਰਧਨ ਦਾ ਜੋ ਬੁਰਾ ਹਾਲ ਪ੍ਰਦੇਸ਼ ਵਿਚ ਹੁੰਦਾ ਹੈ ਉਹ ਘਰ ਨਾਲੋਂ ਵਧੇਰੇ ਦੁਖਦਾਈ ਹੁੰਦਾ ਹੈ। ਇਸੇ ਤਰ੍ਹਾਂ ਜੇਕਰ ਅਸੀਂ ਮਾਨਸ ਦੇਹੀ ਵਿਚ ਰਹਿ ਕੇ ਨਾਮ ਦੀ ਕਮਾਈ ਨਾ ਕਰਾਂਗੇ ਤੇ ਨਾ ਹੀ ਉਸ ਵਿਚੋਂ ਕੁਝ ਬਚਤ ਕਰਕੇ ਕੁਝ ਜਮਾਂ ਕਰਾਗੇ ਤਾਂ ਅੱਗੇ ਵੀ ਨਾਮ ਧਨ ਤੋਂ ਬਿਨਾਂ ਸਾਡੀ ਸਹਾਇਤਾ ਕਿਸੇ ਨਹੀਂ ਕਰਨੀ। ਜਿਸ ਤਰ੍ਹਾਂ ਇਥੇ ਮਾਇਆ ਧਨ ਵਾਲੇ ਧਨਾਢ ਲੋਕਾਂ ਦੀ ਇਜਤ ਤੇ ਮਾਣ ਹੁੰਦਾ ਹੈ ਉਸੇ ਤਰ੍ਹਾਂ ਅਗਲੇ ਜਹਾਨ ਵਿਚ ਵੀ ਨਾਮਧਨ ਵਾਲਿਆਂ ਨੂੰ ਹੀ ਸਨਮਾਨ ਮਿਲਦਾ ਹੈ।

ਨਾਮ ਧਨ ਤੋਂ ਬਿਨਾਂ ਬਾਕੀ ਸਾਰਿਆਂ ਧਨਾਂ ਨੂੰ ਚੋਰਾਂ ਦਾ ਡਰ ਰਹਿੰਦਾ ਹੈ ਪਰ ਨਾਮ ਧਨ ਨੂੰ ਕੋਈ ਵੀ ਚੁਰਾ ਨਹੀਂ ਸਕਦਾ। ਨਾਮ ਧਨ ਨਾਲ ਮਨ ਤੇ ਤਨ ਦੋਹਾਂ ਨੂੰ ਸ਼ਾਂਤੀ ਤੇ ਸੁਖ ਮਿਲਦਾ ਹੈ। ਇਸ ਨਾਮ ਧਨ ਨਾਲ ਦੁਨੀਆ ਦੀ ਵੱਡੀ ਤੋਂ ਵੱਡੀ ਵਸਤੂ ਨੂੰ ਅਸੀਂ ਪ੍ਰਾਪਤ ਕਰ ਸਕਦੇ ਹਾਂ ਜੋ ਕਿ ਹੋਰ ਕਿਸੇ ਵੀ ਧਨ ਨਾਲ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਨਾਮ ਧਨ ਦੀ ਕਮਾਈ ਤਾਂ ਕਰ ਲਈ ਪਰ ਇਸ ਧਨ ਨੂੰ ਜਮਾਂ ਕਿਸ ਤਰ੍ਹਾਂ ਕਰਨਾ ਹੈ ਤੇ ਕਿਹੜੇ ਬੈਂਕ ਵਿਚ ਜਮਾਂ ਕਰਨਾ ਹੈ ਤਾਂ ਕਿ ਇਸ ਦੀ ਸੁਰਖਿਆ ਠੀਕ ਤਰ੍ਹਾਂ ਹੋ ਸਕੇ ਤੇ ਲੋੜ ਵੇਲੇ ਕੰਮ ਆ ਸਕੇ। ਪਹਿਲੀ ਗਲ ਤਾਂ ਇਹ ਹੈ ਕਿ ਨਾਮ ਨੂੰ ਕਮਾਉਣਾ ਹੈ। ਨਾਮ ਸਿਮਰਨ ਕਰਕੇ ਅਸੀਂ ਭੁਲ ਜਾਈਏ ਕਿ ਅਸੀਂ ਇਸਤੋਂ ਬਾਦ ਕਿਸੇ ਐਸੀ ਮੰਗ ਲਈ ਅਰਦਾਸ ਕਰਨੀ ਹੈ ਕਿ ਜਿਨਾ ਕੁ ਨਾਮਧਨ ਕਮਾਇਆ ਹੈ ਉਸ ਤੋਂ ਵਡੀ ਜਾ ਉਸ ਦੇ ਬਰਾਬਰ ਨਾਲ ਹੀ ਉਸੇ ਵੇਲੇ ਮੰਗ ਕੇ ਉਹ ਨਾਮ ਧਨ ਖਰਚ ਨਾ ਹੋ ਜਾਵੇ। ਅਸੀਂ ਆਮ ਦੇਖਦੇ ਸੁਣਦੇ ਹਾਂ ਕਿ ਨਾਮ ਦੀ ਕਮਾਈ ਕਰਨ ਤੋਂ ਬਾਦ ਉਸੇ ਵੇਲੇ ਅਸੀਂ ਕਈ ਪ੍ਰਕਾਰ ਦੀਆਂ ਮੰਗਾਂ ਮੰਗਦੇ ਹਾਂ। ਜਿਵੇਂ ਕਿ ਹੇ ਗਰੀਬ ਨਿਵਾਜ ਮੈਂ ਇਕ ਘੰਟਾ ਨਾਮ ਸਿਰਰਨ ਕੀਤਾ ਹੈ ਮੈਨੂੰ ਪੁਤਰ ਬਖਸ਼ੋ ਜਾਂ ਮੇਰਾ ਬੁਖਾਰ ਉਤਰ ਜਾਵੇ ਜਾਂ ਮੇਰੇ ਦੁਸ਼ਮਨ ਨੂੰ ਨੁਕਸਾਨ ਪਹੁੰਚੇ, ਮੇਰੀ ਮੱਝ ਦਾ ਦੁਧ ਵਧ ਜਾਵੇ ਤੇ ਗਵਾਂਢੀਆਂ ਦੀ ਮੱਝ ਦਾ



Sri Satguru Jagjit Singh Ji Elibrary NamdhariElibrary@gmail.com

ਦੁਧ ਘਟ ਜਾਵੇ, ਮੈਨੂੰ ਚੰਗੀ ਨੌਕਰੀ ਮਿਲ ਜਾਵੇ ਕਾਰੋਬਾਰ ਵਿਚ ਵਾਧਾ ਹੋਵੇ ਆਦਿ ਪਰ ਕਦੀ ਇਹ ਮੰਗ ਨਹੀਂ ਮੰਗਦੇ ਕਿ ਮੇਰੇ ਕਾਰੋਬਾਰ ਵਿਚ ਵਾਧਾ ਹੋਣ ਦੀ ਥਾਂ ਮੇਰੇ ਤੇ ਗਰੀਬੀ ਆ ਜਾਵੇ, ਮੇਰੇ ਦੁਖ ਵਧ ਜਾਣ। ਨਾਮ ਸਿਮਰਨ ਤੋਂ ਬਾਦ ਅਜਿਹੀਆਂ ਮੰਗਾ ਮੰਗ ਮੰਗ ਕੇ ਅਸੀਂ ਆਪਣੇ ਜਮਾ ਕੀਤੇ ਨਾਮ ਧਨ ਨੂੰ ਰਬ ਅੱਗੇ ਵੇਚ ਹੀ ਨਹੀਂ ਦਿੰਦੇ ਸਗੋਂ ਆਪਣੇ ਸਿਰ ਕਰਜਾ ਚੜਾ ਲੈਂਦੇ ਹਾਂ ਕਿਉਂਕਿ ਮਾਂਗਨ ਬਹੁਤਾ ਤੇ ਕਮਾਈ ਥੋੜੀ। ਜਮਾਂ ਕਰਨਾ ਤਾਂ ਇਕ ਪਾਸੇ ਰਹਿ ਗਿਆ ਰੋਜ਼ ਦਾ ਰੋਜ਼ ਖਰਚ ਵੀ ਚਲਾਉਣਾ ਔਖਾ ਕਰ ਲੈਂਦੇ ਹਾਂ। ਜੇਕਰ ਨਾਮ ਧਨ ਜਮਾਂ ਕਰਨਾ ਹੈ ਤਾਂ ਨਾਮ ਧਨ ਦੀ ਕਮਾਈ ਕਰ ਕਰਕੇ ਅਜਿਹੀਆਂ ਮੰਗਾਂ ਨਾ ਮੰਗੀਏ ਕਿ ਸਾਡਾ ਧਨ ਨਾਲੋਂ ਨਾਲ ਖਰਚ ਹੁੰਦਾ ਰਹੇ। ਸਾਨੂੰ ਚਾਹੀਦਾ ਹੈ ਕਿ ਨਾਮ ਸਿਮਰਨ ਕਰਕੇ ਅਰਦਾਸ ਕਰੀਏ ਕਿ ਸੋਈ ਕੰਮ ਕਰਾਈ ਜੋ ਤੈਨੂੰ ਚੰਗਾ ਲਗਦਾ ਹੈ ਅਤੇ ਨਾਮ ਸਿਮਰਨ ਕਰਨ ਲਈ ਉਦਮ ਬਖਸ਼ੀ ਆਦਿ ॥

ਅਜਿਹੀਆਂ ਮੰਗਾਂ ਮੰਨਣ ਨਾਲ ਸਾਡਾ ਨਾਮ ਧਨ ਖਰਚ ਨਹੀਂ ਹੁੰਦਾ ਸਗੋਂ ਸਾਰੇ ਦਾ ਸਾਰਾ ਜਮਾਂ ਹੋ ਜਾਂਦਾ ਹੈ। ਇਸ ਤਰ੍ਹਾਂ ਜਮਾਂ ਕੀਤਾ ਗਿਆ ਨਾਮ ਧਨ ਸਾਡੀ ਉਥੇ ਮਦਦ ਕਰੇਗਾ ਜਿਥੇ ਹੋਰ ਕੋਈ ਵੀ ਧਨ ਜਾ ਚੀਜ਼ ਮਦਦ ਨਹੀਂ ਕਰ ਸਕਦੀ।

ਜਹ ਪੈਡੇ ਤੇਰਾ ਕੋਈ ਨਾ ਸਿਞਾਣੂ ॥
ਹਰ ਕਾ ਨਾਮ ਤਹਿ ਨਾਲਿ ਪਛਾਣੂ ॥
ਜਿਸੁ ਨਾਮੁ ਰਿਦੈ ਸੋ ਪੁਰਖੁ ਪਰਵਾਣੁ।
ਨਾਮ ਬਿਨਾ ਫਿਰਿ ਆਵਣ ਜਾਣੁ ॥

ਭਵ ਸਾਗਰ ਨੂੰ ਪਾਰ ਕਰਨ ਲਈ ਵੀ ਮਲਾਹ ਨੂੰ ਨਾਮ ਧਨ ਹੀ ਦੇਣਾ ਪੈਂਦਾ ਹੈ। ਹੋਰ ਕਿਸੇ ਦੁਨਿਆਵੀ ਵਸਤੂ ਨਾਲ ਉਸ ਵੇਲੇ ਮਲਾਹ ਨਹੀਂ ਪਤੀਜਦਾ।

ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ॥
ਰਾਜੁ ਮਾਲੁ ਝੂਠੀ ਸਭ ਮਾਇਆ ॥

ਹੁਣ ਇਕ ਹੋਰ ਸਵਾਲ ਪੈਂਦਾ ਹੁੰਦਾ ਹੈ ਕਿ ਨਾਮ ਧਨ ਦੀ ਕਮਾਈ ਕੌਣ ਕਰ ਸਕਦਾ ਹੈ। ਜਿਸ ਤਰ੍ਹਾਂ ਕਿਸੇ ਬੇਰੁਜਗਾਰ ਆਦਮੀ ਨੂੰ ਧਨ ਕਮਾਉਣ ਲਈ ਪਹਿਲਾਂ ਕਿਸੇ ਰੁਜ਼ਗਾਰ ਦਾ ਸਾਧਨ ਲਭਣਾ ਪੈਂਦਾ ਹੈ ਨਹੀਂ ਤਾਂ ਕਿਸੇ ਖਾਸ ਰੁਜਗਾਰ ਤੋਂ ਬਿਨਾਂ ਧਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸੇ ਤਰ੍ਹਾਂ ਨਾਮ ਧਨ ਦੀ ਪ੍ਰਾਪਤੀ ਤੇ ਕਮਾਈ ਕਰਨ ਲਈ ਸਭ ਤੋਂ ਪਹਿਲਾਂ ਇਹ ਬਹੁਤ ਜਰੂਰੀ ਹੈ ਕਿ 'ਆਪਣੇ ਗੁਰੂ ਤੋਂ ਨਾਮ ਲੈਕੇ ਨਾਮ ਵਾਲੇ (ਨਾਮਧਾਰੀ) ਬਨਣਾ ਪੈਂਦਾ ਹੈ ਫਿਰ ਹੀ ਨਾਮ ਧਨ ਕਮਾ ਸਕਦੇ ਹਾਂ ਤੇ ਜਮ੍ਹਾ ਕਰ ਸਕਦੇ ਹਾਂ। ਨਾਮ ਪੂਰਨ ਗੁਰੂ ਤੋਂ ਬਿਨਾਂ ਹੋਰ ਕਿਤੋਂ ਪ੍ਰਾਪਤ ਨਹੀਂ ਹੋ ਸਕਦਾ। ਕਿਉਂਕਿ ਸਤਿਗੁਰੂ ਹੀ ਨਾਮ ਧਨ ਦਾ ਸਭ ਤੋਂ ਵਡਾ ਸ਼ਾਹ ਤੇ ਮਾਲਕ ਹੈ।

ਐਸੋ ਧਣੀ ਗੁਵਿੰਦੁ ਹਮਾਰਾ ॥
ਬਰਨਿ ਨ ਸਾਕਉ ਗੁਣ ਬਿਸਥਾਰ ॥
ਨਾ ਇਹੁ ਧਨੁ ਜਲੈ ਨ ਤਸਕਰੁ ਲੈ ਜਾਇ ॥
ਨ ਇਹੁ ਧਨੁ ਡੂਬੈ ਨ ਇਸੁ ਧਨ ਕਉ ਮਿਲੈ ਸਜਾਇ ॥
ਇਸੁ ਧਨ ਕੀ ਦੇਖਹੁ ਵਡਿਆਈ ॥
ਸਹਜੇ ਮਾਤੇ ਅਨਦਿਨੁ ਜਾਈ ॥
ਇਕ ਬਾਤ ਅਨੂਪ ਸੁਨਹੁ ਰੇ ਨਰ ਭਾਈ ॥
ਇਸੁ ਧਨ ਬਿਨੁ ਕਹਹੁ ਕਿਨੈ ਪਰਮਗਤਿ ਪਾਈ ॥
ਭਣਤਿ ਨਾਨਕੁ ਅਕਥ ਕੀ ਕਥਾ ਸੁਣਾਏ ॥
ਸਤਿਗੁਰ ਮਿਲੈ ਤ ਇਹੁ ਧਨੁ ਪਾਏ ॥
(ਪੰਨਾ 991 ਸ੍ਰੀ ਆਦਿ ਗ੍ਰੰਥ)

ਕਈ ਲੋਕ ਇਹ ਵੀ ਕਹਿੰਦੇ ਹਨ ਕਿ ਜੇਕਰ ਸਤਿਗੁਰੂ ਤੋਂ ਨਾਮ ਲੈਣ ਤੋਂ ਬਿਨਾਂ ਹੀ ਨਾਮ ਜਪਣਾ ਸ਼ੁਰੂ ਕਰ ਦੇਈਏ ਤਾਂ ਕੀ ਉਸ ਦੀ ਕੋਈ ਕੀਮਤ ਨਹੀਂ ਹੈ? ਇਸਦਾ ਉਤਰ ਇਹ ਹੈ ਕਿ ਅਜਿਹੇ ਤਰੀਕੇ ਨਾਲ ਨਾਮ ਧਨ ਜਮਾ ਕਰਨ ਦੀ ਕੋਈ ਕੀਮਤ ਨਹੀਂ ਹੈ ਸਗੋਂ ਉਲਟਾ ਨੁਕਸਾਨ ਵੀ ਹੋ ਸਕਦਾ ਹੈ। ਜੇਕਰ ਅਜੇ ਵੀ ਯਕੀਨ ਨਹੀਂ ਆਉਂਦਾ ਤਾਂ ਇਕ



Sri Satguru Jagjit Singh Ji Elibrary NamdhariElibrary@gmail.com

ਉਦਾਹਰਣ ਦੀ ਮਦਦ ਲਉ। ਇਕ ਆਦਮੀ ਸੜਕ ਦੀ ਪਟੜੀ ਤੋਂ ਮਿੱਟੀ ਪੁਟਦਾ ਹੈ ਪਰ ਆਪਣੀ ਮਰਜੀ ਨਾਲ ਤਾਂ ਉਸ ਨੂੰ ਉਸ ਮਿਹਨਤ ਦੇ ਬਦਲੇ ਕੋਈ ਤਨਖਾਹ ਨਹੀਂ ਮਿਲੇਗੀ ਸਗੋਂ ਪਕੜੇ ਜਾਣ ਤੇ ਸਜਾ ਦਾ ਭਾਗੀ ਹੋਵੇਗਾ। ਕਿਉਂਕਿ ਸੜਕ ਦੇ ਕੰਢੇ ਤੋਂ ਮਿਟੀ ਪੁਟਣਾ ਜਾਂ ਟੋਏ ਪਾਉਣੇ ਜੁਰਮ ਹੈ। ਦੂਜੇ ਪਾਸੇ ਇਕ ਹੋਰ ਆਦਮੀ ਜੋ ਕਿ ਸੜਕਾਂ ਦੇ ਮਹਿਕਮੇ ਵਿਚ ਨੌਕਰੀ ਕਰਦਾ ਹੈ ਤੇ ਆਪਣੇ ਅਫਸਰ ਤੇ ਹੁਕਮ ਅਨੁਸਾਰ ਸੜਕ ਦੀ ਮੁਰੰਮਤ ਵਾਲੇ ਸੜਕ ਤੋਂ ਮਿਟੀ ਵਗੈਰਾ ਪੁਟਦਾ ਹੈ ਤੇ ਮਿਹਨਤ ਕਰਦਾ ਹੈ ਉਸਨੂੰ ਉਸ ਦੇ ਬਦਲੇ ਪੈਸੇ ਮਿਲਣਗੇ ਤੇ ਸਜ਼ਾ ਨਹੀਂ ਮਿਲ ਸਕਦੀ ਕਿਉਂਕਿ ਉਸ ਆਦਮੀ ਦਾ ਨਾਂ ਉਸ ਮਹਿਕਮੇ ਦੇ ਕਾਗਜਾਂ ਵਿਚ ਲਿਖਿਆ ਹੋਇਆ ਹੈ ਤੇ ਫਿਰ ਉਹ ਹੁਕਮ ਅਨੁਸਾਰ ਕੰਮ ਕਰਦਾ ਹੈ ਇਸ ਲਈ ਉਸ ਆਦਮੀ ਦੀ ਪਹਿਲੇ ਆਦਮੀ ਨਾਲ ਤੁਲਣਾ ਕਰੀਏ ਤਾਂ ਇਸ ਪ੍ਰਸ਼ਨ ਦਾ ਉਤਰ ਸਹਿਜੇ ਹੀ ਮਿਲ ਜਾਂਦਾ ਹੈ।

ਕਈ ਲੋਕ ਧਨ ਕਮਾ ਕੇ ਨਾਲੋਂ ਨਾਲ ਜਮਾਂ ਵੀ ਕਰਦੇ ਹਨ। ਕਈ ਲੋਕ ਜਿਨਾਂ ਧਨ ਉਹ ਕਮਾਉਂਦੇ ਹਨ ਉਨਾ ਹੀ ਨਾਲੋਂ ਨਾਲ ਖਰਚ ਕਰ ਲੈਂਦੇ ਹਨ ਪਰ ਕਈ ਲੋਕ ਐਸੇ ਹਨ ਜੋ ਕਿ ਕਰਜਾਈ ਹੋ ਜਾਂਦੇ ਹਨ, ਕਮਾਈ ਘਟ ਤੇ ਖਰਚ ਜਿਆਦਾ। ਇਸਤੋਂ ਇਲਾਵਾ ਜਿਵੇਂ ਕਈ ਲੋਕ ਖਰਚ ਕਰਦੇ ਹਨ ਤਾਂ ਖਰਚ ਕਰਕੇ ਚੰਗੀਆਂ ਚੀਜ਼ਾਂ ਖਰੀਦ ਦੇ ਹਨ ਤੇ ਕਈ ਲੋਕ ਧਨ ਕਮਾ ਕੇ ਸ਼ਰਾਬ ਤੇ ਹੋਰ ਸਰੀਰ ਨੂੰ ਨੁਕਸਾਨ ਦੇਣ ਵਾਲੀਆਂ ਚੀਜਾਂ ਖਰੀਦ ਲੈਂਦੇ ਹਨ। ਇਸੇ ਤਰ੍ਹਾਂ ਨਾਮ ਧਨ ਦੀ ਕਮਾਈ ਕਰਕੇ ਵੀ ਜੇਕਰ ਪੰਜਾਂ ਵੈਰੀਆਂ ਵਿਚੋਂ ਕੋਈ ਵੀ ਵੈਰੀ (ਕਾਮ ਕ੍ਰੋਧ, ਲੋਭ, ਮੋਹ, ਹੰਕਾਰ) ਸਾਡੇ ਉਤੇ ਆਪਣਾ ਪ੍ਰਭਾਵ ਕਰ ਗਿਆ ਤਾਂ ਵੀ ਸਾਨੂੰ ਨੁਕਸਾਨ ਪਹੁੰਚ ਸਕਦਾ ਹੈ। ਨਾਮ ਦੀ ਕਮਾਈ ਕਰਕੇ ਵੀ ਕਈ ਲੋਕ ਤਾਂ ਚੰਗੀਆਂ ਵਸਤਾਂ ਖਰੀਦ ਕੇ ਆਪਣਾ ਅੱਗਾ ਸਵਾਂਰ ਲੈਂਦੇ ਹਨ ਤੇ ਕਈ ਲੋਕ ਨਾਮ ਧਨ ਦੀ ਕਮਾਈ ਦੀ ਤਾਕਤ ਨਾਲ ਦੂਜਿਆਂ ਨੂੰ ਸਰਾਪ ਦੇ ਦੇ ਕੇ, ਦੂਜਿਆਂ ਦਾ ਬੁਰਾ ਕਰਨ ਦੀ ਅਰਦਾਸ ਕਰਕੇ ਆਪਣੇ ਨਾਮ ਧਨ ਨੂੰ ਖਰਚ ਕੇ ਨਾਮ ਧਨ ਨਾਲ ਅਜਿਹੀਆਂ ਮਾੜੀਆਂ ਚੀਜ਼ਾਂ ਖਰੀਦ ਕੇ ਆਪਣੀ ਤਬਾਹੀ ਆਪਣੇ ਨਾਮ ਧਨ ਨਾਲ ਹੀ ਕਰ ਲੈਂਦੇ ਹਨ।

ਸੋ ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਸਤਿਗੁਰੂ ਤੋਂ ਸਭ ਤੋਂ ਪਹਿਲਾਂ ਨਾਮ ਦੀ ਪ੍ਰਾਪਤੀ ਕਰਕੇ ਨਾਮ ਵਾਲੇ (ਨਾਮਧਾਰੀ) ਬਣੀਏ ਤੇ ਨਾਮ ਧਨ ਦੀ ਕਮਾਈ ਕਰਕੇ ਨਾਮ ਧਨ ਜਮ੍ਹਾ ਕਰੀਏ ਤੇ ਅੱਗੇ ਦਰਗਾਹ ਵਿਚ ਜਾ ਕੇ ਇਸ ਜਮਾਂ ਕੀਤੇ ਨਾਮ ਧਨ ਤੋਂ ਜੋ ਮਰਜ਼ੀ ਖਰੀਦ ਕੇ ਫਾਇਦਾ ਲੈ ਸਕੀਏ।



Sri Satguru Jagjit Singh Ji Elibrary NamdhariElibrary@gmail.com

ਭੈਣਾਂ ਦਾ ਪੰਨਾਂ :

# ਦਾਜ-ਦਹੇਜ ਇਕ ਅਭਿਸ਼ਾਪ

**ਰਜਵੰਤ ਕੌਰ**
ਐਮ. ਏ., ਬੀ. ਐੱਡ., ਲੁਧਿਆਣਾ

ਸਦੀਆਂ ਪਹਿਲਾਂ ਦਾ ਇਤਿਹਾਸ ਵਾਚਨ ਤੋਂ ਪਤਾ ਲਗਦਾ ਹੈ ਕਿ ਉਸ ਸਮੇਂ ਸਵੰਬਰ ਰਚਕੇ ਲੜਕੀ ਲਈ ਵਰ ਢੂਂਢਿਆ ਜਾਂਦਾ ਸੀ ਅਤੇ ਜੋ ਉਨ੍ਹਾਂ ਦੀ ਸ਼ਰਤ ਨੂੰ ਜਿੱਤ ਜਾਂਦਾ ਸੀ ਉਹ ਉਸਦਾ ਪਤੀ ਬਨਣ ਦੇ ਲਾਇਕ ਸਮਝਿਆ ਜਾਂਦਾ ਸੀ। ਉਦੋਂ ਔਰਤ ਨੂੰ ਵੀ ਪੂਰਾ ਮਾਣ ਤੇ ਸਤਿਕਾਰ ਆਦਮੀ ਜਿੰਨਾਂ ਹੀ ਮਿਲਦਾ ਸੀ। ਦਾਜ-ਦਹੇਜ ਦੀ ਲਾਹਣਤ ਵਰਗੀ ਕੋਈ ਸ਼ੈ ਤਕ ਨਹੀਂ ਸੀ।

ਫਿਰ ਸਮਾਂ ਬਦਲਿਆ ਅਤੇ ਔਰਤ ਨੂੰ ਬੜੀ ਹੀਣ ਦਸ਼ਾ ਵਿਚ ਰਖਿਆ ਜਾਣ ਲੱਗ ਪਿਆ। ਉਸਨੂੰ ਘਰ ਦੀ ਨਾਰ ਦੇ ਨਾਲ ਨਾਲ ਪੈਰ ਦੀ ਜੁੱਤੀ ਕਹਿਕੇ ਧ੍ਰਿਕਾਰਿਆ ਜਾਣ ਲਗ ਪਿਆ ਅਤੇ ਜਾਨਵਰਾਂ ਵਾਂਗੂ ਉਸ ਨਾਲ ਦੁਰ-ਵਿਹਾਰ ਹੋਣ ਲਗ ਪਿਆ। ਸਦੀਆਂ ਲੰਘ ਗਈਆਂ ਪਰ ਕੋਈ ਵੀ ਇਸਤਰੀ ਨੂੰ ਉਭਾਰਨ ਵਾਲਾ ਨਾ ਆਇਆ।

ਅੰਤ ਗੁਰੂ ਨਾਨਕ ਪ੍ਰਗਟਿਆ ਤੇ ਉਸਨੇ ਇਸ ਔਰਤ ਨੂੰ ਪਹਿਚਾਨ ਕੇ ਸੱਚ ਦਾ ਹੋਕਾ ਦਿੱਤਾ ਕਿ ਜਿਸ ਦੇ ਪੇਟੋਂ ਤੁਸੀਂ ਪੈਦਾ ਹੁੰਦੇ ਹੋ ਉਸ ਨਾਲ ਇੰਨਾ ਮਾੜਾ ਸਲੂਕ ਕਰਕੇ ਬਹੁਤ ਵੱਡੇ ਗੁਨਾਹ ਦੇ ਭਾਗੀ ਬਣ ਜਾਂਦੇ ਹੋ। ਇਥੇ ਹੀ ਬੱਸ ਨਹੀਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਵਿਚ ਜਦੋਂ ਲੜਕੀਆਂ ਨੂੰ ਜੰਮਦਿਆਂ ਹੀ ਮਾਰ ਦੇਂਦੇ ਸੀ ਡੱਟ ਕੇ ਮਾਰਨੋਂ ਵਰਜਿਆ। ਲੜਕੀਆਂ ਨੂੰ ਪਸ਼ੂਆਂ ਵਾਂਗ ਵੇਚਣੋਂ ਹਟਾਇਆ ਅਤੇ ਪਹਿਲੀ ਵਾਰ ਖੰਡੇ ਦਾ ਅੰਮ੍ਰਿਤ ਛਕਾ ਕੇ ਇਸਤਰੀ ਨੂੰ ਮਨੁੱਖ ਦੇ ਬਰਾਬਰੀ ਦਾ ਦਰਜਾ ਦਿਤਾ।

ਦਾਜ--ਦਹੇਜ ਇਸ ਸਮਾਜ ਲਈ ਇਕ ਲਾਹਣਤ ਹੈ ਨੂੰ ਦੂਰ ਕਰਨ ਹਿਤ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ੩ ਜੂਨ, ੧੮੬੩ ਨੂੰ ਖੋਟੇ ਪਿੰਡ ਜ਼ਿਲਾ. ਫਿਰੋਜ਼ਪੁਰ ਵਿਖੇ ਸਾਮੂਹਿਕ-ਆਨੰਦ ਕਾਰਜਾਂ ਦੀ ਰਸਮ ਤੋਰੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਨੂੰ ਹੋਰ ਵੀ ਲਿਸ਼ਕਾ – ਚਮਕਾ ਕੇ ਸਾਡੇ ਸਾਹਮਣੇ ਲਿਆਂਦਾ।

ਅਜ ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹਰ ਅਨੰਦ ਕਾਰਜ ਤੋਂ ਪਹਿਲਾਂ ਪੂਰੀ ਪੁੱਛ-ਪੜਤਾਲ ਕਰਕੇ ਹੀ ਆਨੰਦ ਕਾਰਜ ਹੋਣ ਦੇ ਰਹੇ ਹਨ ਅਤੇ ਬਾਅਦ ਵਿਚ ਵੀ ਮੁਕਲਾਵੇ ਆਦਿ ਰਸਮ ਨੂੰ ਬਿਲਕੁਲ ਹੀ ਖਤਮ ਕਰ ਦਿਤਾ ਗਿਆ ਹੈ ਤਾਂ ਉਥੇ ਅਜੇ ਵੀ ਆਮ ਵੇਖਣ ਤੇ ਸੁਨਣ ਵਿਚ ਆ ਰਿਹਾ ਹੈ ਕੁ ਸਾਡਾ ਸਮਾਜ ਇਸ ਲਾਹਣਤ ਨੂੰ ਦੂਰ ਕਰਨ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਹੈ। ਸਾਡੇ ਲਈ ਤਾਂ ਸਤਿਗੁਰੂ ਜੀ ਦਾ ਹੁਕਮ ਸਰਵੋਪਰੀ ਹੀ ਹੋਣਾ ਚਾਹੀਦਾ ਹੈ ਅਤੇ ਜਦੋਂ ਅਸੀਂ ਉਨ੍ਹਾਂ ਦੇ ਬਾਕੀ ਹੁਕਮ ਪੂਰੀ ਤਰ੍ਹਾਂ ਅਮਲੀ ਰੂਪ ਵਿਚ ਲਿਆਉਂਦੇ



Sri Satguru Jagjit Singh Ji Elibrary NamdhariElibrary@gmail.com

ਹਾਂ ਤਾਂ ਸਾਨੂੰ ਦਾਜ-ਦਹੇਜ ਦੇ ਖਾਤਮੇ ਵਾਲੇ ਹੁਕਮ ਨੂੰ ਮੰਨਣ ਵਿਚ ਕਿਉਂ ਸ਼ਰਮ ਮਹਿਸੂਸ ਹੋ ਰਹੀ ਹੈ।

ਅਜ ਦਾਜ-ਦਹੇਜ਼ ਦੀ ਇਸ ਭੈੜੀ ਲਾਹਣਤ ਨਾਲ ਕਿੰਨੀਆਂ ਭੈਣਾਂ ਨੇ ਜਾਨਾਂ ਦੇ ਦਿਤੀਆਂ ਹਨ। ਕਹਿੰਦੇ ਹਨ ਕਿ ਕਿਸੇ ਚੀਜ਼ ਦੀ ਪ੍ਰਾਪਤੀ ਵਾਸਤੇ ਬਲੀਦਾਨ ਦੀ ਜ਼ਰੂਰਤ ਹੁੰਦੀ ਹੈ ਪਰ ਇਥੇ ਤਾਂ ਅਣਗਿਣਤ ਦੇਵੀਆਂ ਇਸ ਦਾਜ ਦੀ ਲਾਹਣਤ ਅਗੇ ਭੇਟਾ ਹੋ ਚੁੱਕੀਆਂ ਹਨ। ਫਿਰ ਕਿਉਂ ਨਹੀਂ ਇਸ ਲਾਹਣਤ ਦਾ ਖਾਤਮਾ ਹੁੰਦਾ? ਮੈਂ ਤਾਂ ਇਹੀ ਸਮਝਦੀ ਹਾਂ ਕਿ ਅਜੋਕੇ ਸਮੇਂ ਵਿਚ ਇਸ ਦਾਜ-ਦਹੇਜ਼ ਦੀ ਲਾਹਣਤ ਨੂੰ ਜੇਕਰ ਖਤਮ ਕਰ ਸਕਦੇ ਹਨ ਤਾਂ ਸਿਰਫ਼ ਸਿਖਾਂ ਦੇ ਵਰਤਮਾਨ ਗੁਰੂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹੀ ਹਨ ਜੋ ਆਪਣੇ ਸ਼ਿਖਾਂ ਵਿਚ ਇਸ ਹੁਕਮ ਨੂੰ ਕਰੜਾ ਕਰਕੇ ਮਨਾਉਣ ਲਈ ਹਰ ਵਕਤ ਯਤਨ-ਸ਼ੀਲ ਰਹਿੰਦੇ ਹਨ।

ਮੈਂ ਜਾਣਦੀ ਹਾਂ ਕਿ ਕਈ ਵਾਰੀ ਪਤੀ-ਪਤਨੀ ਦਾਜ ਦੇ ਵਿਰੁਧ ਹੁੰਦੇ ਹਨ ਤਾਂ ਉਨ੍ਹਾਂ ਦੇ ਮਾਤਾ-ਪਿਤਾ ਜੋ ਕਿਸੇ ਵੇਲੇ ਆਪ ਦਾਜ ਦੇ ਚੁਕੇ ਹੋਏ ਹੁੰਦੇ ਹਨ — ਦਾਜ ਲੈਣ ਦੇ ਇਛੁਕ ਹੁੰਦੇ ਹਨ ਅਤੇ ਇਹ ਗੱਲ ਕਈ ਵਾਰੀ ਲੜਕੇ ਨੂੰ ਵੀ ਮਜਬੂਰ ਕਰ ਦੇਂਦੀ ਹੈ ਜਿਸ ਕਰਕੇ ਲੜਕੀ ਨੂੰ ਔਖਿਆਂ ਹੋ ਕੇ ਦਾਜ ਲਿਆਉਣਾ ਹੀ ਪੈਂਦਾ ਹੈ।

ਦੂਜੀ ਗੱਲ ਜੋ ਸਮਝ ਵਿਚ ਆਈ ਹੈ ਕਿ ਇਕ ਲੜਕੀ ਆਪਣੀ ਵੱਡੀ ਭੈਣ ਜਾਂ ਹੋਰ ਰਿਸ਼ਤੇ ਨਾਤਿਆਂ 'ਚੋਂ ਕਿਸੇ ਦਾ ਦਾਜ ਵੇਖ ਚੁੱਕੀ ਹੁੰਦੀ ਹੈ ਜਿਸ ਕਰਕੇ ਉਸਦੇ ਮਨ ਵਿਚ ਵੀ ਦਾਜ ਬਨਾਉਣ ਦੀ ਲਾਲਸਾ ਉਤਪੰਨ ਹੋ ਜਾਂਦੀ ਹੈ ਅਤੇ ਇਹੀ ਲਾਲਸਾ ਕਈ ਵਾਰੀ ਮਾਪਿਆਂ ਨੂੰ ਦੁਖੀ ਵੀ ਕਰ ਦੇਂਦੀ ਹੈ ਅਤੇ ਉਨ੍ਹਾਂ ਨੂੰ ਮਜਬੂਰਨ ਉਹ ਕੁਝ ਕਰਨਾ ਪੈਂਦਾ ਹੈ ਜੋ ਉਹ ਚਾਹੁੰਦੀ ਹੁੰਦੀ ਹੈ।

ਅਤੇ ਜੇ ਇਹ ਦੋਵੇਂ ਹਾਲਤਾਂ ਨਾ ਹੋਣ ਤਾਂ ਕਈ ਵਾਰੀ ਲੜਕੇ-ਲੜਕੀ ਦੇ ਦੋਸਤ ਮਿਤਰਾਂ ਜੋ ਕਿ ਆਮ ਕਰਕੇ ਨਾਮਧਾਰੀ ਨਹੀਂ ਹੁੰਦੇ ਦਾਜ-ਦਹੇਜ ਬਾਰੇ ਗੱਲਾਂ ਕਰਕੇ ਉਨ੍ਹਾਂ ਨੂੰ ਇਸ ਪਾਸੇ ਲੈ ਆਉਂਦੇ ਹਨ ਅਤੇ ਇਹ ਲਾਲਸਾ ਪੈਦਾ ਕਰ ਦੇਂਦੇ ਹਨ।

ਇਹੀ ਕਾਰਣ ਹਨ ਜੋ ਸਾਨੂੰ ਸ੍ਰੀ ਸਤਿਗੁਰੂ ਜੀ ਦਾ ਹੁਕਮ ਮੰਨਣ ਨਹੀਂ ਦੇ ਰਹੇ। ਅਤੇ ਇਸੇ ਕਰਕੇ ਅਜ ਲੜਕੀ ਵਾਲਿਆਂ ਨੂੰ ਉਨ੍ਹਾਂ ਦੇ ਵਿਚਾਰਾਂ ਮੁਤਾਬਿਕ ਲੜਕਾ ਲਭਣਾ ਔਖਾ ਹੋ ਰਿਹਾ ਹੈ। ਲੜਕੇ ਦੇ ਮਾਂ ਬਾਪ ਭਾਵੇਂ ਉਪਰੋਂ ਕੁਝ ਨ ਲੈਣ ਦੇ ਦਾਹਵੇ ਕਰਦੇ ਹਨ ਪਰ ਵਿਚੋਂ ਉਨ੍ਹਾਂ ਦੀ ਨਜ਼ਰ ਚੰਗੀ, ਪੜੀ ਲਿਖੀ ਜਾਂ ਗੁਣਵਤੀ ਲੜਕੀ ਤੇ ਨਹੀਂ ਹੁੰਦੀ ਬਲਕਿ ਉਸਦੇ ਘਰਦਿਆਂ ਦੀ ਦੌਲਤ ਤੇ ਹੁੰਦੀ ਹੈ। ਨਾਮਧਾਰੀ ਪੰਥ ਬਹੁਤ ਸੁਖੀ ਹੈ ਪਰ ਇਹ ਹੋਰ ਵੀ ਹੋ ਸਕਦਾ ਹੈ ਜੇਕਰ ਇਸ ਵਿਚਲੀ ਚੋਰੀ ਛਿਪੀ ਦਾਜ਼ ਦੇਣ ਤੇ ਲੈਣ ਵਾਲੀ ਲਾਹਣਤ ਦੂਰ ਹੋ ਜਾਵੇ।

ਮਾਂ-ਬਾਪ, ਪੁੱਤਰ, ਧੀਆਂ ਤੇ ਹੋਰ ਸਨਬੰਧੀ ਹਰ ਵਿਆਹ ਤੇ ਇਹ ਸੋਚ ਕੇ ਪ੍ਰਣ ਕਰਿਆ ਕਰਨ ਕਿ ਅਸੀਂ ਦਾਜ਼ ਨਹੀਂ ਲੈਣਾ ਤੇ ਨਹੀਂ ਦੇਣਾ। ਜੇਕਰ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਇਹ ਪ੍ਰਣ ਕਰਕੇ ਵੀ ਦਾਜ਼ ਲੈਣ-ਦੇਣ ਕਰ ਲੈਂਦੇ ਹਾਂ ਤਾਂ ਆਉਣ ਵਾਲੇ ਅਗੰਮੀ ਦੁਖ ਦਾ ਭਾਗੀ ਹੋਣਾ ਨਿਸ਼ਚਿਤ ਹੀ ਹੋਵੇਗਾ।

ਅੰਤ ਵਿਚ ਮੈਂ ਇਹੀ ਕਹਾਂਗੀ ਕਿ ਸਤਿਗੁਰੂ ਜੀ ਦੇ ਬਚਨ ਮੰਨਣ ਲਈ ਸਾਡੇ ਵਿਚ ਹਿੰਮਤ ਹੋਣੀ ਚਾਹੀਦੀ ਹੈ ਅਤੇ ਸ੍ਰੀ ਸਤਿਗੁਰੂ ਜੀ ਦੇ ਚਰਨਾ ਵਿਚ ਬੇਨਤੀ ਹੈ ਕਿ ਉਹ ਆਪਣਾ ਹੁਕਮ ਮਨਾਉਣੇ ਦੀ ਤਾਕਤ ਸਾਡੇ ਜੀਆਂ ਵਿਚ ਬਖਸ਼ਣ ਤਾਂ ਹੀ ਇਸ ਸਮੇਂ ਵਿਚ ਅਸੀਂ ਬਚ ਸਕਦੇ ਹਾਂ।

●



Sri Satguru Jagjit Singh Ji Elibrary NamdhariElibrary@gmail.com

# ਔਰਤ ਤੂੰ ਮਹਾਨ

ਤੇਗ ਬਹਾਦਰ ਸਿੰਘ 'ਤੇਗ'

ਔਰਤ ਤੂੰ ਮਹਾਨ
ਤੇਰੀ ਕੁੱਖੋਂ
ਪ੍ਰਗਟਿਆ, ਇਹ
ਦਿਸਦਾ ਹੈ
ਜੋ ਕੁਲ ਜਹਾਨ।
ਔਰਤ ਤੂੰ ਮਹਾਨ।
ਤੂੰ ਮੇਰੀ ਮਾਂ
ਤੂੰ ਮੇਰੀ ਭੈਣ
ਤੂੰ ਮੇਰੀ ਧੀ
ਹੋਰ ਮੈਂ ਤੈਨੂੰ
ਆਖਾਂ ਕੀ ?
ਤੇਰੀ ਕੁੱਖੋਂ
ਸਭ ਇਹ ਜਨਮੇਂ
ਪੀਰ ਪੈਗੰਬਰ
ਵਲੀ ਔਲੀਏ
ਸੂਰਬੀਰ ਤੇ
ਕੁਲ ਸੁਲਤਾਨ
ਔਰਤ ਤੂੰ ਮਹਾਨ।
ਸ਼ਰਮ ਨਾਲ ਹੀ
ਸਿਰ ਝੁਕ ਜਾਂਦੈ
ਜਦ ਕੋਈ ਆਖੇ
ਤੈਨੂੰ !
ਪੈਰ ਦੀ ਜੁੱਤੀ।
ਜਦ ਕੋਈ ਆਖੇ
ਤੈਨੂੰ ! ਸ਼ੂਦਰ
ਜਦ ਕੋਈ ਆਖੇ
ਵਿਹੁ ਦੀ ਗੰਦਲ।
ਜਦ ਕੋਈ ਤੈਨੂੰ
ਸੱਪਣ ਆਖੇ
ਜਾਂ ਦੇਵੇ
ਅੱਗ ਨਾਲ ਤਸ਼ਬੀਹ।
ਮੇਰੇ ਮਨ ਤੋਂ
ਪੁੱਛ ਕੇ ਦੇਖ
ਹਾਲ ਉਸਦਾ, ਹੁੰਦੈ ਕੀ ?
ਦਿਲ ਮੇਰਾ
ਇਹ ਗੱਲਾਂ ਸੁਣ ਕੇ
ਹੋ ਜਾਂਦਾ ਹੈ
ਛਲਣੀ ਛਲਣੀ।
ਪਰ !
ਮੈਂ ਆਖਾਂ
ਤੈਨੂੰ ! ਜੱਗ ਜਣਨੀ।
ਇਹ ਮੂਰਖ
ਇਹ ਕਾਮੀ ਕੁੱਤੇ
ਕਰਦੇ ਕਿਉਂ
ਤੈਨੂੰ ਬਦਨਾਮ ?
ਔਰਤ ਤੂੰ ਮਹਾਨ
"ਗੁਰੂ ਨਾਨਕ" ਨੇ
ਤੈਨੂੰ !
ਖੂਬ ਪਛਾਤਾ
ਅਤੇ, ਰੱਬ ਵਰਗਾ
ਤੈਨੂੰ ਦਿਤਾ ਮਾਣ।
ਤੇਰੀ ਕੁੱਖੋਂ
ਪ੍ਰਗਟਿਆ ਇਹ
ਦਿਸਦਾ ਹੈ ਜੋ
ਕੁਲ ਜਹਾਨ।
ਔਰਤ ਤੂੰ ਮਹਾਨ !
ਔਰਤ ਤੂੰ ਮਹਾਨ !!
ਔਰਤ ਤੂੰ ਮਹਾਨ !!!



Sri Satguru Jagjit Singh Ji Elibrary NamdhariElibrary@gmail.com

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਮਨ ਸਮੇਂ ਦੇ ਕੁਝ ਜ਼ਰੂਰੀ ਅੰਕੜੇ (ਸੰਖੇਪ ਵਿਚ)

ਸ੍ਰੀ ਮਹਾਰਾਜ ਬੀਰ ਸਿੰਘ ਜੀ

| | | |
|---|---|---|
| ੧. | ਮਾਤਾ ਜਸਾਂ ਜੀ (ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਹਿਲ, ਜੋ ਚੜ੍ਹਾਈ ਕਰ ਚੁਕੇ ਸਨ) ਨਮਿਤ ਭੋਗਾਂ ਦਾ ਮੇਲਾ ਸ੍ਰੀ ਭੈਣੀ ਸਾਹਿਬ | ... ਪੋਹ ੨੯-ਮਾਘ ੧, ੧੯੨੯ ਬਿ:<br>... ਜਨਵਰੀ ੧੧-੧੨, ੧੮੭੨ ਈ: |
| | ਉਪ੍ਰੋਕਤ ਮੇਲੇ ਤੇ ਦੂਰ ਨੇੜੇ ਤੋਂ ਬਹੁਤ ਸੰਗਤ ਆਈ ਹੋਈ ਸੀ ਇਸੇ ਮੇਲੇ ਤੇ ਸ: ਹੀਰਾ ਸਿੰਘ, ਲਹਿਣਾ ਸਿੰਘ ਸਕਰੋਦੀ ( ਜ਼ਿ: ਪਟਿਆਲਾ ) ਦੀ ਅਗਵਾਈ ਹੇਠ ਮਸਤਾਨਿਆਂ ਨੇ ਅੰਗਰੇਜ਼ੀ ਰਾਜ ਸਤਾ, ਉਨ੍ਹਾਂ ਦੇ ਝੋਲੀ ਚੁਕ ਰਿਆਸਤੀ ਅਤੇ ਅਤੇ ਗਊ ਹਤਿਆਰੇ ਖਤਮ ਕਰ ਦੇਣ ਦਾ ਫੈਸਲਾ ਕੀਤਾ । | |
| ੨. | ਉਪ੍ਰੋਕਤ ਫੈਸਲੇ ਅਨੁਸਾਰ ੧੨੦ ਸਿੰਘਾਂ ਦੇ ਜਥੇ ਨੇ ਮਲੇਰ ਕੋਟਲੇ ਨੂੰ ਤੁਰਨਾਂ, ਦਿਨ ਦੇ ੨ ਵਜੇ । | ... ਮਾਘ ੨, ੧੯੨੯ ਬਿ:<br>... ਜਨਵਰੀ ੧੩, ੧੮੭੨ ਈ: |
| ੩. | ਪਹੁੰਚ ਪਿੰਡ ਰਬੋਂ ਅਤੇ ਵਿਸ਼੍ਰਾਮ | " " " |
| ੪. | ਮਲੋਦ ਸ੍ਰਦਾਰ ਬਦਨ ਸਿੰਘ ਪਾਸੋਂ ਸ਼ਸਤ੍ਰ ਘੋੜੇ ਆਦਿ ਮੰਗਣੇ ਅਤੇ ਨਾ ਮਿਲਣ ਕਰਕੇ ਲੜਾਈ — ਦਿਨ ਦੇ ਪਿਛਲੇ ਪਹਿਰ | ... ਮਾਘ ੩, ੧੯੨੯ ਬਿ:<br>... ਜਨਵਰੀ ੧੪, ੧੮੭੨ ਈ: |
| ੫. | ਮਲੇਰ ਕੋਟਲੇ ਤੇ ਧਾਵਾ ਅਤੇ ਲੜਾਈ । | ... ਮਾਘ ੪, ੧੯੨੯<br>... ਜਨਵਰੀ ੧੫, ੧੮੭੨ |
| ੬. | ਸ਼ਹੀਦ ਹੋਣ ਵਾਸਤੇ ਪਿੰਡ ਰੂੜ ਗੜ੍ਹ (ਰੜ) ਵਿਖੇ ਸਿੰਘਾਂ ਨੇ ਆਪਣੇ ਆਪ ਨੂੰ ਸਰਕਾਰੀ ਅਫਸਰਾਂ ਦੇ ਪੇਸ਼ ਕਰਨਾ । | ... ਮਾਘ ੫, ੧੯੨੯<br>... ਜਨਵਰੀ ੧੬, ੧੮੭੨ |
| ੭. | ਮਲੇਰ ਕੋਟਲੇ ਫੌਜੀ ਗਰਾਊਂਡ (ਮੈਦਾਨ) ਵਿਚ ਸਿੰਘਾਂ ਦਾ ਪਹਿਲਾ ਜਥਾ ਸ਼ਹੀਦ ਕੀਤਾ ਜਾਣਾ<br>੪੯ ਤੋਪਾਂ ਨਾਲ ਅਤੇ ੧ (ਬਿਸ਼ਨ ਸਿੰਘ) ਤਲਵਾਰ ਨਾਲ । | ... ਮਾਘ ੬, ੧੯੨੯<br>... ਜਨਵਰੀ ੧੭, ੧੮੭੨ |



Sri Satguru Jagjit Singh Ji Elibrary NamdhariElibrary@gmail.com

| | | |
|---|---|---|
| ੮ | ਸਿੰਘਾਂ ਦਾ ਦੂਜਾ ਜਥਾ ਤੋਪਾਂ ਨਾਲ ਸ਼ਹੀਦ ਕੀਤਾ ਜਾਣਾ ਜਿਨ੍ਹਾਂ ਵਿਚ ਮਹਾਰਾਜ ਦੇ ਭਾਈ ਵਰਿਆਮ ਸਿੰਘ ਜੀ ਛਡੇ ਜਾਣਾ ਨਾ ਮੰਨਿਆ ਅਤੇ ਪੈਰਾਂ ਹੇਠ ਵੀਮਾਂ ਰੱਖ ਕੇ ਛਾਤੀ ਤੋਪ ਦੇ ਬਰਾਬਰ ਕਰਕੇ ਸ਼ਹੀਦੀ ਪਾਈ। | ... ਮਾਘ ੭, ੧੯੨੮<br>... ਜਨਵਰੀ ੧੮, ੧੮੭੨ |
| ੯. | ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪ੍ਰਦੇਸ਼ ਗਮਨ ਰਵਾਨਗੀ ਸ੍ਰੀ ਭੈਣੀ ਸਾਹਿਬ ਤੋਂ ਪ੍ਰਯਾਗ (ਅਲਾਹਾਬਾਦ) ਨੂੰ ਦਿਲੀ ਦੇ ਰਸਤੇ। | ... ਮਾਘ ੬, ੧੯੨੮<br>... ਜਨਵਰੀ, ੧੭, ੧੮੭੨ |
| ੧੦. | ਸ੍ਰੀ ਸਤਿਗੁਰੂ ਜੀ ਦੀ ਪਹੁੰਚ ਪ੍ਰਯਾਗ (ਅਲਾਹਾਬਾਦ) | ... ਮਾਘ ੮, ੧੯੨੮<br>... ਜਨਵਰੀ ੧੯, ੧੮੭੨ |
| ੧੧. | ਸ੍ਰੀ ਸਤਿਗੁਰੂ ਜੀ ਦੀ ਪ੍ਰਯਾਗ ਤੋਂ ਕਲਕਤੇ ਨੂੰ ਰਵਾਨਗੀ (ਰਾਤੀ ੧੦-੩੦ ਤੇ) | ... ਮਾਰਚ ੧੦, ੧੮੭੨ |
| ੧੨. | ਸ੍ਰੀ ਸਤਿਗੁਰੂ ਜੀ ਦੀ ਪਹੁੰਚ ਕਲਕਤਾ ਅਤੇ ਰੰਗੂਨ ਲਈ ਜਹਾਜ ਤੇ ਸਵਾਰ ਹੋਣਾ ਸ਼ਾਮ ਨੂੰ ੭ ਵਜੇ। | ... ਮਾਰਚ ੧੧, ੧੮੭੨ |
| ੧੩. | ਸ੍ਰੀ ਸਤਿਗੁਰੂ ਜੀ ਦਾ ਰੰਗੂਨ ਪਹੁੰਚਣਾ ਸਵੇਰੇ ਵੇਲੇ। | ... ਮਾਰਚ ੧੬, ੧੮੭੨ |
| ੧੪. | ਸ੍ਰੀ ਸਤਿਗੁਰੂ ਜੀ ਅਤੇ ਸਿੰਘਾਂ ਵਿਚ ਆਪਸੀ ਚਿਠੀਆਂ ਦੀ ਲਿਖਾ-ਪੜੀ ਜਾਰੀ ਰਹਿਣ ਤੋਂ ਬਚਣ ਲਈ ਸ੍ਰੀ ਸਤਿਗੁਰੂ ਜੀ ਨੂੰ ਮਰਗੋਈ ਭੇਜਣ ਬਾਰੇ ਸਰਕਾਰ ਦਾ ਫੈਸਲਾ। | ... ਮਾਰਚ ੨੭, ੧੮੭੨ |
| ੧੫. | ਸ੍ਰੀ ਸਤਿਗੁਰੂ ਜੀ ਦੀ 'ਆਨੰਦ' ਜਹਾਜ ਤੇ ਸਵਾਰ ਹੋ ਕੇ ਰੰਗੂਨ ਤੋਂ ਮਰਗੋਈ ਨੂੰ ਰਵਾਨਗੀ। | ... ਸਤੰਬਰ ੧੮, ੧੮੮੦ |
| ੧੬. | ਸ੍ਰੀ ਸਤਿਗੁਰੂ ਜੀ ਦਾ ਮਰਗੋਈ ਪਹੁੰਚਣਾ। | ... ਸਤੰਬਰ ੨੧, ੧੮੮੦ |
| ੧੭. | ਸੰਤ ਮੀਹਾਂ ਸਿੰਘ ਜੀ ਸਰਹਾਲੀ ਦਾ ਮਰਗੋਈ ਟਾਪੂ ਪਹੁੰਚ ਕੇ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਕਰਨਾ। ਉਹ ਸੂਬੇ ਜੋ ਸ੍ਰੀ ਭੈਣੀ ਸਾਹਿਬ ਉਪ੍ਰੋਕਤ ਮੇਲੇ ਤੋਂ ਪਕੜ ਕੇ ਦੇਸ਼ ਨਿਰਵਾਸਤ ਕੀਤੇ ਗਏ ਅਤੇ ਸ੍ਰੀ ਸਤਿਗੁਰੂ ਜੀ ਦੇ ਨਾਲ | ... ਜਨਵਰੀ ੨੫, ੧੮੮੧ |



Sri Satguru Jagjit Singh Ji Elibrary NamdhariElibrary@gmail.com

ਪ੍ਰਯਾਗ ਕਿਲੇ ਵਿਚ ਰਖੇ ਗਏ। ਬਾਦ ਵਿਚ ਨਿਮਿਨ ਜਗਾ
ਕੈਦ ਰੱਖਣ ਵਾਸਤੇ ਭੇਜੇ ਗਏ :—

੧. ਸੂਬਾ ਬ੍ਰਹਮਾ ਸਿੰਘ ਜੀ ... ਏਨ੍ਹਾਂ ਨੂੰ ਮੌਲਮੀਨ (ਬਰਮਾ) ਭੇਜਿਆ ਗਿਆ

੨. ਸੂਬਾ ਲੱਖਾ ਸਿੰਘ ਜੀ — ਕਲਕਤਾ ਤੋਂ ਜਹਾਜ਼ ਰਾਹੀਂ ਰਵਾਨਗੀ : ਦਸੰਬਰ ੧੪, ੧੮੭੨

੩. ਸੂਬਾ ਜਵਾਹਰ ਸਿੰਘ ਜੀ — ਪਹੁੰਚ ਮੌਲਮੀਨ ਜੇਲ : ਦਸੰਬਰ ੩੦, ੧੮੭੨

[ ਨੋਟ :- ਅਗਸਤ ੧੮੮੧ ਦੀ ਰੀਪੋਰਟ ਅਨੁਸਾਰ ਸੂਬਾ ਜਵਾਹਰ ਸਿੰਘ ਜੀ ਦੀ ਸੇਹਤ ਬਿਲਕੁਲ ਠੀਕ ਸੀ। ਪਤਾ ਨਹੀਂ ਜੇਲ ਵਿਚ ਬੁਰਾ ਵਰਤਾਓ ਜਾਂ ਹੋਰ ਕਿਸੇ ਕਾਰਣ ਆਪ ਨਵੰਬਰ ੨੯, ੧੮੮੧ ਨੂੰ ਸ਼ਹੀਦੀ ਪਾ ਗਏ ]

੪. ਸ੍ਰ. ਮੰਗਲ ਸਿੰਘ ਜੀ ਬਿਸ਼ਨਪੁਰਾ ਰਿ. ਪਟਿਆਲਾ। ਇਨ੍ਹਾਂ ਨੂੰ ਮਹਾਰਾਜਾ ਪਟਿਆਲਾ ਨੇ ਪਕੜ ਕੇ ਪ੍ਰਯਾਗ ਭੇਜ ਦਿਤਾ ਸੀ। ਮਗਰੋਂ ਇਨ੍ਹਾਂ ਦੀ ਸਿਫਾਰਸ਼ ਵੀ ਕੀਤੀ ਅਤੇ ਏਹ ਪ੍ਰਯਾਗ ਤੋਂ ਹੀ ਰਿਹਾ ਕੀਤੇ ਗਏ ਸਨ।

੫. ਸੂਬਾ ਰੂੜ ਸਿੰਘ
੬. ਸੂਬਾ ਮਲੂਕ ਸਿੰਘ
੭. ਸੂਬਾ ਪਹਾੜਾ ਸਿੰਘ

ਇਹ ਤਿਨੇ ਅਸੀਰ ਗੜ (ਖਾਂਡਵਾ ਦੇ ਪਾਸ ਦਿੱਲੀ-ਬੰਬਈ ਲਾਈਨ ਤੇ) ਕੈਦ ਕੀਤੇ ਗਏ। ਸੂਬਾ ਪਹਾੜਾ ਸਿੰਘ ਜੀ ਏਥੇ ਹੀ ਨਵੰਬਰ ੨੯, ੧੮੮੨ ਨੂੰ ਸ਼ਹੀਦੀ ਪਾ ਗਏ।

੮. ਸੂਬਾ ਮਾਨ ਸਿੰਘ
੯. ਸੂਬਾ ਹੁਕਮਾ ਸਿੰਘ

'ਚੁਨਾਰ' (ਉਤ੍ਰ ਪ੍ਰਦੇਸ਼) ਏਹ ਕਿਲਾ ਪ੍ਰਯਾਗ ਤੋਂ ਬਹੁਤੀ ਦੂਰ ਨਹੀਂ। ਇਹ ਓਹੋ ਹੀ ਜਗਾ ਹੈ ਜਿਥੇ ਮਹਾਰਾਣੀ ਜਿੰਦਾ ਨੂੰ ਅੰਗਰੇਜ਼ਾਂ ਨੇ ਕੈਦ ਰਖਿਆ ਸੀ ਅਤੇ ਓਹ ਭਿਖਾਰਨ ਦੇ ਰੂਪ ਵਿਚ ਏਥੋਂ ਨਿਕਲ ਗਈ ਸੀ।

੧੦. ਸੂਬਾ ਕਾਨ੍ਹ ਸਿੰਘ ਜੀ
੧੧. ਸੂਬਾ ਸਾਹਿਬ ਸਿੰਘ ਜੀ

ਇਨ੍ਹਾਂ ਨੂੰ ਪਹਿਲਾਂ ਅਦਨ (ਅਰਬ ਸਾਗਰ ਕਿਨਾਰੇ ਇਕ ਸ਼ਹਿਰ) ਭੇਜਿਆ ਗਿਆ। ਸਿਹਤਾਂ ਖਰਾਬ ਹੁੰਦੀਆਂ ਦੇਖਕੇ ਵਾਪਸ ਭੇਜ ਦਿਤੇ ਗਏ ਅਤੇ ਹਜ਼ਾਰੀ ਬਾਗ ਜੇਲ (ਬਿਹਾਰ) ਵਿਚ ਰਖੇ ਗਏ। ਜਿਥੇ ਜੂਨ ੧੦, ੧੮੭੯ ਨੂੰ ਸੂਬਾ ਸਾਹਿਬ ਸਿੰਘ ਜੀ ਸ਼ਹੀਦ ਹੋ ਗਏ।

ਸੂਬਾ ਕਾਨ੍ਹ ਸਿੰਘ ਜੀ ਅਪ੍ਰੈਲ ੧੦, ੧੮੮੦ ਨੂੰ ਚੁਨਾਰ ਭੇਜ ਦਿਤੇ ਗਏ। ਬਾਦ ਵਿਚ, ਏਹ ਜਾਣਕੇ ਕਿ ਏਹ ਹੁਣ ਬਚ ਨਹੀਂ ਸਕਦੇ, ਘਰ ਜਾਂਦੇ ਹੀ ਚੜ੍ਹਾਈ ਕਰ ਜਾਣਗੇ, ਇਨ੍ਹਾਂ ਨੂੰ ਇਨ੍ਹਾਂ ਦੇ ਪਿੰਡ ਚਕ, ਰਿ: ਮਲੇਰ ਕੋਟਲਾ ਭੇਜ ਦਿਤਾ ਗਿਆ ਸੀ।



Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਲੋਪ ਹੋਣ ਦੇ ਸੰਬੰਧ ਵਿਚ ੧੯੩੪ ਈ. ਨੂੰ, ਪ੍ਰਲੋਕ ਵਾਸੀ ਸੰਤ ਨਿਧਾਨ ਸਿੰਘ ਜੀ ਆਲਿਮ ਨੇ ਜੋ ਬਿਆਨ ਮਰਗੋਈ ਦੇ ਵਸਨੀਕ ਤੋਂ ਪੁਛ ਕੇ ਲਿਖਿਆ ਸੀ ਓਹ ਪੜ੍ਹਨ ਯੋਗ ਹੈ—

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਖਾਸ ਸੇਵਕਾਂ ਸਮੇਤ ਸਨ ੧੯੩੪ ਈ: ਨੂੰ ਸਿਆਮ ਪਧਾਰੇ ਸਨ। ਹਜ਼ੂਰ ਦੀ ਸੇਵਾ ਵਿਚ ਸ੍ਰੀ ਚਕ੍ਰਵਰਤੀ ਜੀ ਦੇ ਸਮੇਤ ਇਨ੍ਹਾਂ ਪੰਗਤੀਆਂ ਦਾ ਲੇਖਕ (ਨਿਧਾਨ ਸਿੰਘ ਆਲਿਮ) ਵੀ ਮੌਜੂਦ ਸੀ। ਬੈਂਕੌਕ ਤੋਂ ਵਾਪਸ ਔਂਦੇ ਹੋਏ ਅਸੀਂ ਪੀਨਾਂਗ ਤੋਂ ਰੰਗੂਨ ਜਾਣ ਵਾਲੇ ਜਹਾਜ਼ ਤੇ ਚੜ੍ਹੇ ਸਾਂ। ਜਹਾਜ਼ ਰਸਤੇ ਵਿਚ ਮਰਗੋਈ ਬੰਦਰਗਾਹ ਤੇ ਅਟਕਿਆ ਸੀ, ਜਿਥੇ ਉਤਰਕੇ ਅਸਾਂ ਸਤਿਗੁਰਾਂ ਸੰਬੰਧੀ ਵਾਕਿਆਤ ਦੀ ਪੜਤਾਲ ਕਰਨ ਦਾ ਜਤਨ ਕੀਤਾ। ਬਾਹਰ ਬਸਤੀ ਵਿਚ ਰਹਿਣ ਵਾਲੇ ਇਕ ਭਾਈ ਵਸਾਵਾ ਸਿੰਘ ਨੇ ਸਾਨੂੰ ਹੇਠਾਂ ਲਿਖਿਆ ਬਿਆਨ ਦਿਤਾ—

ਮੇਰੀ ਉਮਰ ਐਸ ਵੇਲੇ ੭੦ ਦੇ ਕਰੀਬ ਹੈ। ਮੈਂ ਲਗ ਭਗ ੨੦ ਸਾਲਾਂ ਤੋਂ ਹੀ ਏਥੇ ਰਹਿੰਦਾ ਤੇ ਗਵਾਲਿਆਂ ਦਾ ਕੰਮ ਕਰਦਾ ਹਾਂ। ਮੈਂ, ਇਕ ਸੌ ਸਾਲਾ ਪੁੰਗੀ (ਬ੍ਰਹਮੀ ਸਾਧੂ) ਤੋਂ, ਜੋ ਇਤਫਾਕ ਨਾਲ ਅਜ ਏਥੇ ਨਹੀਂ ਹੈ ਸ੍ਰੀ ਬਾਬਾ ਰਾਮ ਸਿੰਘ ਜੀ ਬਾਬਤ ਪੁਛਿਆ ਸੀ। ਉਸਨੇ ਦਸਿਆ ਕਿ ਉਹ ਬੜੀ ਸ਼ਕਤੀ ਵਾਲੇ ਪੁਰਸ਼ ਸਨ। ਉਨ੍ਹਾਂ ਦਾ ਦਰਸਨ ਕਰਕੇ ਚਿਤ ਨੂੰ ਠੰਢ ਪੈਂਦੀ ਸੀ। ਪਹਿਲੋਂ ਓਨਾ ਨੂੰ ਜੇਲ ਵਿਚ ਰਖਿਆ ਗਿਆ ਸੀ ਪਰ ਪਿਛੋਂ ਸਮੁੰਦਰ ਦੇ ਕਿਨਾਰੇ ਇਕ ਬੰਗਲੇ ਵਿਚ ਠਹਿਰਾਇਆ ਗਿਆ। ਪਹਿਰਾ ਤਾਂ ਹੁੰਦਾ ਸੀ ਪਰ ਬਹੁਤੀ ਕਰੜਾਈ ਨਹੀਂ ਸੀ। ਇਕ ਦਿਨ ਮਹਾਰਾਜ ਜੀ ਪਹਿਰੇ ਦਾਰਾਂ ਦੀ ਨਜ਼ਰ ਤੋਂ ਬਚਕੇ ਕਿਤੇ ਗੈਬ ਹੋ ਗਏ। ਬੜਾ ਜਤਨ ਕਰਨ ਤੇ ਵੀ ਪਤਾ ਨਾ ਲਗ ਸਕਿਆ। ਇਤਫਾਕ ਨਾਲ ਜੇਲ ਵਿਚ ਇਕ ਡੋਗਰੇ ਕੈਦੀ ਦੀ ਅਚਾਨਕ ਮੌਤ ਹੋ ਗਈ। ਉਸਦਾ ਨਾਮ ਵੀ ਰਾਮ ਸਿੰਘ ਸੀ। ਸਰਕਾਰ ਨੇ ਉਸਦੀ ਮੌਤ ਤੋਂ ਫਾਇਦਾ ਉਠਾਇਆ ਅਤੇ ਉਸਨੂੰ ਕੂਕਿਆ ਦਾ ਗੁਰੂ ਪ੍ਰਸਿਧ ਕਰਕੇ ਤਨਾਸਰਮ ਵਿਖੇ ਸਸਕਾਰ ਦਿਤਾ। ਉਥੇ ਉਨ੍ਹਾਂ ਦੇ ਨਾਮ ਦੀ ਸਮਾਧ ਬਣਵਾ ਦਿਤੀ। ਅਸਲ ਵਿਚ ਇਹ ਸਾਰਾ ਰਾਜਸੀ ਫਰੇਬ ਸੀ।

ਸਹੀ—ਵਸਾਵਾ ਸਿੰਘ ਗਵਾਲਾ ਮਰਗੋਈ (ਜੁਗ ਪਲਟਾਊ ਸਤਿਗੁਰੂ ਪੰਨਾ ੨੧੬—੫)



Sri Satguru Jagjit Singh Ji Elibrary NamdhariElibrary@gmail.com

# ਨਿਰੀਖਿਅਕ : ਇਕ ਪੰਥਕ ਸੇਵਾ

ਮੈਂ ਕੋਈ ਲਿਖਾਰੀ ਨਹੀਂ, ਨਾ ਹੀ ਵਿਦਵਾਨ ਹਾਂ। ਰੁਝੇਵੇਂ ਵੀ ਇੰਨੇ ਹਨ ਕਿ ਵਕਤ ਕੱਢਣਾ ਔਖਾ ਹੈ। ਫਿਰ ਨਿਰੀਖਿਅਕ ਕਿਵੇਂ ਛਪ ਕੇ ਮੇਲੇ ਤੇ ਪੁਜ ਜਾਂਦਾ ਹੈ। ਇਸ ਗੱਲ ਦੀ ਮੈਨੂੰ ਅੱਜ ਤਕ ਕੋਈ ਸਮਝ ਨਹੀਂ ਆਈ। ਬਸ ਜਦੋਂ ਮੇਲੇ ਤੋਂ ਪੰਦਰਾਂ ਕੁ ਦਿਨ ਪਹਿਲਾਂ ਆਉਂਦੇ ਹਨ, ਪਤਾ ਨਹੀਂ ਲੇਖ ਕਿਸ ਤਰ੍ਹਾਂ ਇਕੱਠੇ ਹੋ ਜਾਂਦੇ ਹਨ, ਪ੍ਰੈਸ ਵਿਚ ਕਿੱਦਾਂ ਪੁੱਜ ਜਾਂਦੇ ਹਨ ਅਤੇ ਛਪਾਈ ਹੋ ਕੇ ਨਿਰੀਖਿਅਕ ਦੇ ਰੂਪ ਵਿਚ ਪੁਜ ਜਾਂਦਾ ਹੈ। ਇਸ ਸਭ ਕਾਸੇ ਦਾ ਮੈਨੂੰ ਤਾਂ ਪਤਾ ਨਹੀਂ ਪਰ ਇਕ ਗੱਲ ਜ਼ਰੂਰ ਹੈ ਜੋ ਲਿਖ ਦੇਣਾ ਚਾਹੁੰਦਾ ਹਾਂ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ ਜੀ ਦੀ ਨਜ਼ਰੇ-ਰਹਿਮਤ ਨਾਲ ਇਹ ਛਪ ਜ਼ਰੂਰ ਜਾਂਦਾ ਹੈ। ਦੁੱਖ-ਤਕਲੀਫ਼ਾਂ ਜੋ ਇਸ ਦੇ ਛਪਣ ਵਿਚ ਆਉਂਦੀਆਂ ਹਨ ਉਹ ਸਭ ਉਸ ਦੀ ਇਕ ਮਿਹਰ ਭਰੀ ਦ੍ਰਿਸ਼ਟੀ ਨਾਲ ਹੀ ਤਹਿਸ ਨਹਿਸ ਹੋ ਜਾਂਦੀਆਂ ਹਨ।

ਐਤਕੀਂ ਵੀ ਮੇਰੇ ਸ਼ਹਿਨਸ਼ਾਹ ਦਾਤਾਰ ਨੇ 'ਨਿਰੀਖਿਅਕ' ਦੇ ਬਾਰੇ ਜੋ ਬਚਨ ਉਚਾਰੇ ਉਸ ਨਾਲ ਇਹ ਹੋਰ ਵੀ ਲਿਸ਼ਕ ਉਠਿਆ ਹੈ ਅਤੇ ਸ੍ਰੀ ਮਹਾਰਾਜ ਜੀ ਦੇ ਇਹਨਾਂ ਸ਼ਬਦਾਂ ਨੇ ਇਸ ਨੂੰ ਛਪਾਉਣ ਵਿਚ ਕਾਫ਼ੀ ਸਹਿਯੋਗ ਤੇ ਹੌਂਸਲਾ ਮੈਨੂੰ ਤੇ ਮੇਰੇ ਸਾਥੀਆਂ ਅਜੀਤ ਸਿੰਘ ਤੇ ਸੁਖਵਿੰਦਰ ਸਿੰਘ, ਲੁਧਿਆਣਾ ਨੂੰ ਦਿਤਾ ਹੈ।

> "ਮੈਂ ਚੰਗੀ ਤਰ੍ਹਾਂ ਇਹ ਸਮਝਦਾ ਹਾਂ ਕਿ 'ਨਿਰੀਖਿਅਕ' ਆਰਥਿਕ ਲਾਭ ਲਈ ਨਹੀਂ, ਨਾ ਹੀ ਕਿਸੇ ਪ੍ਰਕਾਰ ਦੀ ਨਿੱਜੀ ਪ੍ਰਸਿੱਧੀ ਵਾਸਤੇ ਹੈ। ਇਹ ਕੇਵਲ ਪੰਥ ਸੇਵਾ ਹੈ। ਮੈਨੂੰ ਬੜੀ ਵੱਡੀ ਘਾਟ ਅਨੁਭਵ ਹੋ ਰਹੀ ਹੈ ਕਿ ਜਿਵੇਂ ਕੁਛ ਅਤੇ ਜਿਸ ਸੰਪੂਰਣ ਸੁੰਦਰ ਵਿਆਖਿਆ ਨਾਲ ਲੇਖ ਚਾਹੀਦੇ ਹਨ, ਉਹ ਇਸ ਪੁਸਤਕ ਵਿਚ ਬੇਵਸੀ ਕਾਰਣ ਨਹੀਂ ਮਿਲ ਰਹੇ। ਇਹ ਸਭ ਕੁਛ ਹੋਣ ਤੇ ਵੀ ਮੇਰੀ ਭਾਵਨਾ ਹੈ ਕਿ ਨਾਮਧਾਰੀ ਪੰਥ ਦਾ ਜਾਂ ਦੂਜੇ ਸ਼ਬਦਾਂ ਵਿਚ ਸਿੱਖ ਸਿਧਾਂਤ ਵਧ ਤੋਂ ਵਧ ਪਾਠਕਾਂ ਪਾਸ ਪਹੁੰਚਾਇਆ ਜਾਵੇ। ਬੇਸ਼ੱਕ ਇਸ ਵਿਸ਼ੇ ਨੂੰ ਪੜ੍ਹਨਾ ਅਰੁਚੀ ਹੈ। ਫਿਰ ਵੀ ਸੰਭਾਵਨਾ ਕੀਤੀ ਜਾਂਦੀ ਹੈ ੧੦੦ ਪਿਛੇ, ੨੦੦/੪੦੦ ਪਿਛੇ ਜੋ ੧/੨ ਪੜ੍ਹ ਕੇ ਸੱਚਾਈ ਵਾਲੇ ਪਾਸੇ ਆਪਣੇ ਨੱਕ ਦੀ ਸੇਧ ਲਾਉਣਗੇ ਤਦ ਉਹ ਵੀ ਪ੍ਰਾਪਤੀ ਹੀ ਹੈ। ਦੂਜੇ, ਸਤਿਗੁਰੂ-ਜਸ ਵੀ ਇਸ ਵਿਚ ਹੈ। ਘਿਓ ਦਾ ਸਵਾਦ ਬਹੁਤੀ ਰੁਚੀ ਵਾਲਾ ਨਹੀਂ ਹੁੰਦਾ ਤਦ ਵੀ ਉਹ ਅੰਦਰ ਜਾ ਕੇ ਆਪਣਾ ਵਿਸ਼ੇਸ਼ ਗੁਣ ਕਰਦਾ ਹੈ। ਸੋ, ਸਤਿਗੁਰੂ-ਜਸ ਵੀ ਪੜ੍ਹਨ ਵਾਲੇ ਪਾਸੋਂ ਲੈਂਦਾ ਕੁਛ ਨਹੀਂ, ਕੁਛ ਨਾ ਕੁਛ ਦੇਵੇਗਾ ਹੀ। ਸੋ, ਇਹ ਸੇਵਾ ਹੈ। ਤੁਸੀਂ ਇਹ ਸਮਝੋ ਕਿ ਇਸ ਪ੍ਰਕਾਰ ਦੀ ਸੇਵਾ ਦਾ ਅਵਸਰ ਮਸਾਂ ੬ ਮਹੀਨੇ ਪਿਛੋਂ ਆਉਂਦਾ ਹੈ। ਇਸ ਲਈ ਸਮਾਂ ਨਿਰਧਾਰਤ ਕੀਤਾ ਜਾਣਾ ਜ਼ਰੂਰੀ ਹੈ। ਹੋਰ ਵੀ ਤੁਹਾਡੇ ਨਾਲ ਲਗ ਕੇ ਇਸ ਕੰਮ ਨੂੰ ਕਰਨਗੇ ਉਹ ਇਸ ਸੇਵਾ ਦੇ ਭਾਗਦਾਰ ਨਿਸ਼ਚਿਤ ਹੀ ਹੋਣਗੇ। ਜਿੰਨੇ ਵੀ ਨਾਲ ਲਗ ਸਕਣ ਲਗਾ ਕੇ ਉਤਸ਼ਾਹ ਨਾਲ ਇਸ ਨੂੰ ਸੁੰਦਰ ਰੂਪ ਵਿਚ, ਜਤਨ ਕਰੋ ਕਿ ਹੋਲੇ ਦੇ ਆਰੰਭ ਵਾਲੇ ਦਿਨ, ਸ੍ਰੀ ਭੈਣੀ ਸਾਹਿਬ ਪਹੁੰਚ ਜਾਵੇ।"

ਸ੍ਰੀ ਮਹਾਰਾਜ ਬੀਰ ਸਿੰਘ ਜੀ

(੧੨ ਫਗਣ ੨੦੩੭)



Sri Satguru Jagjit Singh Ji Elibrary NamdhariElibrary@gmail.com

ਨਿਰੀਖਿਅਕ ਦਾ ਹਰ ਇਕ ਅੰਕ ਕਿਹੋ ਜਿਹਾ ਹੁੰਦਾ ਹੈ ਇਸ ਬਾਰੇ ਤਾਂ ਮੈਨੂੰ ਉਦੋਂ ਹੀ ਪਤਾ ਲਗਦਾ ਹੈ ਜਦੋਂ ਪਾਠਕਾਂ ਦੀਆਂ ਚਿੱਠੀਆਂ ਮੇਰੇ ਕੋਲ ਪੁਜਦੀਆਂ ਹਨ। ਉਹਨਾਂ ਪਾਠਕਾਂ ਦਾ ਧੰਨਵਾਦ ਕਰਦਾ ਹੋਇਆ ਇਹੀ ਅਰਦਾਸ ਕਰਦਾ ਹਾਂ ਕਿ ਇਹ ਸੇਵਾ ਜੋ ਮੈਥੋਂ ਸ੍ਰੀ ਸਤਿਗੁਰੂ ਜੀ ਲੈ ਰਹੇ ਹਨ, ਉਹ ਕ੍ਰਿਪਾ ਦ੍ਰਿਸ਼ਟੀ ਰਖਦੇ ਹੋਏ ਮੈਨੂੰ ਇਸ ਸੇਵਾ ਦੇ ਲਾਇਕ ਬਣਾਈ ਰੱਖਣ।

ਨਿਰੀਖਿਅਕ—ਇਕ ਪੰਥਕ ਸੇਵਾ ਹੈ। ਨਾਮਧਾਰੀ ਵਿਦਿਅਕ ਜਥਾ, ਲੁਧਿਆਣਾ ਦੀ ਇਹ ਹਾਰਦਿਕ ਇੱਛਾ ਸੀ ਅਤੇ ਉਹ ਸ੍ਰੀ ਸਤਿਗੁਰੂ ਜੀ ਪਾਤਸ਼ਾਹ ਨੇ ਪੂਰੀ ਕਰ ਦਿਤੀ। ਇਸ ਨੂੰ ਸੁੰਦਰ ਅਤੇ ਵਧੀਆ ਬਨਾਉਣ ਵਿਚ ਜਿਥੇ ਸ੍ਰੀ ਮਹਾਰਾਜ ਜੀ ਨੇ ਆਪਣਾ ਅਮੁਲਾ ਸਮਾਂ ਦੇ ਕੇ ਨਿਵਾਜਿਆ ਹੈ, ਸ਼ਾਲਾ ਇਹ ਕਲਮ ਨਿਰੰਤਰ ਇਸੇ ਤਰ੍ਹਾਂ ਚਲਦੀ ਜਾਵੇ ਅਤੇ ਕਦੇ ਨਾ ਰੁਕੇ। ਮਾਸਟਰ ਨਿਹਾਲ ਸਿੰਘ ਜੀ, ਸਨਖਤਰਾ ਜੀ ਦਾ ਅਮੁਲ ਖਜ਼ਾਨਾ, ਸ੍ਰੀ ਪ੍ਰੀਤਮ ਸਿੰਘ ਕਵੀ ਜੀ ਦਾ ਨਿੱਘਾ ਸਨੇਹ, ਸ੍ਰੀ ਅਮਰ ਭਾਰਤੀ ਜੀ ਦੀਆਂ ਖੋਜ ਭਰਪੂਰ ਲਿਖਤਾਂ, ਸ੍ਰੀ ਸਵਰਨ ਸਿੰਘ ਸਨੇਹੀ, ਸ: ਮਿਹਰ ਸਿੰਘ ਜੀ ਕਾਨ੍ਹਪੁਰ ਆਦਿ ਹੋਰ ਲਿਖਾਰੀਆਂ ਦਾ ਪਿਆਰ—ਇਹ ਸਭ ਧੰਨਵਾਦ ਦੇ ਹੱਕਦਾਰ ਹਨ।

ਨਿਰੀਖਿਅਕ—ਨੂੰ ਛਪਦਾ ਰਖਣ ਲਈ ਇਹਨਾਂ ਦਾਨੀ ਮਹਾਂਪੁਰਖਾਂ ਦੇ ਬਾਰੇ ਮੈਂ ਕਿਸੇ ਹੋਰ ਅੰਕ ਵਿਚ ਵਿਚ ਲਿਖਾਂਗਾ। ਅਜ ਤਾਂ ਸੰਤ ਸੇਵਾ ਸਿੰਘ ਨਾਮਧਾਰੀ ਟੈਂਟ ਹਾਊਸ ਦਿੱਲੀ, ਸ: ਸੁਰਿੰਦਰ ਸਿੰਘ ਜੀ ਮੰਨਚੰਦਾ ਅਸ਼ੋਕਾ ਬਿਸਕੁਟ ਦਿੱਲੀ ਵਾਲੇ, ਸੰਤ ਮਹਿੰਦਰ ਸਿੰਘ ਜੀ ਬਾਲੀ ਨਗਰ ਦਿੱਲੀ, ਸੰਤ ਬਲਵੰਤ ਸਿੰਘ ਜੀ ਬਾਲੀ ਨਗਰ ਦਿੱਲੀ, ਸੰਤ ਸਵਰਨ ਸਿੰਘ ਜੀ ਲਾਇਲ ਇੰਜੀ: ਵਰਕਸ, ਲੁਧਿਆਣਾ, ਸੰਤ ਲਛਮਣ ਸਿੰਘ ਜੀ ਹੈਬੀ ਇੰਡਸਟ੍ਰੀਜ਼, ਫਗਵਾੜਾ, ਸੰਤ ਭੁਮਣ ਸਿੰਘ ਜੀ ਮੈਸਰਜ਼ ਥੱਗਾ ਸਿੰਘ ਐਂਡ ਸੰਨਜ਼, ਲੁਧਿਆਣਾ, ਸੰਤ ਮਾਨ ਸਿੰਘ ਜੀ ਮੈਸਰਜ਼ ਮਾਨ ਸਿੰਘ ਐਂਡ ਸੰਨਜ਼, ਲੁਧਿਆਣਾ, ਸ: ਗੁਰਦਿਆਲ ਸਿੰਘ ਜੀ ਮੈਸਰਜ਼ ਮਨਕੂ ਇੰਟਰਪ੍ਰਾਈਜ਼ਜ਼, ਲੁਧਿਆਣਾ, ਸ: ਸਰਦਾਰਾ ਸਿੰਘ ਜੀ ਮੈਸਰਜ਼ ਉਦੇ ਨਿਟਵਿਅਰਜ਼, ਲੁਧਿਆਣਾ, ਸ: ਰਤਨ ਸਿੰਘ ਮੈਸਰਜ ਟੀ. ਆਰ. ਇੰਜੀ: ਵਰਕਸ਼, ਲੁਧਿਆਣਾ, ਸੰਤ ਚਰਨ ਸਿੰਘ ਜੀ ਮੈਸਰਜ਼ ਜਨਤਾ ਇੰਜੀ: ਵਰਕਸ, ਗਾਜ਼ੀਆਬਾਦ, ਸੰਤ ਨਰੈਣ ਸਿੰਘ ਜੀ ਤੇ ਉਹਨਾਂ ਦੇ ਸਾਹਿਬਜ਼ਾਦੇ ਮੈਸਰਜ਼ ਜਗਜੀਤ ਇੰਜੀ: ਵਰਕਸ ਗਾਜ਼ੀਆਬਾਦ-ਅਤੇ ਹੋਰ ਅਨੇਕਾਂ ਦਾਨੀਆਂ ਦਾ ਧੰਨਵਾਦ ਕਰਦਾ ਹਾਂ ਜੋ ਹਰ ਸਮੇਂ ਦਾਨ ਦੇਣ ਲਈ ਤਤਪਰ ਰਹਿੰਦੇ ਹਨ ਅਤੇ ਫਿਰ ਨਿਰੀਖਿਅਕ ਵੀ ਤੁਹਾਡੇ ਸਾਰਿਆਂ ਦਾ ਆਪਣਾ ਹੀ ਹੈ।

ਨਿਰੀਖਿਅਕ ਵਿਚਲਾ ਮੈਟਰ ਸਿਰਫ਼ ਪੰਜਾਬੀ ਹੀ ਨਹੀਂ ਬਲਕਿ ਅੰਗਰੇਜ਼ੀ ਵਿਚ ਵੀ ਹੁੰਦਾ ਹੈ ਜਿਸ ਨਾਲ ਸਾਨੂੰ ਆਪਣੇ ਇਤਿਹਾਸ ਦੇ ਅਣਛਪੇ ਪੰਨਿਆਂ ਨੂੰ ਸਾਹਮਣੇ ਲਿਆਉਣ ਵਿਚ ਕਾਫੀ ਮਦਦ ਮਿਲ ਰਹੀ ਹੈ। ਇਸ ਵਿਚ ਹਰ ਤਰ੍ਹਾਂ ਦੇ ਵਾਕਫੀ ਭਰਪੂਰ ਲੇਖ ਆਪ ਜੀ ਨੂੰ ਮਿਲਣਗੇ ਜਿਸ ਨੂੰ ਪੜ੍ਹ ਕੇ ਸਾਡੀ ਅਜ ਦੇ ਤੇ ਆ ਰਹੇ ਨੌਜਵਾਨਾਂ ਨੂੰ ਇਕ ਸੇਧ ਮਿਲਦੀ ਰਹੇਗੀ। ਸਾਡੇ ਪੰਥ ਦੇ ਪ੍ਰਚਾਰਕਾਂ, ਜਥੇਦਾਰਾਂ ਅਤੇ ਖੋਜੀਆਂ ਲਈ ਇਹ ਇਕ ਅਮੁਲਾ ਖਜ਼ਾਨਾ ਹੀ ਸਾਬਤ ਹੋਵੇਗਾ। ਮੇਰੀ ਇਹ ਸਭ ਪਾਠਕਾਂ ਅਗੇ ਇਕ ਅਪੀਲ ਵੀ ਹੈ ਕਿ ਉਹ ਆਪ ਪੜ੍ਹ ਕੇ ਇਸ ਨੂੰ ਹੋਰਨਾਂ ਤਾਈਂ ਪਹੁੰਚਾਉਣ ਤਾਂ ਜੋ ਅਜ ਦੇ ਇਸ ਸਮੇਂ ਵਿਚ ਜਦੋਂ ਕਿ ਹਰ ਪਾਸੇ ਝੂਠ ਦਾ ਬੋਲਬਾਲਾ ਹੈ, ਅਸਲੀਅਤ ਤੋਂ ਜਾਣੂ ਹੋਇਆ ਜਾ ਸਕੇ। ਨਿਰੀਖਿਅਕ ਲਈ ਇਹ ਵੀ ਇਕ ਸੇਵਾ ਹੀ ਹੋਵੇਗੀ ਤੇ ਗੁਣਕਾਰੀ ਵੀ।

—ਦਲੀਪ ਸਿੰਘ ਨਾਮਧਾਰੀ



Sri Satguru Jagjit Singh Ji Elibrary NamdhariElibrary@gmail.com



MEET YOUR LIFTING PROBLEMS

WITH
CHAIN PULLEY BLOCKS

QUICK LIFT

NATIONAL ENGINEER ENTERPRISES
E-25, FOCAL POINT, LUDHIANA-141010


Sri Satguru Jagjit Singh Ji Elibrary NamdhariElibrary@gmail.com

# JANTA

## HYDRAULIC PRESSES

- Known for trouble free service
- More out put with less cost
- Satisfaction guaranteed
- Easy to operate
- Simple to maintain


FOR GENERAL MOULDED RUBBER GOODS


DOWN STROKE HEAVY DUTY for Harrow Discs, Rim Plates & Brake Linings


FOR VULCANIZING OF CONVEYOR & TRANSMISSION BELTINGS


FOR STRAIGHTENING BENDING

JEW

**JANTA ENGINEERING WORKS**
G T. ROAD, P.O. MOHAN NAGAR
RAJINDER NAGAR, INDUSTRIAL AREA
GHAZIABAD (INDIA)
PHONE : 201286 (CONNECTED WITH DELHI)


Sri Satguru Jagjit Singh Ji Elibrary NamdhariElibrary@gmail.com

With best compliments from :

Phone : H. O. 5151

# Harbhajan Sarbjeet & Associates

CIVIL ENGINEERING CONTRACTORS

*H. O. 562/6, Ramgarh Colony, Kanpur Road,*
*LUCKNOW-5 (U. P.)*

*Branches* :

Bungalow No. 2
S. B. H. Officer Colony
Opp. Govt. Milk Scheme,
AURANGABAD (M. S.)
Phone : 3587

S. E. G. L. Project,
Central Railway
P. O. Karjat,
Distt. COLABA (M.S.)

UPPER PENGANGA PROJECT
Sakatpura
KOTA-8 (Rajsthan)
Phone : 3364

*Works in Hand* :

Construction of Paithan Righ
Bank Canal
Jayakwadi Project,
AURANGABAD (M. S.)
Costing Rs. 3-20 Crores

Construction of Central
Railaway Project
in between Karjat & Lonavala
(Bombay) NANDED (M. S.)
Costing Rs. 2-33 Crores

Excavation of Road Cuthing
for Thermal Power Station, KOTA
Costing Rs. 1-67 Crores

੧ਓ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

## ਭਾਰਤ ਵਿਚ ਸਭ ਤੋਂ ਵੱਧ ਵਿਕਣ ਵਾਲੇ ਬਿਸਕੁਟ

# ਅਸੋਕਾ ਬਿਸਕੁਟ

## ਤੇ ਵਧੀਆ ਸਵਾਦ ਲਈ

## *ASOKA BISCUIT*




ਦੁੱਧ, ਕਣਕ, ਖੰਡ ਅਤੇ ਗਲੂਕੋਜ਼ ਦੇ ਸਵਾਦ ਅਤੇ ਪੌਸ਼ਟਿਕ ਵਿਟਾਮਿਨਾਂ ਨਾਲ ਭਰਪੂਰ

## ਅਸੋਕਾ ਬਿਸਕੁਟ

☎ 565693
562588

# SRI HARI PARTAP TRADING CENTRE

**6/85, W. E. A. Karol Bagh, NEW DELHI-110005.**




**G.K.TOOLS [INDIA]**

East Mohan Nagar, Industrial Area Amritsar-143001

Sri Satguru Jagjit Singh Ji Elibrary NamdhariElibrary@gmail.com

With Best Compliments from :

**PLANNER**





***CENTRELESS GRINDER***

*Mfrs* :

- PLANNER MACHIES
- CENTRELESS GRINDER MACHINES
- DUPLEX GRINDER MACHINES
- BAR STRAIGHTENING MACHINES

# RIAT GRINDERS

**G. T. Road, Kalsi Nagar, LUDHIANA-141003.**

Phone : 23936

Sri Satguru Jagjit Singh Ji Elibrary NamdhariElibrary@gmail.com

*Once Purchased* *Ever Purchased*

**High Class Gun Manufacturer and Repair of**

**SINGLE BARREL OR DOUBLE BARREL 12 BORE GUNS**



**Best Quality of the Day is Our Motto**

In Need Contact us for Bargain with full Confidence.

# Free India Manufacturers

**Industrial Estate, Extension Area, JAMMU CANTT.**

Always Depend on

# Lyall Quality Tools

**Lyall Garrage & Hardware Tools**

At the Service of the Nation

**Havy Duty Socket Sets**

Are Available In

1/4", 3/8", 3/4" and 1" Square

Drive Complete with Attachments

Also LOOSE SOCKET Size In

**WW, MM & SAE**

( ENGLISH SIZE ) ( METRIC SIZE ) ( AMERICAN SIZE )

*Manufacturers & Suppliers :* Phone : 26040

**LYALL ENGINEERING WORKS (Regd.)**

Office : Gandhi Nagar, G. T. Road, LUDHIANA.

Factory : Daba Road, LUDHIANA.

*Sister Concern :*

**LYALL TOOLS (INDIA)**

Gandhi Nagar, G. T. Road, LUDHIANA.

Sri Satguru Jagjit Singh Ji Elibrary NamdhariElibrary@gmail.com

ਹਰ ਪ੍ਰਕਾਰ ਦੀ ਵਧੀਆ

ਦਿਆਰ, ਕੈਲ, ਚੀਲ ਅਤੇ ਪੜਤਲ ਆਦਿ

ਸ਼ਤੀਰੀਆਂ, ਬਾਲੇ ਜੋੜੀਆਂ, ਦਰਵਾਜ਼ੇ, ਬਾਰੀਆਂ ਆਦਿ

ਅਨੇਕ ਰੰਗਾਂ ਵਿਚ ਮਾਈਕਾ ਅਤੇ ਪਲਾਈਵੁੱਡ ਖਰੀਦਣ ਲਈ

ਦਰਸ਼ਨ ਦੇਵੋ ।



# M/s. Bagga Singh & Sons

**Best Quality of Timber**

Tember Merchants of Deodar, Kail, Cheel, Partal Mica and Plywood .Etc.

G. T. Road, Miller Ganj, LUDHIANA.

Phone : 25223


Sri Satguru Jagjit Singh Ji Elibrary NamdhariElibrary@gmail.com

GEMCO
PRODUCTS



PHONE:24097
RES.:25142

MFD.BY:- Gian Singh & Sons

SOLE SELLING AGENTS
MANKOO ENTERPRISES
96-R, INDUSTRIAL AREA-B, LUDHIANA-141003

Sri Satguru Jagjit Singh Ji Elibrary NamdhariElibrary@gmail.com

੧ੴ ਸਤਿਗੁਰ ਪ੍ਰਸਾਦਿ ॥

With best compliments from :

**Trade Oster® KNIT Mark**

**TOP IN FASHION CRAZE KNIT**

*Mfrs.* :

**Gents Pullovers, Ladies Cardigans, in Pure Wool & Summer Garments in Acryl Fabrics.**

Hello : Office 36349
Resi. 34305

# UDEY KNITWEARS

**Street No. 1, Jammu Colony, LUDHIANA-3**

*Stockists :*

M/s. Sarder House, Chaura Bazar, Ludhian
M/s. Guru Nanak Store, Chaura Bazar, Ludhiana
M/s. Luthra Hosiery Showroom, Fly Bazar Ludhiana
M/s. India Knit Showroom, Fly Bazar, Ludhiana
M/s. Weltex Hosiery Showroom, Ludhiana
M/s. Balram Hosiery Mills, Ludhiana
M/s. Chopra House, Amritsar
M/s. Jia Garments, New Delhi


Sri Satguru Jagjit Singh Ji Elibrary NamdhariElibrary@gmail.com




Sri Satguru Jagjit Singh Ji Elibrary NamdhariElibrary@gmail.com

R. No. 30775/78 March 1981


੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

: 269656
Phones : Office : 275938
Resi. : 213054

## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

[illegible], ਇਲਕਸ਼ਨ ਫੰਕਸ਼ਨ [illegible] ਤੇ ਗਰੰਟੀ [illegible] ਰੰਗਾਂ ਵਿਚ ਬਣੇ
ਟੁਕੜੀਦਾਰ ਪ੍ਰਿੰਟਡ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ ।

# ਨਾਮਧਾਰੀ ਏਜੰਸੀਜ਼

੨/੨੦੬੮ ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ
ਚਾਂਦਨੀ ਚੌਕ. ਦਿਲੀ-੧੧੦੦੦੬.

Manufacturers & Suppliers of :

**Tukridar Printed Shamianas & Kanats**
**For all kinds, in Attractive and Guaranteed Fast Colours**
**Woodden & Steel Furniture**

Please Contact :

# NAMDHARI AGENCIES

2/2068, Chah Andara, (Behind Jubilee Cinema)
**Chandni Chowk, DELHI-110006**


ਦਲੀਪ ਸਿੰਘ ਨਾਮਧਾਰੀ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਮਹਿੰਦਰਾ ਆਰਟ ਪ੍ਰੈਸ, ਕਚਹਿਰੀ ਰੋਡ; ਲੁਧਿਆਣਾ ਤੋਂ ਛਪਵਾ ਕੇ ਦਫਤਰ ਨਿਰੀਖਿਅਕ E-25, ਫੋਕਲ ਪੋਆਇੰਟ, ਲੁਧਿਆਣਾ-10 ਤੋਂ ਪ੍ਰਕਾਸ਼ਤ ਕੀਤਾ ।

Sri Satguru Jagjit Singh Ji Elibrary NamdhariElibrary@gmail.com